ਬੁੱਧਵਾਰ, 30 ਸਤੰਬਰ, 2026
14 ਅੱਸੂ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 120

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 30 SEPTEMBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਨੀਰੂ ਢਾਂਡਾ ਤੇ ਰਿਲੇਅ ਟੀਮ ਸੋਨਾ ਬਣ ਚਮਕੀਆਂ

## ਨੀਰੂ ਟ੍ਰੈਪ ਈਵੈਂਟ 'ਚ ਸੋਨ ਤਮਗਾ ਜਿੱਤਣ ਵਾਲੀ ਪਹਿਲੀ ਭਾਰਤੀ ਨਿਸ਼ਾਨੇਬਾਜ਼ ਬਣੀ, 4×400 ਵਿੱਚ ਵੀ ਮਹਿਲਾ ਰਿਲੇਅ ਟੀਮ ਨੇ ਕੀਤਾ ਕਮਾਲ

**ਨਾਗੋਆ (ਨਵਾਂ ਜ਼ਮਾਨਾ ਸਰਵਿਸ)**

ਭਾਰਤੀ ਮਹਿਲਾਵਾਂ ਨੇ ਏਸ਼ੀਆਈ ਖੇਡਾਂ ਦੇ 11ਵੇਂ ਦਿਨ ਮੰਗਲਵਾਰ ਟ੍ਰੈਪ ਸ਼ੂਟਿੰਗ ਈਵੈਂਟ ਅਤੇ 4×400 ਮੀਟਰ ਰਿਲੇਅ 'ਚ ਸੋਨ ਤਮਗੇ ਜਿੱਤ ਕੇ ਇਤਿਹਾਸ ਰਚ ਦਿੱਤਾ। ਰਿਲੇਅ ਟੀਮ ਨੇ ਪੂਰੀ ਤਰ੍ਹਾਂ ਚੈਂਪੀਅਨਾਂ ਵਾਂਗ ਦੌੜ ਲਗਾਈ ਤੇ ਕਿਰਨ, ਪੂਵੰਮਾ, ਪ੍ਰਾਚੀ ਅਤੇ ਵਿਥਿਆ ਅਧਾਰਤ ਟੀਮ ਫਾਈਨਲ ਵਿੱਚ ਪਹਿਲੇ ਸਥਾਨ 'ਤੇ ਰਹੀ। ਇਸ ਤਰ੍ਹਾਂ ਉਨ੍ਹਾਂ ਨੇ ਏਸ਼ੀਆਈ ਖੇਡਾਂ 2026 ਵਿੱਚ 3:29.69 ਦੇ ਸਮੇਂ ਨਾਲ ਭਾਰਤ ਲਈ ਪਹਿਲਾ ਐਥਲੈਟਿਕਸ 'ਚ ਸੋਨ ਤਮਗਾ ਜਿੱਤਿਆ ਹੈ। ਇਤਿਹਾਸਕ ਸੋਨ ਤਮਗਾ ਜਿੱਤਣ ਤੋਂ ਦਸ ਦਿਨ ਪਹਿਲਾਂ ਨੀਰੂ ਢਾਂਡਾ ਹਸਪਤਾਲ ਦੇ ਬਿਸਤਰੇ 'ਤੇ ਸੀ, ਏਨੀ ਬਿਮਾਰ ਸੀ ਕਿ ਚਿੰਤਾ ਸੀ ਕਿ ਉਹ ਨਾਗੋਆ ਪਹੁੰਚ ਸਕੇਗੀ ਜਾਂ ਨਹੀਂ। ਉਸ ਨੇ ਸਾਢੇ ਤਿੰਨ ਹਫਤਿਆਂ ਤੋਂ ਸਿਖਲਾਈ ਨਹੀਂ ਲਈ ਸੀ। ਨਵੀਂ ਦਿੱਲੀ ਵਿੱਚ ਰਾਸ਼ਟਰੀ ਕੈਂਪ ਦੌਰਾਨ ਉਸ ਨੇ ਆਪਣਾ ਜ਼ਿਆਦਾਤਰ ਸਮਾਂ ਆਪਣੇ ਕਮਰੇ ਵਿੱਚ ਹੀ ਬਿਤਾਇਆ। ਪੰਜ ਦਿਨਾਂ ਤੱਕ ਉਸ ਨੇ ਕੁਝ ਨਹੀਂ ਖਾਧਾ, ਸਿਰਫ ਪਾਣੀ 'ਤੇ ਹੀ ਗੁਜ਼ਾਰਾ ਕੀਤਾ। ਜਦੋਂ ਉਹ ਏਸ਼ੀਆਈ ਖੇਡਾਂ ਲਈ ਜਾਪਾਨ ਪਹੁੰਚੀ, 26 ਸਾਲਾ ਨਿਸ਼ਾਨੇਬਾਜ਼ ਨੂੰ ਉਸ ਮੁਕਾਬਲੇ ਲਈ ਤਿਆਰੀ ਕਰਨ ਦਾ ਮੌਕਾ ਹੀ ਨਹੀਂ ਮਿਲਿਆ ਸੀ, ਜਿਸ ਨੇ ਉਸ ਦੇ ਕੈਰੀਅਰ ਨੂੰ ਪਰਿਭਾਸ਼ਿਤ ਕਰਨਾ ਸੀ। ਫਿਰ ਵੀ ਮੰਗਲਵਾਰ ਯੂਰੇਨੋਚੋ ਦੀ ਸ਼ੂਟਿੰਗ ਰੇਂਜ ਵਿੱਚ ਉਸ ਨੇ ਉਹ ਕਰ ਦਿਖਾਇਆ, ਜੋ ਪਹਿਲਾਂ ਕਿਸੇ ਭਾਰਤੀ ਮਹਿਲਾ ਨੇ ਨਹੀਂ ਕੀਤਾ ਸੀ। ਉਸ ਨੇ ਫਾਈਨਲ ਵਿੱਚ 30 ਵਿੱਚੋਂ 28 ਨਿਸ਼ਾਨੇ ਲਾ ਕੇ ਏਸ਼ੀਆਈ ਖੇਡਾਂ ਦਾ ਰਿਕਾਰਡ ਬਣਾਇਆ ਅਤੇ ਚੀਨ ਦੀ ਸੁਨ ਯੂਨੋਂਗ ਤੋਂ ਅੱਗੇ ਰਹੀ, ਜਿਸ ਨੇ 26 ਹਿੱਟਾਂ ਨਾਲ ਚਾਂਦੀ ਦਾ ਤਮਗਾ ਜਿੱਤਿਆ।

ਢਾਂਡਾ ਦੀ ਜਿੱਤ ਦੀ ਮਹੱਤਤਾ ਭਾਰਤ ਦੀ ਤਮਗਾ ਸੂਚੀ ਤੋਂ ਕਿਤੇ ਵੱਧ ਹੈ। ਕਿਸੇ ਭਾਰਤੀ ਮਹਿਲਾ ਨੇ ਨਾ ਸਿਰਫ ਪਹਿਲੀ ਵਾਰ ਏਸ਼ੀਆਈ ਖੇਡਾਂ ਵਿੱਚ ਇਹ ਖਿਤਾਬ ਜਿੱਤਿਆ, ਸਗੋਂ ਇਸ ਨਾਲ ਦੇਸ਼ ਲਈ ਇਸ ਮੁਕਾਬਲੇ ਦਾ ਸੋਨ ਤਮਗਾ ਜਿੱਤਣ ਦੀ ਦਹਾਕਿਆਂ ਦੀ ਉਡੀਕ ਦਾ ਵੀ ਅੰਤ ਹੋਇਆ। ਟ੍ਰੈਪ ਸੋਨ ਤਮਗਾ ਜਿੱਤਣ ਵਾਲੇ ਆਖਰੀ ਭਾਰਤੀ ਰਣਧੀਰ ਸਿੰਘ ਸਨ, ਜਿਨ੍ਹਾ 1978 ਵਿੱਚ ਜਿੱਤਿਆ ਸੀ। ਪਿਛਲੇ 30 ਸਾਲਾਂ ਵਿੱਚ ਚੀਨ ਅਤੇ ਕੁਵੈਤ ਦਾ ਇਸ ਮੁਕਾਬਲੇ ਵਿੱਚ ਦਬਦਬਾ ਰਿਹਾ। 1990 ਵਿੱਚ ਏਸ਼ੀਆਈ ਖੇਡਾਂ ਵਿੱਚ ਸ਼ੁਰੂ ਕੀਤੇ ਗਏ ਮਹਿਲਾ ਮੁਕਾਬਲੇ ਵਿੱਚ, ਚੀਨ ਨੇ 2010 ਨੂੰ ਛੱਡ ਕੇ ਹਰ ਵਾਰ ਸੋਨ ਤਮਗਾ ਜਿੱਤਿਆ, ਜਦੋਂ ਜਾਪਾਨ ਦੀ ਯੂਕੀ ਨਾਕਾਯਾਮਾ ਨੇ ਖਿਤਾਬ ਜਿੱਤਿਆ




ਸੀ। ਨੀਰੂ ਦੇ ਕੋਚ, ਅਰਜੁਨ ਪੁਰਸਕਾਰ ਜੇਤੂ ਮਨਸ਼ੇਰ ਸਿੰਘ, ਬਿਮਾਰੀ ਦੌਰਾਨ ਅਤੇ ਜਾਪਾਨ ਵਿੱਚ ਉਸਦੇ ਠਹਿਰਨ ਦੌਰਾਨ ਉਸਨੂੰ ਫੋਨ ਕਰਦੇ ਰਹੇ, ਇਹ ਯਕੀਨੀ ਬਣਾਉਂਦੇ ਰਹੇ ਕਿ ਉਹ ਬੈਲੈਂਸ ਰਹੇ। ਨੀਰੂ ਨੇ ਦੱਸਿਆ, 'ਸਰ ਹਰ ਰੋਜ਼, ਮੈਨੂੰ ਪ੍ਰੇਰਿਤ ਕਰਦੇ ਰਹਿੰਦੇ ਸਨ, ਕਹਿੰਦੇ ਸਨ, ਕੁਝ ਨਹੀਂ ਹੁੰਦਾ, ਭਾਵੇਂ ਤੂੰ ਚਾਰ-ਪੰਜ ਦਿਨ ਸਿਖਲਾਈ ਨਹੀਂ ਵੀ ਲਈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਤੂੰ ਸੁਪਰ ਹੈਂ, ਅਤੇ ਤੂੰ ਸਟਾਰ ਬਣੇਂਗੀ।'

ਨੀਰੂ ਢਾਂਡਾ ਦਾ ਸਿਖਰ ਤੱਕ ਦਾ ਸਫਰ ਜੀਂਦ ਵਿੱਚ ਸ਼ੁਰੂ ਹੋਇਆ ਸੀ, ਜਦੋਂ ਉਸ ਨੇ ਆਪਣੇ ਚਚੇਰੇ ਭਰਾ ਅਤੇ ਸ਼ਾਟਗਨ ਨਿਸ਼ਾਨੇਬਾਜ਼ ਲਕਸ਼ਿਆ ਸ਼ਿਓਰਾਨ ਨੂੰ 2018 ਦੀਆਂ ਏਸ਼ੀਆਈ ਖੇਡਾਂ ਵਿੱਚ ਟ੍ਰੈਪ ਈਵੈਂਟ ਵਿੱਚ ਚਾਂਦੀ ਦਾ ਤਮਗਾ ਜਿੱਤਦਿਆਂ ਦੇਖਿਆ ਸੀ। ਸ਼ਿਓਰਾਨ ਦੇ ਮਾਪਿਆਂ ਨੇ ਉਸ ਨੂੰ ਇਸ ਖੇਡ ਨਾਲ ਜਾਣੂ ਕਰਵਾਇਆ ਅਤੇ ਪੰਜ ਸਾਲ ਪਹਿਲਾਂ ਉਹ ਮੱਧ ਪ੍ਰਦੇਸ਼ ਰਾਜ ਸ਼ੂਟਿੰਗ ਅਕੈਡਮੀ ਵਿੱਚ ਸਿਖਲਾਈ ਲੈਣ ਲਈ ਭੋਪਾਲ ਚਲੀ ਗਈ, ਜਿੱਥੇ ਉਪਕਰਣਾਂ ਤੱਕ ਪਹੁੰਚ ਅਤੇ ਢਾਂਚਾਗਤ ਕੋਚਿੰਗ ਨੇ ਉਸਨੂੰ ਵਿਕਸਤ ਹੋਣ ਵਿੱਚ ਸਹਾਇਤਾ ਕੀਤੀ।

### ਅਥਲੀਟ ਗੁਲਵੀਰ ਨੇ ਲਾਈ ਤਮਗਿਆਂ ਦੀ ਹੈਟ੍ਰਿਕ

ਅਥਲੀਟ ਗੁਲਵੀਰ ਸਿੰਘ ਨੇ 5000 ਮੀਟਰ ਦੌੜ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ ਏਸ਼ਿਆਈ ਖੇਡਾਂ ਵਿੱਚ ਤਗਮਿਆਂ ਦੀ ਹੈਟ੍ਰਿਕ ਮੁਕੰਮਲ ਕਰ ਲਈ ਹੈ। ਉਸ ਨੇ 13 ਮਿੰਟ 42.75 ਸਕਿੰਟ ਵਿੱਚ ਦੌੜ ਪੂਰੀ ਕੀਤੀ। ਉਹ ਏਸ਼ਿਆਈ ਖੇਡਾਂ ਵਿੱਚ ਤਿੰਨ ਤਮਗੇ ਜਿੱਤਣ ਵਾਲੇ ਭਾਰਤ ਦੇ ਪਹਿਲੇ ਪੁਰਸ਼ ਦੌੜਾਕ ਬਣ ਗਏ ਹਨ। ਇਸ ਤੋਂ ਪਹਿਲਾਂ ਗੁਲਵੀਰ 10 ਹਜ਼ਾਰ ਮੀਟਰ ਅਤੇ 1500 ਮੀਟਰ ਦੌੜ ਵਿੱਚ ਚਾਂਦੀ ਦੇ ਤਮਗੇ ਜਿੱਤ ਚੁੱਕੇ ਹਨ।






## ਬੀਬੀ ਦਰਸ਼ਨ ਕੌਰ ਨਮਿਤ ਅੰਤਮ ਅਰਦਾਸ ਅੱਜ



**ਮੋਗਾ :** ਸਿਹਤ ਮੁਲਾਜ਼ਮਾਂ ਦੇ ਸਾਬਕਾ ਆਗੂ ਅਮਰਜੀਤ ਸਿੰਘ ਮੋਗਾ ਅਤੇ ਉਹਨਾ ਦੇ ਭਰਾ ਬਲਦੇਵ ਸਿੰਘ ਵੱਲੋਂ ਆਪਣੀ ਭੈਣ ਦਰਸ਼ਨ ਕੌਰ ਦੀ ਯਾਦ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਮੋਗਾ ਜ਼ਿਲ੍ਹਾ ਇਕਾਈ ਨੂੰ 25000 ਰੁਪਏ ਦੀ ਮਦਦ ਦਿੱਤੀ ਹੈ।ਜ਼ਿਕਰਯੋਗ ਹੈ ਕਿ ਭੈਣ ਜੀ ਕੁਝ ਹਫਤੇ ਪਹਿਲਾਂ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ ਅਤੇ ਫਰੀਦਕੋਟ ਮੈਡੀਕਲ ਕਾਲਜ ਵਿਖੇ ਜ਼ੇਰੇ ਇਲਾਜ ਸਨ। ਕੁਝ ਦਿਨ ਪਹਿਲਾਂ ਇਲਾਜ ਦੌਰਾਨ ਉਹਨਾ ਦੀ ਮੌਤ ਹੋ ਗਈ ਸੀ। ਉਹਨਾ ਸਿੱਖਿਆ ਵਿਭਾਗ ਵਿੱਚ 1972 ਪਿੰਡ ਚੰਦ ਨਵਾਂ ਦੇ ਸਰਕਾਰੀ ਸਕੂਲ ਤੋਂ ਸੇਵਾਵਾਂ ਸ਼ੁਰੂ ਕੀਤੀਆਂ। ਬਾਅਦ ਵਿੱਚ ਇਸੇ ਸਕੂਲ ਤੋਂ ਬਤੌਰ ਮੁੱਖ ਅਧਿਆਪਕਾ ਰਿਟਾਇਰ ਹੋਏ।ਉਹਨਾ ਦੀ ਅੰਤਮ ਅਰਦਾਸ 30 ਸਤੰਬਰ ਨੂੰ ਗੁਰਦੁਆਰਾ ਗੁਰੂਸਰ ਬੁੱਕਣਵਾਲਾ ਰੋਡ ਮੋਗਾ ਵਿਖੇ ਹੋਵੇਗੀ। ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ ਤੇ ਸਹਾਇਕ ਸਕੱਤਰ ਡਾਕਟਰ ਇੰਦਰਵੀਰ ਗਿੱਲ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਜ਼ਿਲ੍ਹਾ ਪਾਰਟੀ ਦੀ ਸਹਾਇਤਾ ਲਈ ਵਿਸ਼ੇਸ਼ ਧੰਨਵਾਦ ਕੀਤਾ।

## ਗੁਰੂ ਘਰ 'ਚ ਦਾਖ਼ਲ ਹੋ ਕੇ ਸੇਵਾਦਾਰ ਨੂੰ ਮਾਰੀ ਗੋਲੀ

**ਸੰਗਰੂਰ :** ਇੱਥੋਂ ਨੇੜਲੇ ਪਿੰਡ ਬਡਰੁੱਖਾਂ ਵਿਖੇ ਸੋਮਵਾਰ ਅੱਧੀ ਰਾਤ ਕਾਰ ਸਵਾਰ ਅਣਪਛਾਤੇ ਵਿਅਕਤੀ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਯਾਦ 'ਚ ਬਣੇ ਗੁਰਦੁਆਰਾ ਸਾਹਿਬ ਵਿੱਚ ਕੰਧ ਟੱਪ ਕੇ ਦਾਖ਼ਲ ਹੋਏ ਤੇ ਸੇਵਾਦਾਰ ਨੂੰ ਗੋਲੀ ਮਾਰ ਦਿੱਤੀ, ਜਦੋਂ ਕਿ ਇੱਕ ਹੋਰ ਸੇਵਾਦਾਰ ਦੀ ਕੁੱਟਮਾਰ ਕੀਤੀ। ਜ਼ਖ਼ਮੀ ਸੇਵਾਦਾਰ ਨੂੰ ਪਟਿਆਲਾ ਰੈਫ਼ਰ ਕਰਨਾ ਪਿਆ। ਹਮਲਾਵਰਾਂ ਨੇ ਪਹਿਲਾਂ ਲੰਗਰ ਹਾਲ 'ਚ ਸੁੱਤੇ ਪਏ ਸੇਵਾਦਾਰ ਅਜੈਬ ਸਿੰਘ ਨੂੰ ਦਬੋਚ ਲਿਆ ਤੇ ਕੱਪੜੇ ਨਾਲ ਮੂੰਹ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਰੌਲਾ ਪੈਣ 'ਤੇ ਅੰਦਰਲੇ ਕਮਰੇ ਵਿੱਚ ਸੁੱਤਾ ਸੇਵਾਦਾਰ ਜਸਵੰਤ ਸਿੰਘ ਜਿਉਂ ਹੀ ਬਾਹਰ ਆਇਆ ਤਾਂ ਉਸ ਨੂੰ ਗੋਲੀ ਮਾਰ ਦਿੱਤੀ।

## ਗਿਆਨੇਸ਼ ਨੂੰ ਬਰਖਾਸਤ ਕਰਕੇ ਦੇਸ਼ ਧ੍ਰੋਹ ਦਾ ਮੁਕੱਦਮਾ ਚਲਾਇਆ ਜਾਵੇ : ਅਰਸ਼ੀ

**ਮਾਨਸਾ (ਆਤਮਾ ਸਿੰਘ ਪਮਾਰ)**

ਮੋਦੀ ਸਰਕਾਰ ਦੇ ਇਸ਼ਾਰੇ 'ਤੇ ਭਾਰਤੀ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਅਗਵਾਈ ਹੇਠ ਗੈਰ-ਕਾਨੂੰਨੀ ਵੋਟ ਚੋਰੀ ਤੇ ਐੱਸ ਆਈ ਆਰ ਤਹਿਤ ਕਰੋੜਾਂ ਵੋਟਰਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਇਸ ਸੰਬੰਧੀ ਖੱਬੀਆਂ ਪਾਰਟੀਆਂ ਦੇ ਸੱਦੇ 'ਤੇ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸੀ ਪੀ ਆਈ ਵਰਕਰਾਂ ਵੱਲੋਂ ਇਕੱਤਰਤਾ ਤੇ ਰੋਸ ਪ੍ਰਦਰਸਨ ਦੌਰਾਨ ਮੁੱਖ ਚੋਣ ਕਮਿਸ਼ਨਰ ਨੂੰ ਅਹੁਦੇ ਤੋਂ ਬਰਖ਼ਾਸਤ ਕਰਕੇ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਦੀ ਮੰਗ ਨੂੰ ਲੈ ਕੇ ਅਰਥੀ ਫੂਕੀ ਗਈ।

ਰੋਸ ਪ੍ਰਦਰਸ਼ਨ ਦੌਰਾਨ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਹਰ ਨਾਗਰਿਕ




ਨੂੰ ਲੋਕਤੰਤਰ 'ਚ ਵੋਟ ਦਾ ਅਧਿਕਾਰ ਸੰਵਿਧਾਨ ਤਹਿਤ ਮਿਲਿਆ ਹੋਇਆ ਹੈ, ਪ੍ਰੰਤੂ ਮੁੱਖ ਚੋਣ ਕਮਿਸ਼ਨਰ ਵੱਲੋਂ ਬਹੁਤ ਗੰਭੀਰ ਤੇ ਸੰਵਿਧਾਨ ਵਿਰੋਧੀ ਕਾਰਵਾਈ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਕੀਤੀ ਗਈ ਹੈ। ਇਸ ਕੋਝੀ ਹਰਕਤ ਲਈ ਚੋਣ ਪ੍ਰਕਿਰਿਆ 'ਚ ਪਾਰਦਰਸ਼ਤਾ, ਨਿਰਪੱਖਤਾ ਤੇ ਵੋਟਰਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਕੇਂਦਰ ਸਰਕਾਰ ਫੌਰੀ ਤੌਰ 'ਤੇ ਮੁੱਖ ਚੋਣ ਕਮਿਸ਼ਨਰ ਨੂੰ ਅਹੁਦੇ ਤੋਂ ਫਾਰਗ ਕਰਕੇ ਦੇਸ਼ ਧ੍ਰੋਹ ਦਾ ਮੁਕੱਦਮਾ ਦਰ ਕਰੇ।

ਇਸ ਮੌਕੇ ਸੀ ਪੀ ਆਈ ਦੇ ਕੌਮੀ ਆਗੂ ਨਰਿੰਦਰ ਸੋਹਲ ਤੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ

• ਬਾਕੀ ਸਫਾ 2 'ਤੇ

## ਨੰਦੀਗ੍ਰਾਮ 'ਚ ਸ਼ਾਂਤੀ ਗੋਪਾਲ ਗਿਰੀ 'ਤੇ ਹਮਲੇ ਦੀ ਸੀ ਪੀ ਆਈ ਵੱਲੋਂ ਪੁਰਜ਼ੋਰ ਨਿਖੇਧੀ

**ਲੁਧਿਆਣਾ (ਐਮ ਐਸ ਭਾਟੀਆ)**

ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੇ ਰਾਸ਼ਟਰੀ ਸਕੱਤਰੇਤ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਪਾਰਟੀ ਨੰਦੀਗ੍ਰਾਮ ਉਪ-ਚੋਣ ਵਿੱਚ ਖੱਬੇ ਮੋਰਚੇ ਦਾ ਸਮਰਥਨ ਪ੍ਰਾਪਤ ਸੀ.ਪੀ.ਆਈ. ਉਮੀਦਵਾਰ ਸਾਥੀ ਸ਼ਾਂਤੀ ਗੋਪਾਲ ਗਿਰੀ 'ਤੇ ਹੋਏ ਬੇਰਹਿਮ ਹਮਲੇ ਦੀ ਪੁਰਜ਼ੋਰ ਨਿਖੇਧੀ ਕਰਦੀ ਹੈ। ਇਹ ਹਮਲਾ ਪੱਛਮੀ ਬੰਗਾਲ ਵਿੱਚ ਭਾਜਪਾ ਅਤੇ ਸੁਵੇਂਦੂ ਅਧਿਕਾਰੀ ਦੇ ਰਾਜ ਹੇਠ ਫੈਲੀ ਗੁੰਡਾਗਰਦੀ, ਧਮਕੀਆਂ ਅਤੇ ਗੈਰ-ਜਮਹੂਰੀ ਰਵਾਇਤਾਂ ਦੇ ਪੱਧਰ ਨੂੰ ਬੇਨਕਾਬ ਕਰਦਾ ਹੈ। ਜਨਾਦੇਸ਼ ਰਾਜਨੀਤਿਕ ਹਿੰ ਸਾ

• ਬਾਕੀ ਸਫਾ 2 'ਤੇ

## ਲੋਕਤੰਤਰ ਤੇ ਸੰਵਿਧਾਨ ਦੀ ਰੱਖਿਆ ਕਾਂਗਰਸ ਦੀ ਇਤਿਹਾਸਕ ਜ਼ਿੰਮੇਵਾਰੀ : ਖੜਗੇ

**ਨਵੀਂ ਦਿੱਲੀ :** ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਅਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕਾਰੁਜਨ ਖੜਗੇ ਨੇ ਮੰਗਲਵਾਰ ਨੂੰ ਨਵੀਂ ਦਿੱਲੀ ਵਿੱਚ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਦੌਰਾਨ ਨਰਿੰਦਰ ਮੋਦੀ ਸਰਕਾਰ 'ਤੇ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰਨ ਅਤੇ ਵੋਟਰ ਸੂਚੀਆਂ ਵਿੱਚ ਬੇਨਿਯਮੀਆਂ ਦਾ ਦੋਸ਼ ਲਗਾਇਆ, ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਹਟਾਉਣ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫ਼ੇ ਦੀ ਮੰਗ ਕੀਤੀ। ਕਾਂਗਰਸ ਵਰਕਿੰਗ ਕਮੇਟੀ ਨੂੰ ਸੰਬੋਧਨ ਕਰਦੇ ਹੋਏ ਖੜਗੇ ਨੇ ਕਿਹਾ ਕਿ ਪਾਰਟੀ ਨੂੰ ਇੱਕ ਵਾਰ ਫਿਰ ਲੋਕਤੰਤਰ ਅਤੇ ਸੰਵਿਧਾਨ ਦੀ ਰੱਖਿਆ ਲਈ ਇੱਕ ਇਤਿਹਾਸਕ ਜ਼ਿੰਮੇਵਾਰੀ ਸੌਂਪੀ ਗਈ ਹੈ, ਜੋ ਕਿ ਆਜ਼ਾਦੀ ਸੰਗਰਾਮ ਦੌਰਾਨ ਕਾਂਗਰਸ ਦੀ ਭੂਮਿਕਾ ਦੇ ਸਮਾਨ ਹੈ। ਉਨ੍ਹਾ ਕਿਹਾ, 'ਇੱਕ ਵਾਰ ਫਿਰ, ਕਾਂਗਰਸ ਦੇ ਮੋਢਿਆਂ 'ਤੇ ਇੱਕ ਇਤਿਹਾਸਕ ਜ਼ਿੰਮੇਵਾਰੀ ਆ ਗਈ ਹੈ, ਜਿਵੇਂ ਕਿ ਇਸ ਨੇ ਬ੍ਰਿਟਿਸ਼ ਸ਼ਾਸਨ ਦੌਰਾਨ ਨਿਭਾਈ ਸੀ, ਇਹ ਜ਼ਿੰਮੇਵਾਰੀ ਹੈ ਭਾਰਤ ਦੇ ਲੋਕਤੰਤਰ ਅਤੇ ਸੰਵਿਧਾਨ ਦੀ ਰੱਖਿਆ ਕਰਨਾ। ਖੜਗੇ ਨੇ ਦੋਸ਼ ਲਗਾਇਆ ਕਿ ਦੇਸ਼ ਦੇ ਸੰਸਥਾਪਕ ਨੇਤਾਵਾਂ ਦੁਆਰਾ ਬਣਾਈਆਂ ਗਈਆਂ ਸੰਸਥਾਵਾਂ ਨੂੰ ਪਿਛਲੇ 12 ਸਾਲਾਂ

• ਬਾਕੀ ਸਫਾ 2 'ਤੇ

## 'ਨਵਾਂ ਜ਼ਮਾਨਾ' 'ਚ ਭਗਤ ਸਿੰਘ ਦਾ ਜਨਮ ਦਿਨ ਮਨਾਇਆ



**ਜਲੰਧਰ :** ਆਜ਼ਾਦੀ ਸੰਗਰਾਮ ਦੇ ਕੌਮੀ ਸ਼ਹੀਦ, ਨੌਜਵਾਨਾਂ ਦੇ ਰਾਹ-ਦਸੇਰਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ ਅਦਾਰਾ 'ਨਵਾਂ ਜ਼ਮਾਨਾ' ਵੱਲੋਂ ਮਨਾਇਆ ਗਿਆ।ਇਸ ਮੌਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਮੈਨੇਜਰ ਗੁਰਮੀਤ ਵੱਲੋਂ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਮਾੜੀਮੇਘਾ ਨੇ ਸ਼ਹੀਦ ਭਗਤ ਸਿੰਘ ਦੀ ਜੀਵਨੀ, ਸੰਘਰਸ਼, ਦੇਸ਼ ਅਤੇ ਸਮਾਜ ਪ੍ਰਤੀ ਉਨ੍ਹਾ ਦੀ ਸੋਚ ਅਤੇ ਕੁਰਬਾਨੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।ਉਨ੍ਹਾ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਛੋਟੀ ਉਮਰ ਵਿੱਚ ਹੀ ਦੇਸ਼ ਦੀ ਆਜ਼ਾਦੀ ਅਤੇ ਲੋਕਾਂ ਦੇ ਹੱਕਾਂ ਲਈ ਸੰਘਰਸ਼ ਦਾ ਰਾਹ

• ਬਾਕੀ ਸਫਾ 2 'ਤੇ

## ਸਿਰਸਾ ਤੇ ਗੌੜ ਨੂੰ ਵਧਾਈ

**ਜਲੰਧਰ :** ਕਮਿਊਨਿਸਟਾਂ ਤੇ ਅਗਾਂਹਵਧੂ ਧਿਰਾਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸੈਨੇਟ ਦੀਆਂ ਚੋਣਾਂ ਵਿੱਚ ਸੀ ਪੀ ਆਈ ਦੇ ਪ੍ਰਮੁੱਖ ਚਿੰਤਕ ਡਾ. ਸੁਖਦੇਵ ਸਿੰਘ ਸਿਰਸਾ ਅਤੇ ਬੈਂਕ ਮੁਲਾਜ਼ਮਾਂ ਦੇ ਆਗੂ ਨਰੇਸ਼ ਗੌੜ ਸੈਨੇਟ ਮੈਂਬਰ ਚੁਣੇ ਗਏ ਹਨ। ਦੋਹਾਂ ਨੂੰ ਮੁਬਾਰਕਬਾਦ ਦਿੰਦਿਆਂ ਹੋਇਆਂ 'ਨਵਾਂ ਜ਼ਮਾਨਾ' ਨੂੰ ਚਲਾਉਣ ਵਾਲੀ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਪ੍ਰਧਾਨ ਰਛਪਾਲ ਸਿੰਘ ਬੜਾਪਿੰਡ ਅਤੇ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਕਮਿਊਨਿਸਟਾਂ ਦਾ ਬੁੱਧੀਜੀਵੀ, ਲੇਖਕਾਂ ਅਤੇ ਚਿੰਤਕਾਂ ਵਿੱਚ ਚੰਗਾ ਬੋਲਬਾਲਾ ਹੈ, ਇਹ ਖੁਸ਼ੀ ਵਾਲੀ ਗੱਲ ਹੈ।

## ਬਲਤੇਜ ਪੰਨੂ ਨੇ ਧਾਮੀ ਅੱਗੇ ਲਾਈ ਸਵਾਲਾਂ ਦੀ ਝੜੀ



**ਚੰਡੀਗੜ੍ਹ (ਗੁਰਜੀਤ ਬਿੱਲਾ)-** ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਮੰਗਲਵਾਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੇ ਨਾਲ-ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਐੱਸ ਜੀ ਪੀ ਸੀ ਦੀ ਸਰਾਂ ਵਿੱਚ ਰਹਿਣ ਵਾਲੀ ਬਹਿਰੀਨ ਦੀ ਇੱਕ ਔਰਤ ਵੱਲੋਂ ਲਾਏ ਗਏ ਦੋਸ਼ਾਂ ਬਾਰੇ ਲਗਾਤਾਰ ਚੁੱਪ 'ਤੇ ਸਵਾਲ ਚੁੱਕੇ ਹਨ। ਬਲਤੇਜ ਪੰਨੂ ਨੇ ਕਿਹਾ ਕਿ ਉਹ ਇਸ ਮਾਮਲੇ 'ਤੇ ਪਹਿਲਾਂ ਹੀ ਲਗਭਗ ਚਾਰ ਪ੍ਰੈੱਸ ਕਾਨਫਰੰਸਾਂ ਕਰ ਚੁੱਕੇ ਹਨ, ਪਰ ਸਿੱਖ ਸੰਗਤ ਵੱਲੋਂ ਚੁੱਕੇ ਗਏ ਸਵਾਲਾਂ ਦਾ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ। ਪੰਨੂ ਨੇ ਕਿਹਾ, 'ਹਰਸਿਮਰਤ ਕੌਰ ਬਾਦਲ ਔਰਤਾਂ ਦੇ ਮੁੱਦਿਆਂ 'ਤੇ ਪ੍ਰੋਗਰਾਮਾਂ ਅਤੇ

• ਬਾਕੀ ਸਫਾ 2 'ਤੇ

## ਰੂਪ ਕੌਰ ਨੂੰ ਅਕਾਲੀ ਦਲ 'ਚੋਂ ਕੱਢਿਆ

**ਚੰਡੀਗੜ੍ਹ :** ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਦੀ ਸੰਯੁਕਤ ਸਕੱਤਰ ਰੂਪ ਕੌਰ ਸੰਧੂ ਨੂੰ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਲਾਂਭੇ ਕਰ ਦਿੱਤਾ ਹੈ। ਇਹ ਕਾਰਵਾਈ ਰੂਪ ਕੌਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਨਾਲ ਜੁੜੇ ਮਾਮਲੇ ਵਰਗੇ ਹੋਰ ਵੀ ਕਈ ਮਾਮਲਿਆਂ ਦਾ ਪਰਦਾਫਾਸ਼ ਕਰਨ ਦੇ ਕੀਤੇ ਦਾਅਵੇ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਰੂਪ ਕੌਰ ਨੇ 19 ਸਤੰਬਰ ਨੂੰ ਬਹਿਰੀਨ ਤੋਂ ਆਈ ਔਰਤ ਨੂੰ ਕੈਮਰੇ ਸਾਹਮਣੇ ਲਿਆ ਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸਰਾਂ ਵਿੱਚ ਹੋਈ ਘਟਨਾ ਸੰਬੰਧੀ ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ ਦਰਜ ਐੱਫ ਆਈ ਆਰ ਵਿੱਚ ਲਗਾਏ ਗਏ ਦੋਸ਼ਾਂ ਨੂੰ ਦੁਹਰਾਇਆ ਸੀ।

## ਅੱਜ-ਨਾਮਾ

ਤੀਜਾ, ਚੌਥਾ ਜਾਂ ਪੰਜਵਾਂ ਬੱਸ ਗੇੜ ਆਖੋ,
ਈ ਡੀ ਰਹਿੰਦੀ ਪੰਜਾਬ ਵੱਲ ਚੜ੍ਹੀ ਬੇਲੀ।
ਗਮਾਡਾ, ਗਲਾਡਾ ਅਦਾਰੇ ਜਾਂ ਹੋਰ ਕੋਈ,
ਹੋਵੇ ਰੋਜ਼ ਹੀ ਦਫਤਰ ਕਿਸੇ ਵੜੀ ਬੇਲੀ।
ਅੰਦਰ ਜਾਂਦੀ ਤਾਂ ਪਤਾ ਨਹੀਂ ਕਦੋਂ ਆਊ,
ਬਾਹਰਲੇ ਲੋਕ ਬੈਠੇ ਵਿੰਹਦੇ ਘੜੀ ਬੇਲੀ।
ਪਰਸੋਂ ਮੁੜੀ ਜੇ ਮਸਾਂ ਉਹ ਇੱਕ ਥਾਂ ਤੋਂ,
ਕੱਲ੍ਹ ਦੀ ਘਰ ਦੂਜੇ ਦਿੱਸਦੀ ਖੜੀ ਬੇਲੀ।
ਚੋਣ ਪ੍ਰਚਾਰ ਦੀ ਜਿੱਦਾਂ ਹੈ ਟੀਮ ਲੱਗਦੀ,
ਜਾਂਦੀ ਮਨ ਦਾ ਆਇਆ ਹੈ ਕਹੀ ਬੇਲੀ।
ਕੋਈ ਵੀ ਸੋਚ ਲਏ, ਕੀ ਹੈ ਨਾਂਅ ਦੇਣਾ,
ਜਾਂਚ ਏਜੰਸੀ ਤੇ ਇਹ ਨਹੀਂ ਰਹੀ ਬੇਲੀ।

-ਤੀਸ ਮਾਰ ਖਾਂ

## ਕੇਂਦਰ ਸਰਕਾਰ ਨਾਬਾਲਗਾਂ ਦੇ ਸਵਾਲਾਂ ਤੋਂ ਘਬਰਾਏ ਨਾ : ਦੀਪਕੇ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**



ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਬਾਨੀ ਅਭਿਜੀਤ ਦੀਪਕੇ ਨੇ ਕੇਂਦਰ ਵੱਲੋਂ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਸੋਸ਼ਲ ਮੀਡੀਆ ਖਾਤੇ ਖੋਲ੍ਹਣ ਤੋਂ ਰੋਕਣ ਦੇ ਚੁੱਕੇ ਜਾ ਰਹੇ ਕਥਿਤ ਕਦਮ 'ਤੇ ਸਵਾਲ ਉਠਾਉਂਦੇ ਹੋਏ ਦਲੀਲ ਦਿੱਤੀ ਹੈ ਕਿ ਇਹ ਨੌਜਵਾਨ ਯੂਜ਼ਰਜ਼ ਦੀ ਅਗਲੀ ਪੀੜ੍ਹੀ ਨੂੰ ਸੱਤਾ ਵਿੱਚ ਬੈਠੇ ਲੋਕਾਂ ਨੂੰ ਆਨਲਾਈਨ ਚੁਣੌਤੀ ਦੇਣ ਤੋਂ ਰੋਕ ਸਕਦਾ ਹੈ। 'ਟਾਈਮਜ਼ ਨਾਓ' ਦੀ ਰਿਪੋਰਟ ਮੁਤਾਬਕ ਕੇਂਦਰ ਨੇ ਨਾਬਾਲਗਾਂ ਲਈ ਸੋਸ਼ਲ ਮੀਡੀਆ ਖਾਤਿਆਂ 'ਤੇ ਪਾਬੰਦੀਆਂ ਲਗਾਉਣ ਲਈ ਸੂਚਨਾ ਤਕਨਾਲੋਜੀ (ਇੰਟਰਮੀਡੀਅਰੀ ਗਾਈਡਲਾਈਨਜ਼ ਤੇ ਡਿਜੀਟਲ ਮੀਡੀਆ ਐਥਿਕਸ ਕੋਡ) ਨਿਯਮਾਂ, 2021 ਵਿੱਚ ਸੋਧ ਕਰਨ ਦੀ ਯੋਜਨਾ ਬਣਾਈ ਹੈ। ਸੁਪਰੀਮ ਕੋਰਟ ਵੱਲੋਂ ਕਾਨੂੰਨੀ ਸੁਰੱਖਿਆ ਉਪਾਅ ਕਰਨ ਲਈ ਕਹਿਣ ਤੋਂ ਬਾਅਦ ਕੇਂਦਰ ਨੇ ਇਹ ਯੋਜਨਾ ਤਿਆਰ ਕੀਤੀ ਹੈ। ਦੀਪਕੇ ਨੇ ਕਿਹਾ, 'ਕਈ ਵਰ੍ਹਿਆਂ ਤੋਂ ਭਾਜਪਾ ਨੇ ਮੁੱਖ ਧਾਰਾ ਮੀਡੀਆ ਅਤੇ ਵਟਸਐਪ ਰਾਹੀਂ ਬਿਰਤਾਂਤ ਨੂੰ ਕੰਟਰੋਲ ਕੀਤਾ ਹੋਇਆ ਹੈ, ਪਰ ਇੰਸਟਾਗ੍ਰਾਮ ਇੱਕ ਵੱਖਰਾ ਯੁੱਧ ਦਾ ਮੈਦਾਨ ਹੈ। ਜਨਰਲ ਜ਼ੈੱਡ ਨੇ ਇੰਸਟਾਗ੍ਰਾਮ ਦੀ ਵਰਤੋਂ ਰਾਜਨੀਤਕ ਪ੍ਰਚਾਰ 'ਤੇ ਸਵਾਲ ਉਠਾਉਣ, ਮਜ਼ਾਕ ਉਡਾਉਣ ਅਤੇ ਚੁਣੌਤੀ ਦੇਣ ਲਈ ਕੀਤੀ ਸੀ ਅਤੇ ਦਲੀਲ ਦਿੱਤੀ ਕਿ ਜਨਰਲ ਅਲਫਾ ਹੁਣ ਆਨਲਾਈਨ ਉਮਰ ਦੇ ਹੋ ਰਹੇ ਹਨ। ਆਨਲਾਈਨ ਸੁਰੱਖਿਆ ਦੇ ਨਾਂਅ 'ਤੇ ਕਾਗਜ਼ 'ਤੇ ਨਾਬਾਲਗਾਂ 'ਤੇ ਪਾਬੰਦੀਆਂ ਵਾਜਬ ਲੱਗ ਸਕਦੀਆਂ ਹਨ, ਪਰ ਇਹ ਪੁੱਛਣਾ ਜਾਇਜ਼ ਹੈ ਕਿ ਕੀ ਕੋਈ ਹੋਰ ਉਦੇਸ਼ ਵੀ ਹੈ : ਜਨਰਲ ਅਲਫਾ ਨੂੰ ਉਹ ਕਰਨ ਤੋਂ ਰੋਕਣਾ, ਜੋ ਜਨਰਲ ਜ਼ੈੱਡ ਨੇ ਕੀਤਾ ਸੀ।'

ਦੀਪਕੇ ਨੇ ਸੋਸ਼ਲ ਮੀਡੀਆ 'ਤੇ ਕਿਸ਼ੋਰਾਂ ਦੀ ਰਾਜਨੀਤਕ ਸਰਗਰਮੀ ਵੱਲ ਵੀ ਇਸ਼ਾਰਾ ਕੀਤਾ ਅਤੇ ਕਿਹਾ ਕਿ 15-16 ਸਾਲ ਦੇ ਬੱਚੇ ਵੀ ਖੁੱਲ੍ਹੇਆਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੱਤਾ ਵਿੱਚ ਬੈਠੇ ਲੋਕਾਂ ਦਾ ਮਜ਼ਾਕ ਉਡਾ ਰਹੇ ਹਨ। ਉਸ ਨੇ ਕਿਹਾ ਕਿ ਪਾਬੰਦੀ ਦੇ ਬਜਾਏ ਸਰਕਾਰ ਨੂੰ ਨੌਜਵਾਨ ਉਪਭੋਗਤਾਵਾਂ ਲਈ ਇੰਟਰਨੈੱਟ ਨੂੰ ਸੁਰੱਖਿਅਤ ਬਣਾਉਣ 'ਤੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਖਾਤਿਆਂ 'ਤੇ ਕਾਰਵਾਈ ਕਰਕੇ ਸ਼ੁਰੂਆਤ ਕਰੋ, ਜੋ ਕੁੜੀਆਂ ਨੂੰ ਆਨਲਾਈਨ ਪਰੇਸ਼ਾਨ ਕਰਦੇ ਹਨ ਅਤੇ ਦੁਰਵਿਹਾਰ ਕਰਦੇ ਹਨ, ਨਾ ਕਿ ਇੱਕ ਪੂਰੀ ਪੀੜ੍ਹੀ ਨੂੰ ਚੁੱਪ ਕਰਵਾ ਕੇ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕੇਂਦਰ ਨੂੰ ਇਹ ਜਾਂਚ ਕਰਨ ਲਈ ਕਿਹਾ ਕਿ ਕੀ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਨਾਬਾਲਗਾਂ ਨੂੰ ਨਿਯੰਤਰਿਤ ਕਰਨ ਵਾਲੇ ਭਾਰਤੀ ਕਾਨੂੰਨਾਂ ਦੀ ਪਾਲਣਾ ਕਰਨ ਲਈ ਕਾਨੂੰਨੀ ਨਿਯਮ ਪੇਸ਼ ਕੀਤੇ ਜਾ ਸਕਦੇ ਹਨ। ਇਸ ਨੇ ਕਿਹਾ ਕਿ ਪਲੇਟਫਾਰਮਾਂ ਨੂੰ ਸੁਤੰਤਰ ਮੈਂਬਰਸ਼ਿਪ ਲਈ ਘੱਟੋ-ਘੱਟ 18 ਸਾਲ ਦੀ ਉਮਰ ਸੀਮਾ ਦੀ ਪਾਲਣਾ ਕਰਨੀ ਚਾਹੀਦੀ ਹੈ।

ਭਾਰਤ ਦੇ ਚੀਫ ਜਸਟਿਸ ਸੂਰੀਆ ਕਾਂਤ ਦੀ ਅਗਵਾਈ ਵਾਲੀ ਤਿੰਨ ਜੱਜਾਂ ਦੀ ਬੈਂਚ ਨੇ ਐੱਨ ਜੀ ਓ ਜਸਟ ਰਾਈਟਸ ਫਾਰ ਚਿਲਡਰਨ ਅਲਾਇੰਸ ਦੁਆਰਾ ਦਾਇਰ ਪਟੀਸ਼ਨ, ਜਿਸ ਵਿੱਚ ਸੋਸ਼ਲ ਮੀਡੀਆ ਅਤੇ ਹੋਰ ਡਿਜੀਟਲ ਪਲੇਟਫਾਰਮਾਂ 'ਤੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੁਰੱਖਿਆ ਦੀ ਮੰਗ ਕੀਤੀ ਗਈ ਸੀ, ਉੱਤੇ ਸੁਣਵਾਈ ਦੌਰਾਨ ਕੇਂਦਰ ਨੂੰ ਅਜਿਹੇ ਨਿਯਮ ਬਣਾਉਣ ਲਈ ਕਿਹਾ ਸੀ, ਜਿਸ ਤਹਿਤ ਸੋਸ਼ਲ ਮੀਡੀਆ ਪਲੇਟਫਾਰਮ ਭਾਰਤੀ ਕਾਨੂੰਨ ਦੀ ਪਾਲਣਾ ਕਰਨ। ਸੁਣਵਾਈ ਦੌਰਾਨ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਜੇ ਮੌਜੂਦਾ ਕਾਨੂੰਨੀ ਢਾਂਚਾ ਇਸ ਮੁੱਦੇ ਨੂੰ ਢੁਕਵੇਂ ਢੰਗ ਨਾਲ ਹੱਲ ਨਹੀਂ ਕਰਦਾ ਹੈ ਤਾਂ ਸਰਕਾਰ ਕਾਰਵਾਈ ਕਰਨ ਲਈ ਤਿਆਰ ਹੈ।

## ਨਹੀਂ ਰਹੇ 'ਸਰੋਕਾਰਾਂ ਦੀ ਆਵਾਜ਼' ਦੇ ਬਾਨੀ ਸੰਪਾਦਕ ਹਰਬੰਸ ਸਿੰਘ

**ਜਲੰਧਰ (ਗਿਆਨ ਸੈਦਪੁਰੀ)**



ਅਦਾਰਾ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕਾਂ ਮਾਸਟਰ ਭਜਨ ਗਿੱਲ ਅਤੇ ਦਵਿੰਦਰ ਤੂਰ ਨੇ ਦੁਖਦਾਈ ਖ਼ਬਰ ਸਾਂਝੀ ਕਰਦਿਆਂ ਦੱਸਿਆ ਕਿ 'ਸਰੋਕਾਰਾਂ ਦੀ ਆਵਾਜ਼' ਦੇ ਬਾਨੀ ਸੰਪਾਦਕ ਅਤੇ ਲੋਕ ਹਿਤੈਸ਼ੀ ਨਿਧੜਕ ਆਵਾਜ਼ ਹਰਬੰਸ ਸਿੰਘ ਬੀਤੀ 28 ਸਤੰਬਰ ਨੂੰ ਬਰੈਂਪਟਨ ਦੇ ਹਸਪਤਾਲ ਵਿੱਚ ਸਦੀਵੀ ਵਿਛੋੜਾ ਦੇ ਗਏ।

ਪਿੰਡ ਧੂੜਕੋਟ ਰਣਸੀਂਹ (ਜ਼ਿਲ੍ਹਾ ਮੋਗਾ) ਦੇ ਜੰਮਪਲ ਅਤੇ ਪਿੰਡ ਭਰੋਵਾਲ ਕਲਾਂ (ਜ਼ਿਲ੍ਹਾ ਲੁਧਿਆਣਾ) ਵਿਖੇ ਆਪਣੀ ਭੂਆ ਜੀ ਕੋਲ ਰਹਿ ਕੇ ਪੜ੍ਹੇ ਹਰਬੰਸ ਸਿੰਘ ਇਤਿਹਾਸਕ ਮੋਗਾ ਘੋਲ ਸਮੇਂ ਵਿਦਿਆਰਥੀ ਜੀਵਨ ਦੌਰਾਨ ਹੀ ਲੋਕ ਸੰਘਰਸ਼ਾਂ ਨਾਲ ਜੁੜ ਗਏ ਸਨ। ਉਹ ਪੰਜਾਬ ਦੀ ਇਨਕਲਾਬੀ ਵਿਦਿਆਰਥੀ ਲਹਿਰ ਦੀ ਚੜ੍ਹਤ ਦੇ ਦੌਰ ਵਿਚ ਜਗਰਾਓਂ ਇਲਾਕੇ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਬਣ ਕੇ ਉਭਰੇ ਅਤੇ ਨੌਜਵਾਨ ਭਾਰਤ ਸਭਾ ਤੇ ਹੋਰ ਵੱਖ-ਵੱਖ ਲੋਕ ਸੰਘਰਸ਼ਾਂ ਵਿਚ ਸਰਗਰਮ ਭੂਮਿਕਾ ਨਿਭਾਈ। ਉਨ੍ਹਾ ਕੁਝ ਸਮਾਂ ਬਤੌਰ ਸਾਇੰਸ ਅਧਿਆਪਕ ਨੌਕਰੀ ਵੀ ਕੀਤੀ ਅਤੇ ਫਿਰ ਚੰਗੇਰੇ ਭਵਿੱਖ ਦੀ ਤਲਾਸ਼ 'ਚ ਕੈਨੇਡਾ ਚਲੇ ਗਏ। ਕੈਨੇਡਾ ਆ ਕੇ ਵੀ ਉਹ ਭਾਰਤ ਦੀ ਇਨਕਲਾਬੀ ਜਮਹੂਰੀ ਲਹਿਰ ਨਾਲ ਜੁੜੇ ਰਹੇ ਅਤੇ ਹਰ ਸੰਭਵ ਤਰੀਕੇ ਨਾਲ ਯੋਗਦਾਨ ਪਾਉਂਦੇ ਰਹੇ। ਕੈਨੇਡਾ ਵਿਚ ਉਹ ਲੋਕ-ਪੱਖੀ ਜਥੇਬੰਦੀਆਂ ਨਾਲ ਜੁੜ ਕੇ ਸਰਗਰਮ ਹੋ ਗਏ ਅਤੇ ਆਪਣੇ ਅੰਤਮ ਸਾਹਾਂ ਤੱਕ ਲੋਕ ਹਿੱਤਾਂ ਤੇ ਸਰੋਕਾਰਾਂ ਨੂੰ

• ਬਾਕੀ ਸਫਾ 2 'ਤੇ

## ਪਵਨ ਬਾਂਸਲ ਜ਼ਿਲ੍ਹਾ ਭੱਠਾ ਮਾਲਕ ਐਸੋਸੀਏਸ਼ਨ ਦੇ ਪ੍ਰਧਾਨ ਬਣੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜ਼ਿਲ੍ਹਾ ਪਟਿਆਲਾ ਭੱਠਾ ਮਾਲਕ ਐਸੋਸੀਏਸ਼ਨ (ਰਜਿ.) ਦੇ ਨਵ-ਨਿਯੁਕਤ ਪ੍ਰਧਾਨ ਪਵਨ ਕੁਮਾਰ ਬਾਂਸਲ ਨੇ ਪ੍ਰਧਾਨ ਦਾ ਅਹੁਦਾ ਸੰਭਾਲਣ ਉਪਰੰਤ ਭੱਠਾ ਉਦਯੋਗ ਨਾਲ ਸਬੰਧਤ ਮਸਲਿਆਂ ਤੇ ਭੱਠਾ ਮਾਲਕਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ।ਇਸੇ ਤਹਿਤ ਪਵਨ ਬਾਂਸਲ ਨੇ ਅੱਜ ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨਾਲ ਮੁਲਾਕਾਤ ਕੀਤੀ।ਇਸ ਮੌਕੇ ਭੱਠਾ ਉਦਯੋਗ ਨਾਲ ਜੁੜੇ ਵੱਖ-ਵੱਖ ਮਸਲਿਆਂ ਭੱਠਾ ਮਾਲਕਾਂ ਨੂੰ ਦਰਪੇਸ਼ ਮੁਸ਼ਕਲਾਂ ਤੇ ਉਨ੍ਹਾਂ ਦੇ ਸੰਭਾਵਿਤ ਹੱਲ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਗੋਇਲ ਨੇ ਭੱਠਾ ਮਾਲਕਾਂ ਵੱਲੋਂ ਰੱਖੇ ਗਏ ਮਸਲਿਆਂ ਨੂੰ ਧਿਆਨ ਨਾਲ ਸੁਣਿਆ।ਇਸ ਉਪਰੰਤ ਪ੍ਰਧਾਨ ਬਾਂਸਲ ਨੇ ਪੰਜਾਬ ਕੈਬਨਿਟ ਮੰਤਰੀ ਅਮਨ ਅਰੋੜਾ ਨਾਲ ਵੀ ਮੁਲਾਕਾਤ ਕੀਤੀ।ਇਸ ਮੌਕੇ ਭੱਠਾ ਉਦਯੋਗ ਨੂੰ ਦਰਪੇਸ਼ ਸਮੱਸਿਆਵਾਂ, ਭੱਠਾ ਮਾਲਕਾਂ ਦੇ ਹਿੱਤਾਂ ਤੇ ਉਦਯੋਗ ਨਾਲ ਸਬੰਧਤ ਵੱਖ-ਵੱਖ ਮਾਮਲਿਆਂ ਬਾਰੇ ਚਰਚਾ ਕੀਤੀ ਗਈ।ਸ੍ਰੀ ਬਾਂਸਲ ਨੇ ਭੱਠਾ ਮਾਲਕਾਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੇ ਸਬੰਧਤ ਵਿਭਾਗਾਂ ਦੇ ਧਿਆਨ ਵਿੱਚ ਲਿਆਉਣ ਲਈ ਸਹਿਯੋਗ ਦੀ ਮੰਗ ਕੀਤੀ। ਪਵਨ ਬਾਂਸਲ ਨੇ ਕਿਹਾ ਕਿ ਐਸੋਸੀਏਸ਼ਨ ਦਾ ਮੁੱਖ ਉਦੇਸ਼ ਜ਼ਿਲ੍ਹੇ ਦੇ ਸਮੂਹ ਭੱਠਾ ਮਾਲਕਾਂ ਨੂੰ ਨਾਲ ਲੈ ਕੇ ਚੱਲਣਾ ਤੇ ਭੱਠਾ ਉਦਯੋਗ ਨਾਲ ਸਬੰਧਤ ਜਾਇਜ਼ ਮਸਲਿਆਂ ਨੂੰ ਸਰਕਾਰ ਤੇ ਪ੍ਰਸ਼ਾਸਨ ਦੇ ਸਾਹਮਣੇ ਪ੍ਰਭਾਵਸ਼ਾਲੀ ਢੰਗ ਨਾਲ ਰੱਖਣਾ ਹੈ।ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਭੱਠਾ ਮਾਲਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਹਰ ਸੰਭਵ ਪੱਧਰ 'ਤੇ ਯਤਨ ਕਰੇਗੀ।ਇਸ ਮੌਕੇ ਐਸੋਸੀਏਸ਼ਨ ਦੇ ਹੋਰ ਅਹੁਦੇਦਾਰ ਤੇ ਮੈਂਬਰ ਮੌਜੂਦ ਰਹੇ।

## ਅੜੈਚਾਂ ਦੇ 6 ਪਰਵਾਰ ਅਕਾਲੀ ਦਲ 'ਚ ਸ਼ਾਮਲ



**ਦੋਰਾਹਾ (ਹਰਮਿੰਦਰ ਸੇਠ)**-ਹਲਕਾ ਪਾਇਲ ਦੇ ਪਿੰਡ ਅੜੈਚਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਮਜ਼ਬੂਤੀ ਮਿਲੀ, ਜਦੋਂ ਕਾਂਗਰਸ ਪਾਰਟੀ ਨਾਲ ਸਬੰਧਤ 6 ਪਰਵਾਰਾਂ ਨੇ ਕਾਂਗਰਸ ਨੂੰ ਅਲਵਿਦਾ ਆਖ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।ਇਹ ਸ਼ਮੂਲੀਅਤ ਹਲਕਾ ਇੰਚਾਰਜ ਜਥੇਦਾਰ ਮਨਜੀਤ ਸਿੰਘ ਮਦਨੀਪੁਰ ਦੀ ਅਗਵਾਈ ਤੇ ਪਾਰਟੀ ਦੀ ਕੌਮੀ ਆਗੂ ਬੀਬੀ ਜਸਪ੍ਰੀਤ ਕੌਰ ਅੜੈਚਾ ਦੀ ਮਿਹਨਤ ਸਦਕਾ ਹੋਈ।ਇਸ ਮੌਕੇ ਜਥੇਦਾਰ ਮਨਜੀਤ ਸਿੰਘ ਮਦਨੀਪੁਰ ਨੇ ਨਵੇਂ ਸ਼ਾਮਲ ਹੋਏ ਪਰਿਵਾਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਤੇ ਪਾਰਟੀ ਵਿੱਚ ਸਵਾਗਤ ਕੀਤਾ।ਉਨ੍ਹਾਂ ਕਿਹਾ ਕਿ ਹਲਕਾ ਪਾਇਲ ਵਿੱਚ ਪਾਰਟੀ ਨੂੰ ਜਥੇਬੰਦਕ ਤੌਰ 'ਤੇ ਮਜ਼ਬੂਤ ਕਰਨ ਲਈ ਪਿੰਡ ਪੱਧਰ 'ਤੇ ਲੋਕਾਂ ਨਾਲ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ।ਇਸ ਮੌਕੇ ਬੀਬੀ ਜਸਪ੍ਰੀਤ ਕੌਰ ਐੱਸ ਸੀ ਵਿੰਗ ਪ੍ਰਧਾਨ ਬੀਬੀ ਕਰਮਜੀਤ ਕੌਰ ਕੱਦੋਂ, ਨਵਨੀਤ ਮਾਂਗਟ, ਨਗਿੰਦਰ ਬਿੱਲੂ, ਬਲਕਾਰ ਸਿੰਘ ਤੋਂ ਇਲਾਵਾ ਪਾਰਟੀ ਵਰਕਰ ਤੇ ਪਿੰਡ ਵਾਸੀ ਹਾਜ਼ਰ ਸਨ।

## ਧੂਮ-ਧਾਮ ਨਾਲ ਮਨਾਇਆ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਫਰੀਡਮ ਫਾਈਟਰਜ਼ ਡੀਪੈਂਡੇਨਟਸ ਪੰਜਾਬ ਵੱਲੋਂ ਦੇਸ਼ ਦੇ ਮਹਾਨ ਸੁਤੰਤਰਤਾ ਸੰਗਰਾਮੀ ਤੇ ਕ੍ਰਾਂਤੀਕਾਰੀ ਨੇਤਾ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਭਗਤ ਸਿੰਘ ਪਾਰਕ ਵਿਖੇ ਜਥੇਬੰਦੀ ਦੇ ਸੂਬਾ ਪ੍ਰਧਾਨ ਸ੍ਰੀ ਸੁਰੇਸ਼ ਅਰੋੜਾ ਦੀ ਅਗਵਾਈ ਵਿੱਚ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਮੌਕੇ ਜਥੇਬੰਦੀ ਦੇ ਸਮੂਹ ਮੈਂਬਰਾਂ ਨੇ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਨੂੰ ਭਾਵਪੂਰਤ ਸ਼ਰਧਾਂਜਲੀ ਦਿੱਤੀ।ਜਥੇਬੰਦੀ ਦੇ ਸੂਬਾ ਪ੍ਰਧਾਨ ਸ੍ਰੀ ਸੁਰੇਸ਼ ਅਰੋੜਾ ਤੇ ਸੂਬਾ ਜਨਰਲ ਸਕੱਤਰ ਡਾਕਟਰ ਚੰਦਰ ਸ਼ੇਖਰ ਨੇ ਅਪੀਲ ਕੀਤੀ ਕਿ ਸਾਨੂੰ ਸ਼ਹੀਦ ਭਗਤ ਸਿੰਘ ਦੇ ਪਾਏ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ, ਇਹ ਹੀ ਉਨ੍ਹਾਂ ਨੂੰ ਸੱਚੀ ਤੇ ਸੁੱਚੀ ਸ਼ਰਧਾਂਜਲੀ ਹੋਵੇਗੀ।ਉੱਥੇ ਹੀ ਮੀਤ ਪ੍ਰਧਾਨ ਸ੍ਰ. ਨਰਿੰਦਰ ਸਿੰਘ ਗਿੱਲ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਦੀ ਜੀਵਨੀ ਬਾਰੇ ਵਿਸਥਾਰਪੂਰਵਕ ਪੜ੍ਹਾਇਆ ਤੇ ਦੱਸਿਆ ਜਾਵੇ।ਇਸ ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਭਾਜਪਾ ਨੇਤਾ ਡਾਕਟਰ ਸੰਜੀਵ ਗੋਇਲ, ਡਾਕਟਰ ਐੱਸ. ਐੱਸ. ਬਰਾੜ, ਅਮਨਦੀਪ ਕੌਰ, ਜ਼ੋਰਾ ਸਿੰਘ, ਜਗਰਾਜ ਸਿੰਘ ਬਰਾੜ, ਭੋਲਾ, ਕੰਵਰ ਮਨਜੀਤ ਸਿੰਘ, ਲਖਵਿੰਦਰ ਸਿੰਘ ਅਤੇ ਪਰਮਜੀਤ ਸਿੰਘ ਸਮੇਤ ਵੱਡੀ ਗਿਣਤੀ 'ਚ ਆਗੂ ਤੇ ਮੈਂਬਰ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ ਵਿਸ਼ਾਲ ਭੰਡਾਰਾ



**ਜਗਰਾਉਂ (ਸੰਜੀਵ ਅਰੋੜਾ)**-ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਸ਼ਹੀਦ ਭਗਤ ਸਿੰਘ ਕਲੱਬ ਜਗਰਾਉਂ ਵੱਲੋਂ ਪ੍ਰਧਾਨ ਰਵਿੰਦਰਪਾਲ ਸਿੰਘ ਰਾਜੂ ਕਾਮਰੇਡ ਦੀ ਅਗਵਾਈ ਹੇਠ ਵਿਸ਼ਾਲ ਭੰਡਾਰਾ ਕਰਵਾਇਆ ਗਿਆ। ਇਸ ਮੌਕੇ ਸ਼ਹਿਰ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ ਤੇ ਭੰਡਾਰੇ ਦੀ ਸੇਵਾ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਜਗਰਾਉਂ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਦੇ ਸੰਭਾਵੀਂ ਉਮੀਦਵਾਰ ਰਿਟਾਇਰਡ ਇੰਸਪੈਕਟਰ ਪ੍ਰੇਮ ਸਿੰਘ ਭੰਗੂ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਹਾਜ਼ਰੀ ਲਵਾਈ। ਉਨ੍ਹਾਂ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦਿਆਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਸਾਡੀ ਵਿਰਾਸਤ ਦਾ ਅਹਿਮ ਹਿੱਸਾ ਹਨ ਤੇ ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੀ ਸੋਚ ਤੇ ਸੰਘਰਸ਼ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਭੰਡਾਰੇ ਦੌਰਾਨ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਜਤਿੰਦਰਪਾਲ ਸਿੰਘ ਰਾਣਾ, ਹਰਪ੍ਰੀਤ ਸਿੰਘ ਧਾਲੀਵਾਲ ਬਲਾਕ ਪ੍ਰਧਾਨ ਸ਼ਹਿਰੀ ਕਾਂਗਰਸ, ਇੰਦਰਜੀਤ ਸਿੰਘ ਲੋਹਟ, ਮਾਸਟਰ ਜੱਸੀ ਹਰਦੀਪ, ਨੀਟਾ ਸੱਭਰਵਾਲ, ਸਰਪੰਚ ਜਗਦੀਸ਼ ਸ਼ਰਮਾ, ਕੁਲਦੀਪ ਸਿੰਘ ਕਾਉਂਕੇ ਕਲਾਂ ਸਮੇਤ ਸ਼ਹਿਰ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਸ਼ਹੀਦ ਭਗਤ ਸਿੰਘ ਕਲੱਬ ਦੇ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਭੰਡਾਰੇ ਦੀ ਸੇਵਾ ਸੁਚੱਜੇ ਢੰਗ ਨਾਲ ਨਿਭਾਈ ਗਈ।

## ਐਥਲੈਟਿਕਸ ਮੀਟ 'ਚ ਆਕਸਫੋਰਡ ਸਕੂਲ ਨੇ ਜਿੱਤੇ 34 ਮੈਡਲ



**ਬਠਿੰਡਾ (ਰਾਜੀਵ ਗੋਇਲ)**-70ਵੀਂ ਸਕੂਲ ਐਥਲੇਟਿਕਸ ਮੀਟ ਵਿੱਚ ਦਿ ਆਕਸਫੋ ਸਕੂਲ ਆਫ਼ ਐਜੂਕੇਸ਼ਨ ਸੰਸਥਾ ਦੇ ਖਿਡਾਰੀਆਂ ਨੇ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ 34 ਮੈਡਲ ਇਸ ਸੰਸਥਾ ਦੀ ਝੋਲੀ ਪਾਏ। ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਭਗਤਾ ਭਾਈਕਾ ਦੇ ਖੇਡ ਮੈਦਾਨ ਵਿੱਚ ਜ਼ੋਨਲ ਭਗਤਾ ਭਾਈਕਾ ਦੇ ਖੇਡ ਮੁਕਾਬਲੇ ਹੋਏ। ਇਨ੍ਹਾਂ ਮੁਕਾਬਲਿਆਂ ਵਿੱਚ 100 ਮੀ.,400 ਮੀ.,400 ਮੀ. ਹਡਲ ਰੇਸ,110 ਮੀ. ਲੰਮੀ ਛਾਲ (ਲੌਂਗ ਜੰਪ) ਨੇਜ਼ਾ ਸੁੱਟਣਾ, ਟ੍ਰਿਪਲ ਜੰਪ, ਹਾਈ ਜੰਪ, ਜੈਵਲਿਨ ਥ੍ਰੋ ਤੇ ਰਿਲੇਅ ਰੇਸ ਵਿੱਚ ਗੋਲਡ ਮੈਡਲ ਪ੍ਰਾਪਤ ਕਰਕੇ ਆਕਸਫੋਰਡ ਦੇ ਖਿਡਾਰੀ ਚੈਂਪੀਅਨ ਬਣੇ। ਇਸ ਤੋਂ ਇਲਾਵਾ ਇਨ੍ਹਾਂ ਸਰਦ ਰੁੱਤ ਖੇਡਾਂ ਵਿੱਚ ਇਸ ਸੰਸਥਾ ਦੇ ਖਿਡਾਰੀਆਂ ਨੇ 15 ਗੋਲਡ, 09 ਸਿਲਵਰ ਮੈਡਲ ਤੇ 10 ਤਾਂਬੇ ਦੇ ਮੈਡਲਾਂ ਉੱਤੇ ਵੀ ਕਬਜ਼ਾ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਖੇਡ ਵਿਭਾਗ ਦੇ ਮੁਖੀ ਪ੍ਰਦਮਨ ਸਿੰਘ, ਤੇਜਿੰਦਰ ਸਿੰਘ, ਸੁਖਵਿੰਦਰ ਸਿੰਘ, ਗੁਰਜਿੰਦਰ ਸਿੰਘ, ਜਗਜੀਤ ਸਿੰਘ, ਮਨਪ੍ਰੀਤ ਕੌਰ ਤੇ ਪੂਨਮ ਰਾਣੀ ਸਮੇਤ ਸਾਰੇ ਖਿਡਾਰੀਆਂ ਨੂੰ ਵਧਾਈ ਦਿੰਦੇ ਹੋਏ ਹੋਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈ ਕਾ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ ਸ਼ੈਰੀ (ਵਾਈਸ ਚੇਅਰਮੈਨ), ਰਾਜਵਿੰਦਰ ਸਿੰਘ ਸੋਢੀ ਤੇ ਗੁਰਮੀਤ ਸਿੰਘ ਗਿੱਲ (ਸਰਪੰਚ) ਨੇ ਸਮੂਹ ਖਿਡਾਰੀਆਂ ਦੀ ਕਾਰਗੁਜ਼ਾਰੀ ਦੀ ਵਡਿਆਈ ਕੀਤੀ।

## ਮਾਡਰਨ ਕਾਲਜ ਵਿਖੇ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਵਸ ਸਬੰਧੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜੀਵਨ, ਸੰਘਰਸ਼ ਅਤੇ ਦੇਸ਼ ਦੀ ਆਜ਼ਾਦੀ ਲਈ ਪਾਏ ਗਏ ਮਹੱਤਵਪੂਰਨ ਯੋਗਦਾਨ ਬਾਰੇ ਜਾਣੂ ਕਰਵਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਭਗਤ ਸਿੰਘ ਦੇ ਵਿਚਾਰਾਂ, ਦੇਸ਼-ਪ੍ਰੇਮ ਅਤੇ ਨੌਜਵਾਨਾਂ ਲਈ ਉਨ੍ਹਾਂ ਦੇ ਸੰਦੇਸ਼ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਕਾਲਜ ਦੇ ਅਧਿਆਪਕਾਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਜੀਵਨ ਨੌਜਵਾਨ ਪੀੜ੍ਹੀ ਲਈ ਪ੍ਰੇਰਨਾਦਾਇਕ ਹੈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ, ਸਮਾਜ ਵਿੱਚ ਚੰਗੇ ਬਦਲਾਅ ਲਈ ਯਤਨ ਕਰਨ ਅਤੇ ਭਗਤ ਸਿੰਘ ਦੇ ਵਿਚਾਰਾਂ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਾਲਜ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਅਤੇ ਸਤਿਕਾਰ ਭੇਂਟ ਕੀਤਾ ਗਿਆ।

## ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਮਿਸ਼ਨ ਵਚਨਬੱਧ : ਅਨਿਲ ਠਾਕੁਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਟਰੇਡਰਜ਼ ਕਮਿਸ਼ਨ ਦੇ ਉੱਪ-ਚੇਅਰਮੈਨ ਅਨਿਲ ਠਾਕੁਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚ ਕੇ ਟਰੇਡਰਜ਼ ਕਮਿਸ਼ਨ ਨਾਲ ਸਬੰਧਤ ਵਪਾਰੀਆਂ ਦੀਆਂ ਦਰਖਾਸਤਾਂ ਤੇ ਸ਼ਿਕਾਇਤਾਂ ਦੀ ਸਮੀਖਿਆ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਅਮਨਦੀਪ ਕੌਰ ਵੀ ਮੌਜੂਦ ਸਨ। ਇਸ ਮੌਕੇ ਉੱਪ-ਚੇਅਰਮੈਨ ਅਨਿਲ ਠਾਕੁਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਤੇ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਟਰੇਡਰਜ਼ ਕਮਿਸ਼ਨ ਬਾਜ਼ਾਰਾਂ ਦੀ ਦਿੱਖ ਨੂੰ ਬਿਹਤਰ ਬਣਾਉਣ ਦੇ ਨਾਲ-ਨਾਲ ਵਪਾਰੀਆਂ ਨਾਲ ਸਬੰਧਤ ਸਮੱਸਿਆਵਾਂ ਦੇ ਢੁੱਕਵੇਂ ਹੱਲ ਲਈ ਨਿਰੰਤਰ ਕਾਰਜ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਕਿਸੇ ਸਰਕਾਰ ਵੱਲੋਂ ਵਪਾਰੀਆਂ ਤੇ ਦੁਕਾਨਦਾਰਾਂ ਨਾਲ ਸਬੰਧਤ ਸਥਾਨਕ ਪੱਧਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਧਾਨ ਸਭਾ ਹਲਕਾ ਤੇ ਜ਼ਿਲ੍ਹਾ ਪੱਧਰੀ ਟਰੇਡਰਜ਼ ਕਮਿਸ਼ਨ ਸਥਾਪਤ ਕੀਤੇ ਗਏ ਹਨ। ਇਸ ਤੋਂ ਇਲਾਵਾ ਸੂਬਾ ਪੱਧਰ 'ਤੇ ਵਿੱਤ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ, ਜੋ ਵਪਾਰੀਆਂ ਨਾਲ ਸਿੱਧਾ ਸੰਵਾਦ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਟਰੇਡਰਜ਼ ਕਮਿਸ਼ਨ ਵਪਾਰੀਆਂ ਤੇ ਸਰਕਾਰ ਵਿਚਕਾਰ ਅਹਿਮ ਪੁਲ ਵਜੋਂ ਕੰਮ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਮਿਸ਼ਨ ਵਲੋਂ ਨਿਯੁਕਤ ਜ਼ਿਲ੍ਹਾ ਪੱਧਰੀ ਚੇਅਰਮੈਨ ਵਪਾਰੀਆਂ ਦੀਆਂ ਸਮੱਸਿਆਵਾਂ ਸੁਣਦੇ ਹਨ ਤੇ ਇਨ੍ਹਾਂ ਦੇ ਹੱਲ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਸਬੰਧਤ ਵਿਭਾਗਾਂ ਦੇ ਅਧਿਆਰੀਆਂ ਨਾਲ ਤਾਲਮੇਲ ਕਰਦੇ ਹਨ। ਉਨ੍ਹਾਂ ਸਮੂਹ ਵਿਭਾਗੀ ਅਧਿਕਾਰੀਆਂ ਨੂੰ ਵਪਾਰੀਆਂ ਦੀਆਂ ਸਮੱਸਿਆਵਾਂ/ ਸ਼ਿਕਾਇਤਾਂ ਦਾ ਨਿਪਟਾਰਾ ਪਹਿਲ ਦੇ ਆਧਾਰ 'ਤੇ ਕਰਨ ਦੀ ਹਦਾਇਤ ਕੀਤੀ। ਇਸ ਮੌਕੇ ਉਨ੍ਹਾਂ ਵਪਾਰੀਆਂ ਵੱਲੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਜਿਸ ਵਿੱਚ, ਸਾਫ਼-ਸਫ਼ਾਈ, ਆਵਾਰਾ ਪਸ਼ੂਆਂ ਦੀ ਸਮੱਸਿਆ, ਬਾਜ਼ਾਰਾਂ ਵਿੱਚ ਜਨਤਕ ਪਖਾਨੇ, ਪੀਣ ਵਾਲਾ ਸਵੱਛ ਪਾਣੀ, ਬਸ ਸਟਾਪ, ਸੜਕਾਂ 'ਤੇ ਨਜਾਇਜ਼ ਕਬਜ਼ੇ ਆਦਿ ਸਬੰਧੀ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਪ੍ਰਾਪਤ ਸ਼ਿਕਾਇਤਾਂ ਦੇ ਛੇਤੀ ਤੋਂ ਛੇਤੀ ਨਿਪਟਾਰੇ ਲਈ ਹਦਾਇਤਾਂ ਕੀਤੀਆਂ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਅਮਨਦੀਪ ਕੌਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਵਪਾਰੀਆਂ ਵੱਲੋਂ ਪ੍ਰਾਪਤ ਸ਼ਿਕਾਇਤਾਂ ਤੇ ਸੁਝਾਵਾਂ 'ਤੇ ਪਹਿਲ ਦੇ ਆਧਾਰ 'ਤੇ ਕਾਰਵਾਈ ਯਕੀਨੀ ਬਣਾਈ ਜਾਵੇਗੀ। ਇਸ ਮੌਕੇ ਐੱਸ ਡੀ ਐੱਮ ਜ਼ੀਰਾ ਸੂਰਜ, ਡੀ.ਐੱਸ.ਪੀ. ਸੁਖਵਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਟਰੇਡ ਵਿੰਗ ਸੁਖਦੇਵ ਸਿੰਘ ਜੋਸਨ ਤੋਂ ਇਲਾਵਾ ਟਰੇਡ ਵਿੰਗ ਦੇ ਹੋਰ ਮੈਂਬਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਪੀ.ਡੀ.ਐੱਸ.ਏ. ਵੱਲੋਂ ਬਠਿੰਡਾ ਰੋਸ ਪ੍ਰਦਰਸ਼ਨ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ

**ਜਲਾਲਾਬਾਦ (ਜੀਤ ਕੁਮਾਰ)**-ਪੇਂਡੂ-ਵੈਦ ਸੇਵਾਵਾਂ ਐਸੋਸੀਏਸ਼ਨ (ਪੀ ਡੀ ਐਸ ਏ) ਫਾਜ਼ਿਲਕਾ ਵੱਲੋਂ 05 ਅਕਤੂਬਰ 2026 ਨੂੰ ਬਠਿੰਡਾ ਵਿਖੇ ਹੋਣ ਵਾਲੇ ਰੋਸ ਪ੍ਰਦਰਸ਼ਨ ਦੀਆਂ ਤਿਆਰੀਆਂ ਸਬੰਧੀ ਫਾਜ਼ਿਲਕਾ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਬਠਿੰਡਾ ਵਿਖੇ ਹੋਣ ਵਾਲੇ ਰੋਸ ਪ੍ਰਦਰਸ਼ਨ ਵਿੱਚ ਵੱਧ ਤੋਂ ਵੱਧ ਸਾਥੀਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਲਾਮਬੰਦੀ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਾਥੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਬਠਿੰਡਾ ਪਹੁੰਚਣ ਲਈ ਪ੍ਰੇਰਿਤ ਕੀਤਾ ਗਿਆ ਤੇ ਪ੍ਰਦਰਸ਼ਨ ਨੂੰ ਸਫਲ ਬਣਾਉਣ ਲਈ ਜ਼ਿੰਮੇਵਾਰੀਆਂ ਵੀ ਸੌਂਪੀਆਂ ਗਈਆਂ। ਪੀ.ਡੀ.ਐੱਸ.ਏ. ਦੇ ਆਗੂਆਂ ਨੇ ਕਿਹਾ ਕਿ ਆਪਣੀਆਂ ਜਾਇਜ਼ ਮੰਗਾਂ ਤੇ ਹੱਕਾਂ ਲਈ ਸਮੂਹ ਮੈਂਬਰਾਂ ਦੀ ਇਕਜੁੱਟਤਾ ਤੇ ਸਰਗਰਮ ਸ਼ਮੂਲੀਅਤ ਬਹੁਤ ਮਹੱਤਵਪੂਰਨ ਹੈ। ਇਸ ਲਈ ਸਮੂਹ ਸਾਥੀਆਂ ਨੂੰ 5 ਅਕਤੂਬਰ 2026 ਨੂੰ ਬਠਿੰਡਾ ਵਿਖੇ ਹੋਣ ਵਾਲੇ ਰੋਸ ਪ੍ਰਦਰਸ਼ਨ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।

## ਬਲਦੇਵ ਰਾਮ ਦਾ ਸਟੇਟ ਐਵਾਰਡ ਨਾਲ ਸਨਮਾਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਿਖਿਆ ਵਿਭਾਗ ਵਿੱਚ 32 ਸਾਲ ਤੋਂ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਸੈਂਟਰ ਹੈਡ ਟੀਚਰ ਬਲਦੇਵ ਰਾਮ ਨੂੰ ਸਿਖਿਆ ਵਿਭਾਗ ਪੰਜਾਬ ਵੱਲੋਂ ਪਿਛਲੇ ਦਿਨੀਂ ਸਟੇਟ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।ਬਲਦੇਵ ਰਾਮ ਸਿਖਿਆ ਵੱਲੋਂ ਚਲਾਏ ਵੱਖ ਵੱਖ ਪ੍ਰਾਜੈਕਟਾਂ ਵਿੱਚ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਹਨ।ਬਲਦੇਵ ਰਾਮ ਜ਼ਿਲ੍ਹਾ ਮੋਗਾ ਦੀ ਮਾਨਮੱਤੀ ਸ਼ਖ਼ਸੀਅਤ ਹਨ। ਸਟੇਟ ਐਵਾਰਡ ਮਿਲਣ 'ਤੇ ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਪਰਗਟ ਸਿੰਘ ਜੰਬਰ ਅਤੇ ਸਟੇਟ ਕਮੇਟੀ ਦੇ ਮੈਂਬਰ ਅਤੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਸੰਧੂ ਨੇ ਵਧਾਈ ਦਿੰਦਿਆਂ ਕਿਹਾ ਕਿ ਬਲਦੇਵ ਰਾਮ ਨੂੰ ਸਨਮਾਨਿਤ ਕਰਕੇ ਅਧਿਆਪਕਾਂ ਦਾ ਮਾਨ ਵਧਾਇਆ ਹੈ।



## ਐੱਨ ਐੱਚ ਐੱਮ ਮੁਲਾਜ਼ਮਾਂ ਵੱਲੋਂ ਸਿਵਲ ਸਰਜਨ ਦਫ਼ਤਰ ਅੱਗੇ ਧਰਨਾ

**9 ਨੂੰ ਧੂਰੀ ਵਿਖੇ ਕੀਤੀ ਜਾਵੇਗੀ ਸੂਬਾ ਪੱਧਰੀ ਮਹਾਂ ਰੋਸ ਰੈਲੀ**



**ਮੋਗਾ (ਇਕਬਾਲ ਸਿੰਘ ਖਹਿਰਾ)**-ਐੱਨ ਐੱਚ ਐੱਮ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਹੱਕੀ ਤੇ ਜਾਇਜ਼ ਮੰਗਾਂ ਦੇ ਹੱਲ ਲਈ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਐਲਾਨ ਕੀਤਾ ਗਿਆ ਸੀ।ਜਿਸ ਦੇ ਚਲਦਿਆਂ ਜਿਲਾ ਮੋਗਾ ਦੀ ਐਨ ਐਚ ਐਮ ਇਮਪਲੋਈਜ ਯੂਨੀਅਨ ਵੱਲੋਂ ਵਿੱਢੇ ਸੰਘਰਸ਼ ਤਹਿਤ ਸਿਵਲ ਸਰਜਨ ਦਫ਼ਤਰ ਦੇ ਬਾਹਰ ਜ਼ਿਲ੍ਹਾ ਪੱਧਰੀ ਧਰਨਾ ਦਿੱਤਾ ਗਿਆ।ਇਸ ਮੌਕੇ ਸਿਵਲ ਸਰਜਨਾਂ ਰਾਹੀਂ ਸਿਹਤ ਵਿਭਾਗ ਤੇ ਸਰਕਾਰ ਨੂੰ ਐਨ ਐਚ ਐਮ ਮੁਲਾਜ਼ਮਾਂ ਦੀਆਂ ਲੰਬਿਤ ਮੰਗਾਂ ਸਬੰਧੀ ਮੰਗ ਪੱਤਰ ਵੀ ਸੌਂਪਿਆ ਗਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਮਿਤ ਬਜਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤੋਂ ਬਾਅਦ 1 ਅਕਤੂਬਰ 2026 ਨੂੰ ਪੰਜਾਬ ਭਰ ਵਿੱਚ ਵਿਧਾਇਕਾਂ ਦੇ ਦਫ਼ਤਰਾਂ ਅੱਗੇ ਰੋਸ ਪ੍ਰਦਰਸ਼ਨ ਕਰਕੇ ਉਨ੍ਹਾਂ ਨੂੰ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਸੌਂਪੇ ਜਾਣਗੇ।ਯੂਨੀਅਨ ਵੱਲੋਂ ਸਰਕਾਰ ਨੂੰ ਪਿਛਲੀਆਂ ਮੀਟਿੰਗਾਂ ਵਿੱਚ ਕੀਤੇ ਗਏ ਫੈਸਲਿਆਂ ਤੇ ਭਰੋਸਿਆਂ ਨੂੰ ਅਮਲੀ ਰੂਪ ਦੇਣ ਦੀ ਮੰਗ ਕੀਤੀ ਜਾਵੇਗੀ। ਇਸੇ ਲੜੀ ਤਹਿਤ ਧੂਰੀ ਵਿਖੇ 9 ਅਕਤੂਬਰ 2026 ਨੂੰ ਸੂਬਾ ਪੱਧਰੀ ਮਹਾਂਰੈਲੀ ਕੀਤੀ ਜਾਵੇਗੀ, ਜਿਸ ਵਿੱਚ ਪੰਜਾਬ ਭਰ ਤੋਂ ਲਗਭਗ 6,000 ਤੋਂ 6,500 ਐੱਨ.ਐੱਚ.ਐੱਮ. ਮੁਲਾਜ਼ਮਾਂ ਤੋਂ ਇਲਾਵਾ ਹੋਰ ਭਰਾਤਰੀ ਜਥੇਬੰਦੀਆਂ ਦੇ ਮੈਂਬਰਾਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ।ਯੂਨੀਅਨ ਆਗੂ ਡਾ. ਗੁਰਵਿੰਦਰ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਡਾ. ਸਿਮਰਪਾਲ ਨੇ ਕਿਹਾ ਕਿ ਮੁਲਾਜ਼ਮ ਸੂਬੇ ਦੀ ਸਿਹਤ ਪ੍ਰਣਾਲੀ ਵਿੱਚ ਲੰਬੇ ਸਮੇਂ ਤੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।ਇਸ ਲਈ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਲਗਾਤਾਰ ਲਟਕਾਉਣ ਦੀ ਬਜਾਏ ਸਰਕਾਰ ਵੱਲੋਂ ਗੰਭੀਰਤਾ ਨਾਲ ਵਿਚਾਰ ਕਰਕੇ ਗੱਲਬਾਤ ਰਾਹੀਂ ਠੋਸ ਤੇ ਸਥਾਈ ਹੱਲ ਕੀਤਾ ਜਾਣਾ ਚਾਹੀਦਾ ਹੈ।ਜੇਕਰ ਸਰਕਾਰ ਵੱਲੋਂ ਮੰਗਾਂ ਦੇ ਹੱਲ ਲਈ ਠੋਸ ਕਾਰਵਾਈ ਨਾ ਕੀਤੀ ਗਈ ਤਾਂ 9 ਅਕਤੂਬਰ ਧੂਰੀ ਦੀ ਮਹਾਂ ਰੈਲੀ ਉਪਰੰਤ ਸੰਘਰਸ਼ ਨੂੰ ਹੋਰ ਤਿੱਖਾ, ਤੇਜ਼ ਤੇ ਵਿਸ਼ਾਲ ਕੀਤਾ ਜਾਵੇਗਾ।ਇਸ ਮੌਕੇ ਜ਼ਿਲ੍ਹੇ ਦੇ ਸਮੂਹ ਐੱਨ ਐੱਚ ਐੱਮ ਮੁਲਾਜ਼ਮ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਨਾਕਾਮ ਭਾਜਪਾ ਸਰਕਾਰ ਧੀਆਂ ਦੀ ਆਜ਼ਾਦੀ 'ਤੇ ਲਾ ਰਹੀ ਪਾਬੰਦੀ : ਕੇਜਰੀਵਾਲ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਕੁੜੀਆਂ ਨੂੰ ਸ਼ਾਮ 7 ਵਜੇ ਤੋਂ ਬਾਅਦ ਘਰੋਂ ਬਾਹਰ ਨਾ ਨਿਕਲਣ ਦੀ ਨਸੀਹਤ ਦੇਣ 'ਤੇ ਭਾਜਪਾ ਸਰਕਾਰ ਨੂੰ ਆੜੇ ਹੱਥੀਂ ਲਿਆ ਹੈ। ਉਨ੍ਹਾ ਕਿਹਾ ਕਿ ਸੁਰੱਖਿਆ ਦੇਣ ਵਿੱਚ ਨਾਕਾਮ ਭਾਜਪਾ ਸਰਕਾਰ ਹੁਣ ਧੀਆਂ ਦੀ ਆਜ਼ਾਦੀ 'ਤੇ ਪਾਬੰਦੀ ਲਗਾ ਰਹੀ ਹੈ, ਜਦਕਿ ਉਸ ਨੂੰ ਸੀ ਸੀ ਟੀ ਵੀ ਕੈਮਰੇ ਲਗਾ ਕੇ ਸੁਰੱਖਿਆ ਵਿਵਸਥਾ ਮਜ਼ਬੂਤ ਕਰਨੀ ਚਾਹੀਦੀ ਹੈ, ਪਰ ਸਰਕਾਰ ਆਪਣਾ ਨਿਕੰਮਾਪਣ ਛੁਪਾ ਰਹੀ ਹੈ। 'ਆਪ' ਸਰਕਾਰ ਵੇਲੇ 2.62 ਲੱਖ ਸੀ ਸੀ ਟੀ ਵੀ ਕੈਮਰੇ ਅਤੇ 2.80 ਲੱਖ ਸਟ੍ਰੀਟ ਲਾਈਟਾਂ ਲਗਾਈਆਂ ਗਈਆਂ ਸਨ।ਇਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਖ਼ਰਾਬ ਪਏ ਹਨ।ਕੇਜਰੀਵਾਲ ਨੇ ਕਿਹਾ ਕਿ ਆਸਥਾ ਕੁੰਜ ਰੇਪ ਕੇਸ ਤੋਂ ਬਾਅਦ ਦਿੱਲੀ ਦੀਆਂ ਵਿਦਿਆਰਥਣਾਂ ਬਹੁਤ ਜ਼ਿਆਦਾ ਗੁੱਸੇ ਵਿੱਚ ਹਨ।ਬਹੁਤ ਸਾਰੇ ਮਹਿਲਾ ਕਾਲਜਾਂ ਦੀਆਂ ਵਿਦਿਆਰਥਣਾਂ ਸੜਕਾਂ 'ਤੇ ਹਨ ਅਤੇ ਆਪਣੀ ਸੁਰੱਖਿਆ ਦੀ ਮੰਗ ਕਰ ਰਹੀਆਂ ਹਨ। ਸਰਕਾਰ ਨੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਲੂਣ ਉਦੋਂ ਛਿੜਕਿਆ, ਜਦੋਂ ਉਨ੍ਹਾਂ ਨੇ ਆਨਲਾਈਨ ਕਲਾਸਾਂ ਸ਼ੁਰੂ ਕਰ ਦਿੱਤੀਆਂ।ਸਰਕਾਰ ਨੇ ਕੁੜੀਆਂ ਨੂੰ ਕਿਹਾ ਕਿ ਸ਼ਾਮ ਨੂੰ ਘਰੋਂ ਨਿਕਲਣਾ ਬੰਦ ਕਰ ਦਿਓ, ਰਾਤ ਨੂੰ ਘਰੋਂ ਨਿਕਲਣਾ ਬੰਦ ਕਰ ਦਿਓ। ਸਾਰੀਆਂ ਪਾਬੰਦੀਆਂ ਕੁੜੀਆਂ 'ਤੇ ਹੀ ਕਿਉਂ ਲਗਾਈਆਂ ਜਾਂਦੀਆਂ ਹਨ? ਸਰਕਾਰ ਆਪਣਾ ਕੰਮ ਕਰਨ ਵਿੱਚ ਨਾਕਾਮ ਹੈ।ਜੇ ਸਰਕਾਰ ਨਿਕੰਮੀ ਹੈ, ਤਾਂ ਕੀ ਉਹ ਔਰਤਾਂ 'ਤੇ ਪਾਬੰਦੀ ਲਗਾ ਦੇਵੇਗੀ?

## ਸਫਾ 1 ਦੇ ਬਾਕੀ...

### ਗਿਆਨੇਸ਼ ਨੂੰ ਬਰਖਾਸਤ...

ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਕੀਤਾ ਗਿਆ ਇਹ ਕਾਰਾ ਸੰਵਿਧਾਨ 'ਤੇ ਇੱਕ ਵੱਡਾ ਡਾਕਾ ਹੈ। ਉਹਨਾਂ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਆਗੂਆਂ ਅਤੇ ਵਰਕਰਾਂ ਨੂੰ ਤਿੱਖੇ ਸੰਘਰਸ਼ ਲਈ ਤਿਆਰ ਰਹਿਣ ਦੀ ਅਪੀਲ ਵੀ ਕੀਤੀ।ਉਹਨਾਂ ਕਿਹਾ ਕਿ ਪੂਰੇ ਦੇਸ਼ 'ਚ ਚੱਲ ਰਹੀ ਅਤੇ ਕੁਝ ਸੂਬਿਆਂ 'ਚ ਹੋ ਚੁੱਕੀ ਐੱਸ ਆਈ ਆਰ ਨੂੰ ਤੁਰੰਤ ਰੱਦ ਕੀਤਾ ਜਾਵੇ।ਇਸ ਮੌਕੇ ਵੇਦ ਪ੍ਰਕਾਸ਼ ਬੁਢਲਾਡਾ ਜ਼ਿਲ੍ਹਾ ਸਹਾਇਕ ਸਕੱਤਰ, ਸੀਤਾ ਰਾਮ ਗੋਬਿੰਦਪੁਰਾ ਸਕੱਤਰ ਬੁਢਲਾਡਾ, ਜਗਸੀਰ ਸਿੰਘ ਰਾਏਕੇ ਸਹਾਇਕ ਸਕੱਤਰ, ਰਤਨ ਭੋਲਾ ਸ਼ਹਿਰੀ ਸਕੱਤਰ, ਮਲਕੀਤ ਸਿੰਘ ਮੰਦਰਾਂ, ਕੇਵਲ ਸਿੰਘ ਸਮਾਓ, ਬਲਵੰਤ ਸਿੰਘ ਫੱਕਰ, ਹਰਮੀਤ ਸਿੰਘ ਬੋੜਾਵਾਲ, ਅਰਵਿੰਦਰ ਕੌਰ, ਕਿਰਨਾ ਰਾਣੀ ਚੌਹਾਨ ਐੱਮ ਸੀ, ਜੱਗਾ ਸਿੰਘ ਸ਼ੇਰ ਖਾਂ, ਗੁਰਦਿਆਲ ਸਿੰਘ, ਗੁਰਦੇਵ ਸਿੰਘ, ਅਸ਼ੋਕ ਲਾਕੜਾ, ਬੂਟਾ ਸਿੰਘ ਬਰਨਾਲਾ, ਬੂਟਾ ਸਿੰਘ ਬਾਜੇਵਾਲਾ, ਜਗਰਾਜ ਸਿੰਘ ਹੀਰਕੇ ਤੇ ਜਗਤਾਰ ਸਿੰਘ ਕਾਲਾ ਆਦਿ ਆਗੂ ਵੀ ਹਾਜ਼ਰ ਸਨ।

### ਨੰਦੀਗ੍ਰਾਮ 'ਚ ਸ਼ਾਂਤੀ ਗੋਪਾਲ...

ਦਾ ਲਾਇਸੈਂਸ ਨਹੀਂ ਬਣ ਸਕਦਾ। ਸੱਤਾ ਵਿੱਚ ਬੈਠੇ ਲੋਕਾਂ ਨੂੰ ਜਮਹੂਰੀ ਹੱਕਾਂ ਅਤੇ ਰਾਜਨੀਤਿਕ ਵਿਰੋਧੀਆਂ 'ਤੇ ਹੋਣ ਵਾਲੇ ਹਰ ਹਮਲੇ ਦਾ ਜਵਾਬ ਦੇਣਾ ਪਵੇਗਾ। ?ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਵੱਲੋਂ ਬਹੁਮਤ ਹਾਸਲ ਕਰਨ ਤੋਂ ਬਾਅਦ ਵੀ ਇਹ ਹਮਲਾ ਹੋਣਾ ਅਤੇ ਫਿਰ ਵੀ ਪਾਰਟੀ ਦਾ ਅਸਹਿਮਤੀ ਅਤੇ ਸਵਾਲਾਂ ਤੋਂ ਬੌਖਲਾਏ ਦਿਖਾਈ ਦੇਣਾ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ। ਸਰਕਾਰ ਦੀਆਂ ਨੀਤੀਆਂ ਅਤੇ ਪੱਛਮੀ ਬੰਗਾਲ ਦੇ ਵਧਦੇ ਫਿਰਕਾਪ੍ਰਸਤੀਕਰਨ 'ਤੇ ਲੋਕਾਂ ਦੇ ਸਵਾਲ ਚੁੱਕਣ ਦੇ ਡਰ ਦਾ ਮੁਕਾਬਲਾ ਹਿੰਸਾ ਨਾਲ ਨਹੀਂ ਕੀਤਾ ਜਾ ਸਕਦਾ। ਇਹ ਦਰਸਾਉਂਦਾ ਹੈ ਕਿ ਭਾਜਪਾ ਦੀ ਜਿੱਤ ਅਸਲ ਨਹੀਂ ਸੀ ਸਗੋਂ ਐਸ.ਆਈ.ਆਰ. ਰਾਹੀਂ ਲੱਖਾਂ ਵੋਟਰਾਂ ਦੇ ਨਾਂ ਹਟਾਉਣ ਅਤੇ ਪੈਸੇ ਦੀ ਤਾਕਤ ਦਾ ਨਤੀਜਾ ਸੀ।ਭਾਰਤੀ ਚੋਣ ਕਮਿਸ਼ਨ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ ਕਿ ਉਹ ਆਜ਼ਾਦਾਨਾ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਵੇ; ਅਜਿਹੀ ਧੱਕੇਸ਼ਾਹੀ ਤੋਂ ਅੱਖਾਂ ਮੀਚਣਾ ਬੇਹੱਦ ਚਿੰਤਾਜਨਕ ਅਤੇ ਲੋਕਤੰਤਰ ਵਿਰੋਧੀ ਹੈ।ਰਾਜਨੀਤਕ ਹਿੰਸਾ, ਵੋਟਰਾਂ ਦੇ ਅਧਿਕਾਰ ਖੋਹਣ ਅਤੇ ਸੱਤਾ ਵਿੱਚ ਬੈਠੇ ਲੋਕਾਂ ਤੋਂ ਸਵਾਲ ਪੁੱਛਣ ਦੇ ਲੋਕਾਂ ਦੇ ਅਧਿਕਾਰ 'ਤੇ ਹਮਲੇ ਖਿਲਾਫ ਹਰ ਜਮਹੂਰੀ ਆਵਾਜ਼ ਬੁਲੰਦ ਕੀਤੀ ਜਾਣੀ ਚਾਹੀਦੀ ਹੈ।

### ਨਹੀਂ ਰਹੇ 'ਸਰੋਕਾਰਾਂ...

ਸਮਰਪਤ ਰਹੇ।ਹੋਰ ਸਾਥੀਆਂ ਨਾਲ ਮਿਲ ਕੇ ਅਦਾਰਾ 'ਸਰੋਕਾਰਾਂ ਦੀ ਆਵਾਜ਼' ਦੀ ਸਥਾਪਨਾ ਕਰਕੇ ਇਸ ਮਾਧਿਅਮ ਰਾਹੀਂ ਉਨ੍ਹਾ ਪੰਜਾਬੀ ਜ਼ਬਾਨ ਵਿਚ ਦੁਨੀਆ ਭਰ ਦੇ ਦੱਬੇ-ਕੁਚਲੇ ਲੋਕਾਂ ਦੇ ਹਕੀਕੀ ਮੁੱਦਿਆਂ ਨੂੰ ਇਨਕਲਾਬੀ ਕੌਮਾਂਤਰੀਵਾਦੀ ਨਜ਼ਰੀਏ ਤੋਂ ਉਠਾਉਣ ਅਤੇ ਲੋਕ ਰਾਇ ਖੜ੍ਹੀ ਕਰਨ ਦਾ ਬੀੜਾ ਚੁੱਕਿਆ ਅਤੇ ਇਸ ਪੇਪਰ ਨੂੰ ਲੋਕਾਂ ਦੀ ਧਿਰ ਦੀ ਬੁਲੰਦ ਆਵਾਜ਼ ਦੇ ਰੂਪ ਵਿਚ ਸਥਾਪਤ ਕੀਤਾ। ਅੱਜ ਦੁਨੀਆ ਭਰ ਵਿਚ ਫਾਸ਼ੀਵਾਦ ਦੇ ਬੋਲਬਾਲੇ ਦੇ ਵੱਡੀਆਂ ਚੁਣੌਤੀਆਂ ਵਾਲੇ ਸਮਿਆਂ ਵਿਚ ਐਸੀ ਬਹੁਪੱਖੀ ਇਨਕਲਾਬੀ ਸ਼ਖ਼ਸੀਅਤ ਦਾ ਵਿਛੋੜਾ ਦੇ ਜਾਣਾ ਅਦਾਰਾ 'ਸਰੋਕਾਰਾਂ ਦੀ ਆਵਾਜ਼', ਕੈਨੇਡਾ ਦੀਆਂ ਸਮੂਹ ਅਗਾਂਹਵਧੂ ਤਾਕਤਾਂ ਅਤੇ ਭਾਰਤ ਦੀ ਇਨਕਲਾਬੀ ਜਮਹੂਰੀ ਲਹਿਰ ਲਈ ਬਹੁਤ ਵੱਡਾ ਘਾਟਾ ਹੈ। ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਉਪਰੇਸ਼ਨ ਗ੍ਰੀਨ ਹੰਟ ਵਿਰੋਧੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ ਕੇ ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਹਰਬੰਸ ਸਿੰਘ ਦੇ ਬੇਵਕਤੀ ਸਦੀਵੀ ਵਿਛੋੜਾ ਦੇ ਜਾਣ ਉਪਰ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ ਅਤੇ ਉਨ੍ਹਾ ਦੀ ਇਨਕਲਾਬੀ ਘਾਲਣਾ ਨੂੰ ਅਕੀਦਤ ਭੇਟ ਕੀਤੀ ਹੈ।

### ਲੋਕਤੰਤਰ ਤੇ ਸੰਵਿਧਾਨ...

ਵਿੱਚ ਕਮਜ਼ੋਰ ਕੀਤਾ ਗਿਆ ਹੈ। ਉਨ੍ਹਾ ਭਾਜਪਾ ਅਤੇ ਆਰ ਐੱਸ ਐੱਸ 'ਤੇ ਉਨ੍ਹਾਂ ਦੀ ਆਜ਼ਾਦੀ ਨੂੰ ਕਮਜ਼ੋਰ ਕਰਨ ਲਈ ਇੱਕ ਪੂਰੀ ਯੋਜਨਾ ਵਜੋਂ ਵਰਣਨ ਕੀਤੇ ਗਏ ਕਦਮਾਂ ਨੂੰ ਅੱਗੇ ਵਧਾਉਣ ਦਾ ਦੋਸ਼ ਲਗਾਇਆ। "ਕਾਂਗਰਸ ਨੇ ਇਸ ਦੇਸ਼ ਦੀਆਂ ਸੰਸਥਾਵਾਂ ਬਣਾਈਆਂ, ਉਨ੍ਹਾਂ ਨੂੰ ਸੁਤੰਤਰ ਅਤੇ ਸਸ਼ਕਤ ਬਣਾਇਆ, ਪਰ ਬਹੁਤ ਦੁੱਖ ਨਾਲ ਮੈਨੂੰ ਇਹ ਕਹਿਣਾ ਪੈ ਰਿਹਾ ਹੈ ਕਿ ਅੱਜ ਉਹ ਸੱਤਾ ਵਿੱਚ ਬੈਠੇ ਲੋਕਾਂ ਦੇ ਸਾਹਮਣੇ ਝੁਕ ਕੇ ਖੜ੍ਹੇ ਹਨ।" ਉਨ੍ਹਾ ਕਿਹਾ, ਖੜਗੇ ਨੇ ਕਿਹਾ ਕਿ ਚੋਣ ਕਮਿਸ਼ਨ ਆਪਣੀ ਆਜ਼ਾਦੀ ਅਤੇ ਭਰੋਸੇਯੋਗਤਾ ਗੁਆ ਚੁੱਕਾ ਹੈ ਅਤੇ ਸੀ ਈ ਸੀ ਗਿਆਨੇਸ਼ ਕੁਮਾਰ ਦੇ ਕੰਮਕਾਜ 'ਤੇ ਸਵਾਲ ਉੱਠ ਰਹੇ ਹਨ। ਉਨ੍ਹਾਂ ਪੁੱਛਿਆ ਕਿ ਜੇਕਰ ਮੁੱਖ ਚੋਣ ਕਮਿਸ਼ਨਰ ਆਪਣੇ ਹੀ ਸਾਥੀਆਂ ਦਾ ਵਿਸ਼ਵਾਸ ਨਹੀਂ ਜਿੱਤ ਸਕਦੇ ਤਾਂ ਦੇਸ਼ ਉਨ੍ਹਾਂ 'ਤੇ ਕਿਵੇਂ ਭਰੋਸਾ ਕਰ ਸਕਦਾ ਹੈ? ਉਨ੍ਹਾ ਅੱਗੇ ਦੋਸ਼ ਲਗਾਇਆ ਕਿ ਚੋਣ ਅਧਿਕਾਰੀ ਭਾਜਪਾ ਅਤੇ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਵੋਟਰਾਂ ਦੇ ਨਾਂਅ ਮਿਟਾ ਰਹੇ ਹਨ। ਕਾਂਗਰਸ ਵਿਸ਼ੇਸ਼ ਤੀਬਰ ਸੋਧ ਦੇ ਆਲੇ-ਦੁਆਲੇ ਦੇ ਵਿਵਾਦ ਦੇ ਵਿਚਕਾਰ ਵੋਟਰ ਸੂਚੀਆਂ ਵਿੱਚ ਬੇਨਿਯਮੀਆਂ ਨੂੰ ਲੈ ਕੇ ਆਪਣੀ ਮੁਹਿੰਮ ਤੇਜ਼ ਕਰ ਰਹੀ ਹੈ। ਖੜਗੇ ਨੇ ਕਿਹਾ ਕਿ ਕਾਂਗਰਸ ਦੀ ਆਲੋਚਨਾ ਦਾ ਉਦੇਸ਼ ਚੋਣ ਕਮਿਸ਼ਨ ਨੂੰ ਕਮਜ਼ੋਰ ਕਰਨਾ ਨਹੀਂ ਹੈ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਇਹ ਸੁਤੰਤਰ ਅਤੇ ਭਰੋਸੇਯੋਗ ਰਹੇ। ਉਨ੍ਹਾ ਕਿਹਾ ਕਿ ਸਾਡੇ ਸਵਾਲ ਇਨ੍ਹਾਂ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਨਹੀਂ ਹਨ, ਬਲਕਿ ਅਸੀਂ ਚਾਹੁੰਦੇ ਹਾਂ ਕਿ ਚੋਣ ਕਮਿਸ਼ਨ ਇੰਨਾ ਮਜ਼ਬੂਤ ਤੇ ਭਰੋਸੇਯੋਗ ਹੋਵੇ ਕਿ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਦੋਵਾਂ ਨੂੰ ਇਸ ਦੇ ਫੈਸਲਿਆਂ 'ਤੇ ਬਰਾਬਰ ਭਰੋਸਾ ਹੋਵੇ।

ਖੜਗੇ ਨੇ ਵੋਟਰ ਸੂਚੀਆਂ ਅਤੇ ਚੋਣ ਪ੍ਰਕਿਰਿਆ ਸੰਬੰਧੀ ਪੰਜ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਮਤਦਾਤਾ ਸੂਚੀਆਂ ਵਿੱਚ ਵੱਡੇ ਬਦਲਾਅ ਬਾਰੇ ਪੂਰਾ ਡੇਟਾ ਜਨਤਕ ਕੀਤਾ ਜਾਣਾ ਚਾਹੀਦਾ ਹੈ। ਜਿਨ੍ਹਾਂ ਵੋਟਰਾਂ ਦੇ ਨਾਂਅ ਹਟਾ ਦਿੱਤੇ ਗਏ ਹਨ, ਉਨ੍ਹਾਂ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਅਪੀਲ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਰਾਜਨੀਤਕ ਪਾਰਟੀਆਂ ਨੂੰ ਵੋਟਰ ਸੂਚੀ ਡੇਟਾ ਅਤੇ ਸੰਬੰਧਤ ਜਾਣਕਾਰੀ ਇੱਕ ਸਰਲ ਅਤੇ ਸਮੇਂ ਸਿਰ ਫਾਰਮੈਟ ਵਿੱਚ ਪ੍ਰਾਪਤ ਕਰਨੀ ਚਾਹੀਦੀ ਹੈ। ਗੰਭੀਰ ਅੰਤਰਾਂ ਦੀ ਇੱਕ ਸੁਤੰਤਰ ਅਤੇ ਸਮਾਂਬੱਧ ਜਾਂਚ ਹੋਣੀ ਚਾਹੀਦੀ ਹੈ। ਚੋਣ ਪ੍ਰਕਿਰਿਆ ਨਾਲ ਸੰਬੰਧਤ ਮਹੱਤਵਪੂਰਨ ਡੇਟਾ ਅਤੇ ਫੈਸਲੇ ਪੂਰੀ ਤਰ੍ਹਾਂ ਪਾਰਦਰਸ਼ੀ ਹੋਣੇ ਚਾਹੀਦੇ ਹਨ। ਉਨ੍ਹਾ ਐੱਸ ਆਈ ਆਰ ਦੀ ਜ਼ਰੂਰਤ 'ਤੇ ਵੀ ਸਵਾਲ ਉਠਾਏ ਅਤੇ ਚੋਣ ਕਮਿਸ਼ਨ ਦੇ ਅੰਦਰੂਨੀ ਪੋਰਟਲ ਦੇ ਕੰਮਕਾਜ 'ਤੇ ਵੀ ਸਵਾਲ ਉਠਾਏ, ਜਿਸ ਵਿੱਚ ਕਾਂਗਰਸ ਦਾ ਦਾਅਵਾ ਵੀ ਸ਼ਾਮਲ ਹੈ ਕਿ ਦੋ ਚੋਣ ਕਮਿਸ਼ਨਰਾਂ ਨੂੰ ਪ੍ਰਣਾਲੀ ਦੇ ਪਹਿਲੂਆਂ ਤੋਂ ਬਾਹਰ ਰੱਖਿਆ ਗਿਆ ਸੀ। ਵੋਟਿੰਗ ਅਧਿਕਾਰਾਂ ਬਾਰੇ ਸੰਵਿਧਾਨ ਸਭਾ ਵਿੱਚ ਬੀ.ਆਰ. ਅੰਬੇਡਕਰ ਦੀਆਂ ਟਿੱਪਣੀਆਂ ਦਾ ਹਵਾਲਾ ਦਿੰਦੇ ਹੋਏ ਖੜਗੇ ਨੇ ਕਿਹਾ ਕਿ ਕਿਸੇ ਵੀ ਯੋਗ ਵੋਟਰ ਨੂੰ ਇੱਕ ਅਧਿਕਾਰੀ ਦੇ ਵਿਵੇਕ 'ਤੇ ਵੋਟਰ ਸੂਚੀਆਂ ਤੋਂ ਬਾਹਰ ਨਹੀਂ ਰੱਖਿਆ ਜਾਣਾ ਚਾਹੀਦਾ। ਉਨ੍ਹਾਂ ਨੇ ਫਾਰਮ 6 ਨਾਲ ਸੰਬੰਧਤ ਤਬਦੀਲੀਆਂ ਨੂੰ ਵੀ ਨਿਸ਼ਾਨਾ ਬਣਾਇਆ, ਜੋ ਵੋਟਰ ਨਾਮਾਂਕਣ ਲਈ ਵਰਤਿਆ ਜਾਂਦਾ ਹੈ, ਅਤੇ ਦੋਸ਼ ਲਗਾਇਆ ਕਿ ਉਹ ਨੌਜਵਾਨ ਵੋਟਰਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਖੜਗੇ ਨੇ ਯਾਦ ਕੀਤਾ ਕਿ ਰਾਜੀਵ ਗਾਂਧੀ ਦੇ ਕਾਰਜਕਾਲ ਦੌਰਾਨ ਵੋਟ ਪਾਉਣ ਦੀ ਉਮਰ 21 ਤੋਂ ਘਟਾ ਕੇ 18 ਸਾਲ ਕਰ ਦਿੱਤੀ ਗਈ ਸੀ। ਉਨ੍ਹਾਂ ਨੇ ਬਦਲਾਵਾਂ ਲਈ ਸਪੱਸ਼ਟੀਕਰਨ ਮੰਗਿਆ। ਖੜਗੇ ਨੇ ਕਿਹਾ ਕਿ ਨੋਟਬੰਦੀ ਦੌਰਾਨ ਗਰੀਬ ਕਤਾਰਾਂ ਵਿੱਚ ਖੜ੍ਹੇ ਸਨ। 'ਵੋਟ-ਬੰਦੀ' ਦੇ ਤਹਿਤ ਗਰੀਬਾਂ ਨੂੰ ਪੂਰੀ ਤਰ੍ਹਾਂ ਕਤਾਰ ਤੋਂ ਬਾਹਰ ਧੱਕਿਆ ਜਾ ਰਿਹਾ ਹੈ। ਉਸ ਨੇ ਵੋਟ ਨੂੰ ਗਰੀਬਾਂ, ਦਲਿਤਾਂ ਅਤੇ ਹਾਸ਼ੀਏ 'ਤੇ ਪਏ ਵਰਗਾਂ ਦਾ 'ਸਭ ਤੋਂ ਵੱਡਾ ਹਥਿਆਰ' ਦੱਸਿਆ। ਖੜਗੇ ਨੇ ਮਹਾਦੇਵਪੁਰਾ, ਅਲੈਂਡ, ਹਰਿਆਣਾ ਅਤੇ ਮਹਾਰਾਸ਼ਟਰ ਵਿੱਚ ਵੋਟਰ ਸੂਚੀਆਂ ਬਾਰੇ ਰਾਹੁਲ ਗਾਂਧੀ ਦੇ ਦੋਸ਼ਾਂ ਦਾ ਵੀ ਸਮਰਥਨ ਕੀਤਾ। ਉਸ ਨੇ ਕਿਹਾ ਕਿ ਚਿੰਤਾਵਾਂ ਨੂੰ ਦਸਤਾਵੇਜ਼ਾਂ ਅਤੇ ਵੋਟਰ ਡੇਟਾ ਦੁਆਰਾ ਸਮਰਥਤ ਕੀਤਾ ਗਿਆ ਸੀ ਅਤੇ ਡੁਪਲੀਕੇਟ ਵੋਟਰਾਂ, ਸ਼ੱਕੀ ਪਤਿਆਂ, ਇੱਕ ਪਤੇ 'ਤੇ ਕਈ ਵੋਟਰਾਂ ਅਤੇ ਫਾਰਮ 6 ਨਾਲ ਜੁੜੇ ਐਂਟਰੀਆਂ ਨਾਲ ਸੰਬੰਧਤ ਦੋਸ਼ਾਂ ਦਾ ਹਵਾਲਾ ਦਿੱਤਾ ਗਿਆ ਸੀ। ਖੜਗੇ ਨੇ ਗਾਂਧੀ ਦੇ ਸੱਦੇ ਤੋਂ ਬਾਅਦ ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕਰਨ ਲਈ ਕਾਂਗਰਸੀ ਵਰਕਰਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਪਾਰਟੀ 'ਸੜਕਾਂ ਤੋਂ ਸੰਸਦ ਤੱਕ' ਆਪਣੀ ਮੁਹਿੰਮ ਜਾਰੀ ਰੱਖੇਗੀ।

### ਬਲਤੇਜ ਪੰਨੂ ਨੇ ...

ਰੈਲੀਆਂ ਵਿੱਚ ਹਿੱਸਾ ਲੈ ਰਹੇ ਹਨ, ਪਰ ਐੱਸ ਜੀ ਪੀ ਸੀ ਦੀ ਸਰਾਂ ਵਿੱਚ ਮਹੀਨਿਆਂਬੱਧੀ ਰਹਿਣ ਵਾਲੀ ਔਰਤ ਨਾਲ ਸੰਬੰਧਤ ਦੋਸ਼ਾਂ 'ਤੇ ਪੂਰੀ ਤਰ੍ਹਾਂ ਚੁੱਪੀ ਹੈ। ਉਹ ਇਹਨਾਂ ਸਵਾਲਾਂ ਦੇ ਜਵਾਬ ਕਿਉਂ ਨਹੀਂ ਦੇ ਰਹੇ? ਜਦੋਂ ਇੱਕ ਔਰਤ ਨਾਲ ਹੋਏ ਵਿਹਾਰ ਅਤੇ ਐੱਸ ਜੀ ਪੀ ਸੀ ਦੇ ਸਰੋਤਾਂ ਦੀ ਵਰਤੋਂ 'ਤੇ ਸਵਾਲ ਉੱਠ ਰਹੇ ਹਨ ਤਾਂ ਚੁੱਪੀ ਕਿਉਂ ਹੈ?' ਉਹਨਾ ਕਿਹਾ, 'ਬਿਕਰਮ ਸਿੰਘ ਮਜੀਠੀਆ ਵੀ ਪ੍ਰੈੱਸ ਕਾਨਫਰੰਸ ਕਰਨ ਦੀ ਬਜਾਏ ਵੀਡੀਓਜ਼ ਜਾਰੀ ਕਰ ਰਹੇ ਹਨ, ਜਿੱਥੇ ਉਨ੍ਹਾ ਨੂੰ ਪੱਤਰਕਾਰਾਂ ਦੇ ਸਵਾਲਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ।' ਧਾਮੀ ਸਾਹਿਬ ਨੇ ਵੀ ਮੀਡੀਆ ਦਾ ਸਾਹਮਣਾ ਕਰਨ ਦੀ ਬਜਾਏ ਵੀਡੀਓ ਜਾਰੀ ਕੀਤੀ ਹੈ। ਪੰਨੂ ਨੇ ਕਿਹਾ, 'ਇਸ ਔਰਤ ਨੂੰ ਐੱਸ ਜੀ ਪੀ ਸੀ ਦੀ ਸਰਾਂ ਵਿੱਚ ਕੌਣ ਲੈ ਕੇ ਆਇਆ? ਉਸ ਨੂੰ ਮਹੀਨਿਆਂ ਤੱਕ ਉੱਥੇ ਕਿਉਂ ਰੱਖਿਆ ਗਿਆ? ਉਸ ਨੂੰ ਰਿਹਾਇਸ਼ ਅਤੇ ਸੁਵਿਧਾਵਾਂ ਕਿਸ ਨੇ ਮੁਹੱਈਆ ਕਰਵਾਈਆਂ? ਇਹਨਾਂ ਦਾ ਭੁਗਤਾਨ ਕਿਸ ਨੇ ਕੀਤਾ? ਸਰਬਜੀਤ ਸਿੰਘ ਝਿੰਜਰ ਦੀ ਕੀ ਭੂਮਿਕਾ ਸੀ? ਵਿਰਸਾ ਸਿੰਘ ਵਲਟੋਹਾ ਦੀ ਕੀ ਭੂਮਿਕਾ ਸੀ? ਇਹ ਬੁਨਿਆਦੀ ਸਵਾਲ ਹਨ ਅਤੇ ਐੱਸ ਜੀ ਪੀ ਸੀ ਨੂੰ ਇਹਨਾਂ ਦੇ ਜਵਾਬ ਦੇਣੇ ਚਾਹੀਦੇ ਹਨ।' ਆਪ ਪੰਜਾਬ ਦੇ ਮੀਡੀਆ ਇੰਚਾਰਜ ਨੇ ਕਿਹਾ, 'ਇਹ ਮਾਮਲਾ ਖ਼ਾਸ ਤੌਰ 'ਤੇ ਗੰਭੀਰ ਹੈ, ਕਿਉਂਕਿ ਇਸ ਵਿੱਚ ਸ਼ਾਮਲ ਸਰਾਂ, ਗੱਡੀ, ਡਰਾਈਵਰ ਅਤੇ ਸੇਵਾਦਾਰ ਐੱਸ ਜੀ ਪੀ ਸੀ ਨਾਲ ਸੰਬੰਧਤ ਸਨ। ਜੇਕਰ ਐੱਸ ਜੀ ਪੀ ਸੀ ਦੇ ਸਰੋਤਾਂ ਦੀ ਵਰਤੋਂ ਕੀਤੀ ਗਈ ਸੀ ਤਾਂ ਐੱਸ ਜੀ ਪੀ ਸੀ ਨੂੰ ਸਿੱਖ ਸੰਗਤ ਦੇ ਸਾਹਮਣੇ ਪੂਰਾ ਖ਼ਰਚਾ ਰੱਖਣਾ ਚਾਹੀਦਾ ਹੈ।'

ਉਹਨਾ ਮਾਮਲੇ 'ਚ ਨਵਾਂ ਖ਼ੁਲਾਸਾ ਕਰਦਿਆਂ ਕਿਹਾ, '23 ਜੁਲਾਈ 2026 ਨੂੰ ਪੰਜਾਬ ਨੈਸ਼ਨਲ ਬੈਂਕ 'ਚ ਐੱਸ ਜੀ ਪੀ ਸੀ ਸਕੱਤਰ ਦੇ ਨਾਂਅ 'ਤੇ ਬਣੇ ਖਾਤੇ 'ਚੋਂ ਬਹਿਰੀਨ ਦੀ ਔਰਤ ਦੇ ਖਾਤੇ 'ਚ 1 ਲੱਖ ਟ੍ਰਾਂਸਫਰ ਕੀਤੇ ਗਏ ਸਨ। ਇਹ ਇਕ ਲੱਖ ਕਿਉਂ ਟ੍ਰਾਂਸਫਰ ਕੀਤਾ ਗਿਆ? ਇਹ ਕਿਸ ਮਕਸਦ ਲਈ ਦਿੱਤਾ ਗਿਆ? ਇਸ ਭੁਗਤਾਨ ਨੂੰ ਕਿਸ ਨੇ ਮਨਜ਼ੂਰੀ ਦਿੱਤੀ? ਇਹ ਪੈਸਾ ਕਿਸ ਹੈੱਡ ਤਹਿਤ ਟ੍ਰਾਂਸਫਰ ਕੀਤਾ ਗਿਆ? ਐੱਸ ਜੀ ਪੀ ਸੀ ਨੂੰ ਇਹਨਾਂ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ। ਇਹ ਸਿਰਫ਼ ਇੱਕ ਟ੍ਰਾਂਸਫਰ ਹੈ। ਬਾਕੀ ਭੁਗਤਾਨਾਂ ਬਾਰੇ ਕੀ? ਨਕਦ ਖ਼ਰਚਿਆਂ ਬਾਰੇ ਕੀ? ਉਸ ਦੀ ਰਿਹਾਇਸ਼, ਖਾਣ-ਪੀਣ, ਸਫ਼ਰ ਅਤੇ ਹੋਰ ਸਹੂਲਤਾਂ 'ਤੇ ਹੋਏ ਖ਼ਰਚਿਆਂ ਦਾ ਕੀ? ਗੱਡੀ ਐੱਸ ਜੀ ਪੀ ਸੀ ਵੱਲੋਂ ਦਿੱਤੀ ਗਈ ਸੀ, ਉਸ ਦੇ ਤੇਲ ਦਾ ਭੁਗਤਾਨ ਐੱਸ ਜੀ ਪੀ ਸੀ ਨੇ ਕੀਤਾ ਸੀ, ਡਰਾਈਵਰ ਨੂੰ ਭੁਗਤਾਨ ਐੱਸ ਜੀ ਪੀ ਸੀ ਨੇ ਕੀਤਾ ਸੀ ਅਤੇ ਸੇਵਾਦਾਰ ਐੱਸ ਜੀ ਪੀ ਸੀ ਦੇ ਕਰਮਚਾਰੀ ਸਨ। ਇਸ ਤੋਂ ਇਲਾਵਾ ਜੇਕਰ ਉਸ ਨੂੰ ਨਿੱਜੀ ਖ਼ਰਚਿਆਂ ਲਈ ਵੀ ਪੈਸੇ ਦਿੱਤੇ ਜਾ ਰਹੇ ਸਨ, ਤਾਂ ਉਹਨਾਂ ਅੱਠ ਮਹੀਨਿਆਂ ਦੇ ਪੂਰੇ ਖ਼ਰਚੇ ਦਾ ਹਿਸਾਬ ਦਿੱਤਾ ਜਾਣਾ ਚਾਹੀਦਾ ਹੈ।'

ਪੰਨੂ ਨੇ ਮੰਗ ਕੀਤੀ ਕਿ ਐੱਸ ਜੀ ਪੀ ਸੀ ਔਰਤ ਦੇ ਠਹਿਰਨ ਨਾਲ ਸੰਬੰਧਤ ਹੋਏ ਪੂਰੇ ਖ਼ਰਚੇ ਦਾ ਖ਼ੁਲਾਸਾ ਕਰੇ ਅਤੇ ਦੱਸੇ ਕਿ ਹਰੇਕ ਭੁਗਤਾਨ ਨੂੰ ਕਿਸ ਨੇ ਮਨਜ਼ੂਰੀ ਦਿੱਤੀ ਸੀ।

### 'ਨਵਾਂ ਜ਼ਮਾਨਾ' 'ਚ...

ਚੁਣਿਆ ਅਤੇ ਆਪਣੀ ਜ਼ਿੰਦਗੀ ਕੌਮ ਦੇ ਲੇਖੇ ਲਾ ਦਿੱਤੀ।ਇਨਕਲਾਬੀ ਵਿਚਾਰ ਪੇਸ਼ ਕਰਦਿਆਂ ਉਹਨਾ ਕਿਹਾ ਕਿ ਸ਼ਹੀਦ ਭਗਤ ਸਿੰਘ ਸਿਰਫ਼ ਇੱਕ ਇਤਿਹਾਸਕ ਸ਼ਖ਼ਸੀਅਤ ਹੀ ਨਹੀਂ, ਸਗੋਂ ਨੌਜਵਾਨ ਪੀੜ੍ਹੀ ਲਈ ਵਿਚਾਰਾਂ, ਹਿੰਮਤ, ਕੁਰਬਾਨੀ ਅਤੇ ਦੇਸ਼-ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਪ੍ਰਤੀਕ ਸਨ।ਗੁਰਮੀਤ ਨੇ ਕਿਹਾ ਕਿ ਸ਼ਹੀਦ ਦੀ ਕੁਰਬਾਨੀ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਦਿੱਤੀ ਜਾ ਸਕਦੀ ਹੈ, ਜੇਕਰ ਅਸੀਂ ਉਨ੍ਹਾ ਦੇ ਵਿਚਾਰਾਂ ਨੂੰ ਸਮਝੀਏ ਅਤੇ ਸਮਾਜ ਵਿੱਚ ਬਰਾਬਰੀ, ਇਨਸਾਫ਼ ਅਤੇ ਲੋਕ-ਹਿੱਤ ਲਈ ਆਪਣੀ ਜ਼ਿੰਮੇਵਾਰੀ ਨਿਭਾਈਏ।ਇਸ ਦੌਰਾਨ 'ਨਵਾਂ ਜ਼ਮਾਨਾ' ਦਾ ਸਮੁੱਚਾ ਸਟਾਫ਼ ਵੀ ਮੌਜੂਦ ਸੀ।

## 'ਵੋਟ ਚੋਰੀ' ਦੇ ਮੁੱਦੇ 'ਤੇ ਮੁੱਖ ਚੋਣ ਕਮਿਸ਼ਨਰ ਨੂੰ ਗ੍ਰਿਫ਼ਤਾਰ ਕੀਤਾ ਜਾਵੇ : ਬਿੱਟੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਕਾਂਗਰਸ ਵੱਲੋਂ 'ਵੋਟ ਚੋਰੀ' ਦੇ ਮੁੱਦੇ 'ਤੇ ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਪਟਿਆਲਾ ਦੇ ਫੁਆਰਾ ਚੌਕ ਵਿੱਚ ਰੋਸ ਧਰਨਾ ਦਿੱਤਾ ਗਿਆ।ਇਸ ਧਰਨੇ ਵਿੱਚ ਸਾਬਕਾ ਮੇਅਰ ਪਟਿਆਲਾ ਸੰਜੀਵ ਸ਼ਰਮਾ ਬਿੱਟੂ ਆਪਣੇ ਭਾਰੀ ਗਿਣਤੀ ਵਿੱਚ ਸਾਥੀਆਂ ਤੇ ਸਮਰਥਕਾਂ ਸਮੇਤ ਸ਼ਾਮਲ ਹੋਏ।ਇਸ ਮੌਕੇ ਉਨ੍ਹਾਂ ਨੇ ਲੋਕਤੰਤਰ ਦੀ ਰੱਖਿਆ, ਵੋਟ ਦੀ ਪਵਿੱਤਰਤਾ ਤੇ ਚੋਣ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਯਕੀਨੀ ਬਣਾਉਣ ਦੀ ਮੰਗ ਕਰਦਿਆਂ ਆਪਣਾ ਰੋਸ ਪ੍ਰਗਟ ਕੀਤਾ।ਸੰਜੀਵ ਸ਼ਰਮਾ ਬਿੱਟੂ ਨੇ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰ ਵੋਟ ਦੀ ਅਹਿਮੀਅਤ ਤੇ ਉਸ ਦੀ ਪਵਿੱਤਰਤਾ ਨੂੰ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਨੀਂਹ ਹੈ ਤੇ ਚੋਣ ਪ੍ਰਕਿਰਿਆ ਵਿੱਚ ਲੋਕਾਂ ਦਾ ਭਰੋਸਾ ਬਣਾਈ ਰੱਖਣਾ ਚੋਣ ਕਮਿਸ਼ਨ ਦੀ ਅਹਿਮ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਵੋਟਾਂ ਨਾਲ ਸਬੰਧਤ ਉੱਠ ਰਹੇ ਸਵਾਲਾਂ ਦਾ ਪਾਰਦਰਸ਼ੀ ਢੰਗ ਨਾਲ ਜਵਾਬ ਦਿੱਤਾ ਜਾਣਾ ਚਾਹੀਦਾ ਹੈ।ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ ਦੀ ਗ੍ਰਿਫ਼ਤਾਰੀ ਦੀ ਮੰਗ ਬਾਰੇ ਸੰਜੀਵ ਬਿੱਟੂ ਨੇ ਕਿਹਾ ਕਿ ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ ਤੇ ਉਸ ਨਾਲ ਜੁੜੇ ਸਵਾਲਾਂ ਬਾਰੇ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਸੰਵਿਧਾਨਕ ਸੰਸਥਾਵਾਂ ਦੀ ਭਰੋਸੇਯੋਗਤਾ ਤੇ ਨਿਰਪੱਖਤਾ ਬਰਕਰਾਰ ਰਹਿਣੀ ਚਾਹੀਦੀ ਹੈ ਤੇ ਉੱਠ ਰਹੇ ਸਵਾਲਾਂ ਦਾ ਕਾਨੂੰਨੀ ਪ੍ਰਕਿਰਿਆ ਰਾਹੀਂ ਨਿਪਟਾਰਾ ਹੋਣਾ ਚਾਹੀਦਾ ਹੈ।ਅੰਤ ਵਿੱਚ ਸੰਜੀਵ ਸ਼ਰਮਾ ਬਿੱਟੂ ਨੇ ਕਿਹਾ ਕਿ ਲੋਕਤੰਤਰ ਦੀ ਰੱਖਿਆ ਤੇ ਲੋਕਾਂ ਦੇ ਵੋਟ ਦੇ ਅਧਿਕਾਰ ਦੀ ਸੁਰੱਖਿਆ ਲਈ ਹਰ ਨਾਗਰਿਕ ਨੂੰ ਜਾਗਰੂਕ ਹੋਣਾ ਚਾਹੀਦਾ ਹੈ।

## ਹੋਲੀ ਹਾਰਟ ਸਕੂਲ ਵਿਖੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਅਜੀਤਵਾਲ (ਨਛੱਤਰ ਸੰਧੂ)**-ਅਜੀਤਵਾਲ ਵਿਖੇ ਸਥਿਤ ਹੋਲੀ ਹਾਰਟ ਸਕੂਲ ਵਿਖੇ ਮਹਾਨ ਇਨਕਲਾਬੀ ਅਤੇ ਅਮਰ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਬਹੁਤ ਹੀ ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਵਿੱਚ ਇੱਕ ਖਾਸ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਸਮੂਹ ਅਧਿਆਪਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਸਮਾਗਮ ਦੀ ਸ਼ੁਰੂਆਤ ਅਧਿਆਪਕਾਂ ਦੁਆਰਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਤਸਵੀਰ ਅੱਗੇ ਸ਼ਰਧਾ ਦੇ ਫੁੱਲ ਭੇਟ ਕਰਕੇ ਅਤੇ ਜੋਤ ਪ੍ਰਜਵਲਿਤ ਕਰਕੇ ਕੀਤੀ ਗਈ।ਇਸ ਤੋਂ ਬਾਅਦ ਸਮੂਹ ਸਟਾਫ ਨੇ ਮਹਾਨ ਸ਼ਹੀਦ ਦੀ ਸ਼ਹਾਦਤ ਅਤੇ ਬੇਮਿਸਾਲ ਯੋਗਦਾਨ ਨੂੰ ਯਾਦ ਕਰਦਿਆਂ ਦੋ ਮਿੰਟ ਦਾ ਮੌਨ ਧਾਰਨ ਕੀਤਾ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਨਮਨ ਕੀਤਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਅਤੇ ਪ੍ਰਬੰਧਕੀ ਕਮੇਟੀ ਚੇਅਰਮੈਨ ਸ਼ੁਭਾਸ਼ ਪਲਤਾ ਅਤੇ ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ, ਸ਼ਿਵਾਨੀ ਅਰੋੜਾ ਅਤੇ ਰਮਨ ਅਰੋੜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਧਿਆਪਕ ਸਮਾਜ ਦੇ ਨਿਰਮਾਤਾ ਹੁੰਦੇ ਹਨ ਅਤੇ ਉਨ੍ਹਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸ਼ਹੀਦ ਭਗਤ ਸਿੰਘ ਵਰਗੇ ਮਹਾਨ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਅਤੇ ਵਿਚਾਰਧਾਰਾ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ।ਉਨ੍ਹਾਂ ਕਿਹਾ ਕਿ ਭਗਤ ਸਿੰਘ ਦੇ ਵਿਚਾਰ ਅੱਜ ਦੇ ਸਮੇਂ ਵਿੱਚ ਵੀ ਉਨੇ ਹੀ ਸਾਰਥਕ ਹਨ ਜਿੰਨੇ ਆਜ਼ਾਦੀ ਦੀ ਲੜਾਈ ਦੌਰਾਨ ਸਨ। ਸਮੁੱਚੇ ਸਮਾਗਮ ਦੌਰਾਨ ਸਕੂਲ ਦਾ ਵਾਤਾਵਰਨ ਇਨਕਲਾਬ ਜ਼ਿੰਦਾਬਾਦ ਅਤੇ ਸ਼ਹੀਦ ਭਗਤ ਸਿੰਘ ਅਮਰ ਰਹਦੇ ਨਾਅਰਿਆਂ ਨਾਲ ਗੂੰਜ ਉੱਠਿਆ।

## ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਅਪਣਾਉਣ ਦਾ ਸੱਦਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭਗਤ ਸਿੰਘ ਦੇ ਜਨਮ ਦਿਨ ਮੌਕੇ ਮਾਸਟਰ ਬਾਬੂ ਸਿੰਘ ਯਾਦਗਾਰੀ ਭਵਨ ਵਿਖੇ ਵੱਖ-ਵੱਖ ਜਥੇਬੰਦੀਆਂ ਨਾਲ ਸਬੰਧਤ ਵਿਅਕਤੀਆਂ ਨੇ ਇਕੱਠੇ ਹੋ ਕੇ ਸ਼ਹੀਦ ਭਗਤ ਸਿੰਘ ਦੇ ਜੀਵਨ, ਵਿਚਾਰਾਂ ਅਤੇ ਸੰਘਰਸ਼ ਦੇ ਢੰਗ ਬਾਰੇ ਵਿਚਾਰ-ਚਰਚਾ ਕੀਤੀ।ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਭਗਤ ਸਿੰਘ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਉਨ੍ਹਾਂ ਨੇ ਆਜ਼ਾਦੀ ਦੇ ਸੰਘਰਸ਼ ਨੂੰ ਸਿਰਫ਼ ਕਿਸੇ ਇੱਕ ਇਲਾਕੇ, ਧਰਮ ਜਾਂ ਸਮੂਹ ਤੱਕ ਸੀਮਤ ਨਹੀਂ ਸਮਝਿਆ।ਉਨ੍ਹਾਂ ਦੇ ਸਮੇਂ ਆਜ਼ਾਦੀ ਲਈ ਸੰਘਰਸ਼ ਕਰ ਰਹੇ ਲੋਕ ਵੱਖ-ਵੱਖ ਇਲਾਕਿਆਂ, ਧਰਮਾਂ ਅਤੇ ਵਿਚਾਰਧਾਰਾਵਾਂ ਨਾਲ ਸਬੰਧਤ ਸਨ, ਪਰ ਭਗਤ ਸਿੰਘ ਨੇ ਸਾਂਝੇ ਮਕਸਦ ਲਈ ਸੰਘਰਸ਼ਸ਼ੀਲ ਲੋਕਾਂ ਨੂੰ ਜਥੇਬੰਦ ਕਰਨ ਅਤੇ ਇੱਕ ਮੰਚ 'ਤੇ ਲਿਆਉਣ 'ਤੇ ਜ਼ੋਰ ਦਿੱਤਾ।ਅਜਿਹੇ ਸਮੇਂ ਭਗਤ ਸਿੰਘ ਦਾ ਲੋਕਾਂ ਨੂੰ ਵੰਡੀਆਂ ਤੋਂ ਉੱਪਰ ਉਠ ਕੇ ਸਾਂਝੇ ਮਸਲਿਆਂ 'ਤੇ ਇਕੱਠੇ ਸੰਘਰਸ਼ ਕਰਨ ਦਾ ਢੰਗ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ।ਉਨ੍ਹਾਂ ਕਿਹਾ ਕਿ ਭਗਤ ਸਿੰਘ ਨੂੰ ਸਿਰਫ਼ ਯਾਦ ਕਰਨ ਦੀ ਬਜਾਏ ਉਨ੍ਹਾਂ ਦੇ ਵਿਚਾਰਾਂ, ਲੋਕ ਪੱਖੀ ਸੋਚ ਅਤੇ ਸੰਘਰਸ਼ ਦੀ ਪਰੰਪਰਾ ਨੂੰ ਸਮਝਣ ਅਤੇ ਅੱਗੇ ਲਿਜਾਣ ਦੀ ਲੋੜ ਹੈ।

## ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ 'ਤੇ ਦੀਪਮਾਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸ਼ਹੀਦ ਭਗਤ ਸਿੰਘ ਕਲੱਬ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 119ਵੇਂ ਜਨਮ ਦਿਵਸ ਮੌਕੇ ਜਲਾਲਾਬਾਦ-ਟਿੱਬੀ ਸਾਹਿਬ ਰੋਡ ਸਥਿਤ ਸ਼ਹੀਦੀ ਸਮਾਰਕ ਸ਼ਹੀਦ ਭਗਤ ਸਿੰਘ ਚੌਂਕ 'ਤੇ ਮੋਮਬੱਤੀਆਂ ਜਲਾ ਕੇ ਦੀਪਮਾਲਾ ਕੀਤੀ ਗਈ।ਕਲੱਬ ਦੇ ਪ੍ਰਧਾਨ ਸੰਜੇ ਵਾਲੀਆ ਦੀ ਪ੍ਰਧਾਨਗੀ ਹੇਠ ਆਯੋਜਿਤ ਸਮਾਰੋਹ ਦੌਰਾਨ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਯਾਦ ਕੀਤਾ ਗਿਆ।ਪ੍ਰਧਾਨ ਸੰਜੇ ਵਾਲੀਆ ਨੇ ਕਿਹਾ ਕਿ ਅੱਜ ਸਮਾਜ ਨੂੰ ਭਗਤ ਸਿੰਘ ਵਰਗੇ ਦੇਸ਼ ਭਗਤ ਨੇਤਾਵਾਂ ਦੀ ਲੋੜ ਹੈ ਨਾ ਕਿ ਸਿਰਫ਼ ਕੇਸਰੀ ਪਗੜੀਆਂ ਬੰਨ੍ਹ ਕੇ ਚੱਲਣ ਵਾਲੇ ਅਤੇ ਮਹਿਜ਼ ਭਗਤ ਸਿੰਘ ਦੀਆਂ ਗੱਲਾਂ ਕਰਨ ਵਾਲੇ ਨੇਤਾਵਾਂ ਦੀ। ਪੀ ਆਰ ਓ ਜਗਦੀਸ਼ ਚੰਦਰ ਜੋਸ਼ੀ ਨੇ ਕਿਹਾ ਕਿ ਅਖੰਡ ਭਾਰਤ ਲਈ ਇੱਕ ਰਾਸ਼ਟਰ ਇੱਕ ਸੋਚ ਦਾ ਹੋਣਾ ਬਹੁਤ ਜ਼ਰੂਰੀ ਹੈ।ਬਦਕਿਸਮਤੀ ਨਾਲ ਸਾਡੇ ਭਾਰਤ ਦੇਸ਼ ਨੂੰ ਧਾਰਮਿਕ, ਸਮਾਜਿਕ ਅਤੇ ਖੇਤਰੀ ਭਾਵਨਾਵਾਂ ਨਾਲ ਖੰਡਿਤ ਕੀਤਾ ਜਾ ਰਿਹਾ ਹੈ, ਜੋ ਕਿ ਬੇਹੱਦ ਚਿੰਤਾ ਦਾ ਵਿਸ਼ਾ ਹੈ।ਅੱਜ ਭਗਤ ਸਿੰਘ ਦੇ ਬਾਣੇ ਨੂੰ ਨਹੀਂ ਬਲ ਕਿ ਉਸ ਦੀ ਸੋਚ ਨੂੰ ਅਪਨਾਉਣ ਦੀ ਲੋੜ ਹੈ।ਪੰਜਾਬ ਪ੍ਰਦੇਸ਼ ਪੱਲੇਦਾਰ ਯੂਨੀਅਨ ਦੇ ਨੇਤਾ ਮੰਗਾ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਯੂਥ ਦਿਵਸ ਦੇ ਤੌਰ 'ਤੇ ਰਾਸ਼ਟਰੀ ਪੱਧਰ 'ਤੇ ਮਨਾਇਆ ਜਾਣਾ ਚਾਹੀਦਾ ਹੈ।ਇਸ ਮੌਕੇ ਚੇਤ ਰਾਮ, ਪੰਕਜ ਭਾਟੀਆ, ਰਵੀ, ਵੰਸ਼ ਸ਼ਰਮਾ, ਜਵਾਲਾ ਪ੍ਰਤਾਪ ਵਾਲੀਆ, ਸੰਜੀਵ ਸੰਜੂ ਸਮੇਤ ਹੋਰ ਲੋਕ ਵੀ ਹਾਜ਼ਰ ਸਨ

## ਜਨਮ ਦਿਨ ਮੌਕੇ ਸ਼ਹੀਦ ਭਗਤ ਸਿੰਘ ਨੂੰ ਯਾਦ ਕੀਤਾ



**ਰਾਮਪੁਰਾਫੂਲ (ਦਰਸ਼ਨ ਜਿੰਦਲ)**-ਮਾਲਵਾ ਪੰਜਾਬੀ ਸਾਹਿਤ ਸਭਾ (ਰਜਿ:) ਰਾਮਪੁਰਾ ਫੂਲ (ਬਠਿੰਡਾ) ਦੀ ਅਹਿਮ ਮੀਟਿੰਗ ਦਰਸ਼ਨ ਸਿੰਘ ਪ੍ਰੀਤੀਮਾਨ ਦੀ ਪ੍ਰਧਾਨਗੀ ਹੇਠ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਉਨ੍ਹਾਂ ਦੀ ਯਾਦ ਵਿਚ ਹੋਈ।ਇਸ ਮੌਕੇ ਸਾਹਿਤ ਰਤਨ ਪ੍ਰਸਿੱਧ ਨਾਵਲਕਾਰ ਓਮ ਪ੍ਰਕਾਸ਼ ਗਾਸੋ ਬਰਨਾਲਾ ਤੇ ਪ੍ਰਸਿੱਧ ਵਿਸ਼ਵ ਚਿੰਤਕ ਡਾ. ਸਵਰਾਜ ਸਿੰਘ ਪਟਿਆਲਾ ਨੇ ਸ਼ਹੀਦ ਭਗਤ ਸਿੰਘ ਬਾਰੇ ਆਪਣੇ ਵਿਚਾਰ ਵਿਸਥਾਰ ਪੂਰਵਕ ਪੇਸ਼ ਕੀਤੇ।ਇਸ ਤੋਂ ਇਲਾਵਾ ਮਾਲਵਾ ਪੰਜਾਬੀ ਸਾਹਿਤ ਸਭਾ ਦੇ ਸਰਪ੍ਰਸਤ ਹੈਡਮਾਸਟਰ ਹਰਿੰਦਰ ਸਿੰਘ ਭੁੱਲਰ, ਸੀਨੀਅਰ ਮੀਤ ਪ੍ਰਧਾਨ ਦਰਸਨ ਸਿੰਘ ਭੁੱਲਰ, ਡਾ: ਨਿਰੰਜਨ ਸਿੰਘ ਚੌਹਾਨ, ਗਮਦੂਰ ਸਿੰਘ ਜੱਸੀ, ਨਿਰਮਲ ਸਿੰਘ ਵਿਗਿਆਨੀ, ਜਗਸੀਰ ਸਿੰਘ ਸੀਰਾ, ਗੁਰਮੇਲ ਸਿੰਘ, ਗੁਰਿੰਦਰਜੀਤ ਕੌਰ ਖਹਿਰਾ, ਕੇ ਸਾਧੂ ਸਿੰਘ, ਸੁਰਿੰਦਰ ਸ਼ਰਮਾ ਨਾਗਰਾ, ਅਮਰਜੀਤ ਸਿੰਘ ਅਮਨ, ਜਗਮਿੰਦਰ ਪਾਲ ਬਰਾਸ, ਗੁਰਮੁਖ ਸਿੰਘ ਜਾਗੀ, ਚੰਦ ਸਿੰਘ, ਜਗਤਾਰ ਸਿੰਘ ਨਿਮਾਣਾ, ਵੀਰਇੰਦਰ ਘੰਗਰੋਸੀ, ਸੁੱਖਵਿੰਦਰ ਸਮਾਣਾ ਆਦਿ ਨੇ ਭਾਗ ਲਿਆ।ਇਸ ਦੀ ਜਾਣਕਾਰੀ ਸਭਾ ਦੇ ਜਨਰਲ ਸਕੱਤਰ ਦਰੂਦ ਸਿੰਘ ਨੇ ਦਿੱਤੀ।

## ਹਾਰਵਰਡ ਕਾਨਵੈਂਟ ਸਕੂਲ ਵੱਲੋਂ ਮੁਫ਼ਤ ਵਿਦਿਅਕ ਟੂਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਾਰਵਡ ਕਾਨਵੈਂਟ ਸੀਨੀਅਰ ਸੈਕੈਂਡਰੀ ਸਕੂਲ ਵੱਲੋਂ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਹੁਸੈਨੀਵਾਲਾ ਬਾਰਡਰ ਦਾ ਵਿਦਿਅਕ ਟੂਰ ਕਰਵਾਇਆ ਗਿਆ।ਇਹ ਟੂਰ ਵਿਦਿਆਰਥੀਆਂ ਲਈ ਬਿਲਕੁਲ ਮੁਫ਼ਤ ਸੀ।ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਸ਼ਹੀਦਾਂ ਦੀਆਂ ਯਾਦਗਾਰਾਂ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ ਨੂੰ ਨਮਨ ਕੀਤਾ। ਇਸ ਦੇ ਨਾਲ ਹੀ ਵਿਦਿਆਰਥੀਆਂ ਨੇ ਹੁਸੈਨੀਵਾਲਾ ਬਾਰਡਰ 'ਤੇ ਹੋਣ ਵਾਲੀ ਪਰੇਡ ਨੂੰ ਦੇਖਿਆ ਅਤੇ ਦੇਸ਼ ਦੀ ਸਰਹੱਦ, ਸੈਨਿਕਾਂ ਦੀ ਡਿਊਟੀ ਅਤੇ ਦੇਸ਼ ਭਗਤੀ ਨਾਲ ਜੁੜੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕੀਤੀ।ਇਸ ਮੌਕੇ ਸਕੂਲ ਦੇ ਚੇਅਰਮੈਨ ਸ. ਨਵਦੀਪ ਸਿੰਘ ਬਰਾੜ ਨੇ ਕਿਹਾ ਕਿ ਸਕੂਲ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਮੇਂ-ਸਮੇਂ 'ਤੇ ਅਜਿਹੇ ਵਿਦਿਅਕ ਅਤੇ ਗਿਆਨਵਰਧਕ ਟੂਰ ਕਰਵਾਏ ਜਾਂਦੇ ਹਨ।ਉਨ੍ਹਾਂ ਕਿਹਾ ਕਿ ਇਸ ਟੂਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਦੇਸ਼ ਦੇ ਇਤਿਹਾਸ, ਸ਼ਹੀਦਾਂ ਦੀਆਂ ਕੁਰਬਾਨੀਆਂ ਅਤੇ ਦੇਸ਼ ਦੀਆਂ ਸਰਹੱਦਾਂ ਬਾਰੇ ਵਿਹਾਰਕ ਜਾਣਕਾਰੀ ਪ੍ਰਦਾਨ ਕਰਨਾ ਸੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

## ਸ਼ੈਰੀ ਕਲਸੀ ਵੱਲੋਂ ਪੁਲਸ ਲਾਈਨ ਬਟਾਲਾ ਵਿਖੇ ਸੀਸੀਟੀਵੀ ਕੈਮਰਿਆਂ ਦਾ ਉਦਘਾਟਨ

**ਬਟਾਲਾ, (ਡਾ. ਮਲਵਿੰਦਰ ਸਿੰਘ)-** ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਅਤੇ ਪੁਲਸ ਵਿਭਾਗ ਦੀ ਸੁਰੱਖਿਆ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਪੁਲਸ ਲਾਈਨ ਵਿਖੇ ਆਧੁਨਿਕ ਸੀ. ਸੀ. ਟੀ. ਵੀ. ਤਕਨਾਲੋਜੀ ਦੀ ਮਦਦ ਨਾਲ ਪੁਲਿਸ ਪ੍ਰਸ਼ਾਸਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ ਅਤੇ ਸੀ.ਸੀ.ਟੀ.ਵੀ ਕੈਮਰੇ ਇਸ ਦਿਸ਼ਾ ਵਿੱਚ ਇੱਕ ਅਹਿਮ ਕਦਮ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਮਰਿਆਂ ਰਾਹੀਂ ਪੁਲਸ ਲਾਈਨ ਦੇ ਅੰਦਰ ਹੋਣ ਵਾਲੀਆਂ ਗਤੀਵਿਧੀਆਂ ਤੇ ਨਿਗਰਾਨੀ ਰੱਖਣ ਦੇ ਨਾਲ-ਨਾਲ ਸੁਰੱਖਿਆ ਪ੍ਰਬੰਧਾਂ ਨੂੰ ਵੀ ਹੋਰ ਬਿਹਤਰ ਬਣਾਇਆ ਜਾਵੇਗਾ। ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਨਵੀਆਂ ਤਕਨੀਕਾਂ ਨੂੰ ਅਪਣਾਉਣ ਨਾਲ ਅਪਰਾਧਾਂ ਦੀ ਰੋਕਥਾਮ ਅਤੇ ਜਾਂਚ ਵਿੱਚ ਵੀ ਕਾਫ਼ੀ ਮਦਦ ਮਿਲੇਗੀ। ਉਨ੍ਹਾਂ



ਕੈਮਰਿਆਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਮੈਂਬਰ ਗੁਰਿੰਦਰ ਸਿੰਘ ਬਾਜਵਾ, ਚੇਅਰਮੈਨ ਮਾਣਿਕ ਮਹਿਤਾ, ਚੇਅਰਮੈਨ ਚਰਨਜੀਤ ਸਿੰਘ ਪਾਰੋਵਾਲ, ਚੇਅਰਮੈਨ ਰਿਧਪਾਲ ਸਿੰਘ ਉਦੋਵਾਲੀ, ਡੀ. ਐਸ.ਪੀ (ਐਚ) ਤੇਜਿੰਦਰਪਾਲ ਸਿੰਘ, ਡੀ. ਐਸ. ਪੀ. ਸਿਟੀ ਸੁਖਇੰਦਰ ਸਿੰਘ, ਸੀਨੀਅਰ ਆਗੂ ਗੁਰਪ੍ਰੀਤ ਸਿੰਘ ਰਾਜੂ, ਪ੍ਰਧਾਨ ਵੀਨੂੰ ਕਾਹਲੋਂ, ਧੀਰਜ ਕੁਮਾਰ, ਮਨਜੀਤ ਸਿੰਘ ਬੁਮਰਾਹ, ਜਗਜੀਤ ਸਿੰਘ ਮਸੀਹ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਅਤੇ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਬਣਾਉਣਾ ਪੰਜਾਬ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਦੱਸਿਆ ਕਿ ਬਟਾਲਾ ਸ਼ਹਿਰ ਦੇ ਪ੍ਰਮੁੱਖ ਚੌਕਾਂ ਵਿੱਚ ਵੀ ਸੀਸੀਟੀਵੀ ਕੈਮਰੇ ਲਗਾਏ ਗਏ ਹਨ। ਇਸ ਮੌਕੇ ਪੁਲਸ ਅਧਿਕਾਰੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੀ.ਸੀ.ਟੀ.ਵੀ ਕੈਮਰੇ ਲੱਗਣ ਨਾਲ ਸੁਰੱਖਿਆ ਪ੍ਰਬੰਧਾਂ ਵਿੱਚ ਹੋਰ ਵੱਡਾ ਸੁਧਾਰ ਆਵੇਗਾ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਸਥਿਤੀ ਵਿੱਚ ਤੁਰੰਤ ਕਾਰਵਾਈ ਕਰਨ ਵਿੱਚ ਸਹਾਇਤਾ ਮਿਲੇਗੀ। ਸਮਾਗਮ ਦੌਰਾਨ ਹਾਜ਼ਰ ਪਤਵੰਤਿਆਂ ਨੇ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਧੁਨਿਕ ਸੁਰੱਖਿਆ ਸਾਧਨਾਂ ਦੀ ਵਰਤੋਂ ਸਮੇਂ ਦੀ ਲੋੜ ਹੈ। ਆਖਰ ਵਿੱਚ ਵਿਧਾਇਕ ਸ਼ੈਰੀ ਕਲਸੀ ਨੇ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

## ਮਹਿਕਦੀਪ ਕੌਰ ਤੇ ਰਿਸ਼ਾ ਨੇ ਪੰਜਾਬ ਸਕੂਲ ਰਾਜ ਪੱਧਰੀ ਖੇਡਾਂ 'ਚ ਜਿੱਤੇ ਦੋ ਸੋਨ ਤਮਗੇ

**ਧਾਰੀਵਾਲ (ਮਨਦੀਪ ਵਿੱਕੀ)-** ਪੰਜਾਬ ਸਕੂਲ ਸਟੇਟ ਖੇਡਾਂ ਵਿੱਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੀ ਵੇਟ ਲਿਫਟਿੰਗ ਟੀਮ ਦੀਆਂ ਪੰਜ ਵਿਦਿਆਰਥਣਾਂ ਨੇ ਜ਼ਿਲ੍ਹਾ ਗੁਰਦਾਸਪੁਰ ਦੀ ਨੁਮਾਇੰਦਗੀ ਕਰਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ ਨੇ ਖ਼ੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਰਕਾਰੀ ਹਾਈ ਸਕੂਲ ਡਗੋਰਾਜ ਵਿਖੇ ਕਰਵਾਈਆਂ ਗਈਆਂ ਪੰਜਾਬ ਸਕੂਲ ਸਟੇਟ ਖੇਡਾਂ ਦੌਰਾਨ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੀਆਂ ਦੋ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨ ਤਮਗੇ ਹਾਸਲ ਕੀਤੇ। ਵਿਦਿਆਰਥਣ ਮਹਿਕਦੀਪ ਕੌਰ ਨੇ 77 ਕਿਲੋਗ੍ਰਾਮ ਵਰਗ ਵਿੱਚ ਸੋਨ ਤਮਗਾ ਪ੍ਰਾਪਤ ਕੀਤਾ। ਇਸੇ ਤਰ੍ਹਾਂ ਵਿਦਿਆਰਥਣ ਰਿਸ਼ਾ ਨੇ 77 ਕਿਲੋਗ੍ਰਾਮ ਤੋਂ ਵੱਧ ਵਰਗ ਵਿੱਚ ਸੋਨ ਤਮਗਾ ਜਿੱਤ ਕੇ ਸਕੂਲ ਅਤੇ ਜ਼ਿਲ੍ਹਾ ਗੁਰਦਾਸਪੁਰ ਦਾ ਨਾਮ ਰੌਸ਼ਨ ਕੀਤਾ। ਇਹ ਦੋਵੇਂ ਹੋਣਹਾਰ ਵਿਦਿਆਰਥਣਾਂ ਹੁਣ ਨੈਸ਼ਨਲ ਪੱਧਰ ਦੀਆਂ ਖੇਡਾਂ ਵਿੱਚ



ਜ਼ਿਲ੍ਹਾ ਗੁਰਦਾਸਪੁਰ ਦੀ ਨੁਮਾਇੰਦਗੀ ਕਰਨਗੀਆਂ। ਉਨ੍ਹਾਂ ਦੀ ਇਸ ਪ੍ਰਾਪਤੀ ਨਾਲ ਸਕੂਲ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਵਿੱਚ ਖ਼ੁਸ਼ੀ ਦੀ ਲਹਿਰ ਹੈ। ਸਕੂਲ ਪਹੁੰਚਣ 'ਤੇ ਦੋਵੇਂ ਜੇਤੂ ਵਿਦਿਆਰਥਣਾਂ ਦਾ ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ ਸਟਾਫ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਸਕੂਲ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡੀ. ਪੀ. ਈ. ਅਧਿਆਪਕ ਅਮਨਦੀਪ ਕੌਰ ਅਤੇ ਸਨੇਹਾ, ਜੋ ਵਿਦਿਆਰਥਣਾਂ ਦੇ ਨਾਲ ਖੇਡ ਮੁਕਾਬਲਿਆਂ ਵਿੱਚ ਮੌਜੂਦ ਰਹੀਆਂ ਅਤੇ ਉਨ੍ਹਾਂ ਦੇ ਕੋਚ ਸੁਰਿੰਦਰ ਮੋਹਨ ਸ਼ਰਮਾ ਵੀ ਹਾਜ਼ਰ ਸਨ। ਸਕੂਲ ਪ੍ਰਬੰਧਕਾਂ ਅਤੇ ਸਮੂਹ ਸਟਾਫ਼ ਵੱਲੋਂ ਜੇਤੂ ਵਿਦਿਆਰਥਣਾਂ, ਉਨ੍ਹਾਂ ਦੇ ਅਧਿਆਪਕਾਂ ਅਤੇ ਕੋਚ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਗਈ।

## ਆਸ਼ਾ ਵਰਕਰ ਫੈਸਿਲੀਟੇਟਰ ਯੂਨੀਅਨ ਪੰਜਾਬ (ਸੀਟੂ) ਦਾ ਸਫ਼ਲ ਅਜਲਾਸ





**ਫ਼ੇਹਰਾਣ, (ਮਨੋਜ ਕੁਮਾਰ) :** ਸੋਮਵਾਰ ਨੂੰ ਆਸ਼ਾ ਵਰਕਰ ਫੈਸਿਲੀਟੇਟਰ ਯੂਨੀਅਨ ਪੰਜਾਬ (ਸੀਟੂ) ਦਾ ਅਜਲਾਸ ਕਾਮਰੇਡ ਸਰੋਜ ਬਾਲਾ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਚ ਕੀਤਾ ਗਿਆ। ਅਜਲਾਸ ਵਿੱਚ ਕਰੀਬ 100 ਡੈਲੀਗੇਟ ਹਾਜ਼ਰ ਹੋਏ। ਅਜਲਾਸ ਦਾ ਉਦਘਾਟਨ ਸੀਟੂ ਦੇ ਸੂਬਾ ਜਨਰਲ ਸਕੱਤਰ ਮਹਾਂ ਸਿੰਘ ਰੌੜੀ ਨੇ ਕੀਤਾ। ਉਨ੍ਹਾਂ ਅਜਲਾਸ ਨੂੰ ਸੰਬੋਧਨ ਕਰਦਿਆਂ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਸਭਰੇਕੀ ਨੂੰ ਮਜ਼ਬੂਤ ਕਰਕੇ ਸੰਘਰਸ਼ਾਂ ਨੂੰ ਤੇਜ਼ ਕਰਨ ਦਾ ਸੁਨੇਹਾ ਦਿੱਤਾ। ਆਸ਼ਾ ਵਰਕਰ ਫੈਸਿਲੀਟੇਟਰ ਯੂਨੀਅਨ ਪੰਜਾਬ (ਸੀਟੂ) ਦੀ ਜਨਰਲ ਸਕੱਤਰ ਸੀਮਾ ਰਾਣੀ ਵੱਲੋਂ ਪਿਛਲੇ ਤਿੰਨ ਸਾਲਾਂ ਦੀ ਰਿਪੋਰਟ ਪੇਸ਼ ਕੀਤੀ ਗਈ ਜਿਸ 'ਤੇ ਡੈਲੀਗੇਟਾਂ ਨੇ ਬਹਿਸ ਕਰਕੇ ਸਰਬਸੰਮਤੀ ਨਾਲ ਨਾਅਰਿਆਂ ਦੀ ਗੂੰਜ ਵਿਚ ਪਾਸ ਕਰ ਦਿੱਤੀ। ਸੀਟੂ ਦੇ ਸੂਬਾਈ ਮੀਤ ਪ੍ਰਧਾਨ ਸੁੱਚਾ ਸਿੰਘ ਅਜਨਾਲਾ ਨੇ ਆਉਣ ਵਾਲੇ ਸਮੇਂ ਲਈ ਅਹੁਦੇਦਾਰਾਂ ਤੇ ਵਰਕਿੰਗ ਕਮੇਟੀ ਦਾ ਪੈਨਲ ਪੇਸ਼ ਕੀਤਾ ਜੋ ਸਰਬਸੰਮਤੀ ਨਾਲ ਪਾਸ ਕਰਕੇ ਸਰਬਸੰਮਤੀ ਨਾਲ 11 ਅਹੁਦੇਦਾਰ ਤੇ 5 ਕਾਰਜਕਾਰਨੀ ਦੇ ਮੈਂਬਰ ਚੁਣੇ ਗਏ। ਸਰੋਜ ਬਾਲਾ ਨੂੰ ਪ੍ਰਧਾਨ, ਸੀਮਾ ਰਾਣੀ ਜਨਰਲ ਸਕੱਤਰ ਤੇ ਰਘਬੀਰ ਕੌਰ ਨੂੰ ਵਿੱਤ ਸਕੱਤਰ ਤੀਜੀ ਵਾਰ ਚੁਣਿਆ ਗਿਆ। ਸੁਖਜੀਤ ਕੌਰ (ਜਲੰਧਰ), ਜਸਵਿੰਦਰ ਕੌਰ (ਰੋਪੜ), ਅਮਰਜੀਤ ਕੌਰ (ਨਵਾਂ ਸ਼ਹਿਰ), ਕੁਲਵਿੰਦਰ ਕੌਰ (ਮੋਹਾਲੀ) ਤੇ ਜੋਗਿੰਦਰ ਕੌਰ (ਹੁਸ਼ਿਆਰਪੁਰ) ਨੂੰ ਮੀਤ ਪ੍ਰਧਾਨ ਚੁਣਿਆ ਗਿਆ।

ਤਿੰਨ ਅਹੁਦੇ ਖਾਲੀ ਰੱਖੇ ਗਏ। ਕਾਰਜਕਾਰਨੀ ਮੈਂਬਰਾਂ ਵਿੱਚ ਰੇਨੂੰ ਵੈਦ (ਅੰਮ੍ਰਿਤਸਰ), ਕਮਲਜੀਤ ਕੌਰ (ਨਵਾਂ ਸ਼ਹਿਰ), ਪਲਵਿੰਦਰ ਕੌਰ (ਜਲੰਧਰ), ਪਰਮਜੀਤ ਕੌਰ (ਮੋਹਾਲੀ) ਤੇ ਰਣਜੀਤ ਕੌਰ (ਰੋਪੜ) ਚੁਣੇ ਗਏ। ਨਵੀਂ ਕਮੇਟੀ ਨੇ 12 ਅਕਤੂਬਰ 2026 ਨੂੰ ਚੰਡੀਗੜ੍ਹ ਡਾਇਰੈਕਟਰ ਦਫ਼ਤਰ ਅੱਗੇ ਮੰਗਾਂ ਦੀ ਪ੍ਰਾਪਤੀ ਲਈ ਧਰਨੇ ਦਾ ਐਲਾਨ ਕਰ ਦਿੱਤਾ। ਅੰਤ ਵਿਚ ਸੀਟੂ ਦੇ ਸੂਬਾ ਪ੍ਰਧਾਨ ਕਾਮਰੇਡ ਚੰਦਰ ਸ਼ੇਖਰ ਨੇ ਨਵੀਂ ਚੁਣੀ ਗਈ ਕਮੇਟੀ ਨੂੰ ਵਧਾਈ ਦਿੱਤੀ ਅਤੇ 3 ਨਵੰਬਰ ਨੂੰ ਧੂਰੀ ਤੇ 1-2 ਦਸੰਬਰ ਨੂੰ ਦਿੱਲੀ ਹੋ ਰਹੀ ਰੈਲੀ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਕਾਮਰੇਡ ਚਰਨਜੀਤ ਸਿੰਘ ਮੋਹਾਲੀ, ਗੁਰਦੀਪ ਸਿੰਘ ਮੋਹਾਲੀ ਤੇ ਤਾਰਾ ਸਿੰਘ ਮੋਹਾਲੀ ਸੀਟੂ ਆਗੂ ਹਾਜ਼ਰ ਸਨ।

## ਟਿੱਪਰ ਦੀ ਸਾਈਡ ਵੱਜਣ 'ਤੇ ਔਰਤ ਦੀ ਮੌਤ

**ਗੁਰਦਾਸਪੁਰ (ਜਨਕ ਮਹਾਜਨ)-** ਥਾਣਾ ਦੀਨਾਨਗਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬੋਧ ਰਾਜ ਪੁੱਤਰ ਚੁੰਨੀ ਲਾਲ ਵਾਸੀ ਮੀਰਪੁਰ ਨੇ ਦੱਸਿਆ ਕਿ 28 ਸਤੰਬਰ ਨੂੰ ਉਹ ਅਤੇ ਉਸ ਦੀ ਨੂੰਹ ਅਦਿਤੀ ਜੋ ਕਿ ਐਸ.ਐਸ.ਐਮ ਕਾਲਜ ਦੀਨਾਨਗਰ ਵਿਖੇ ਬਤੌਰ ਲੈਕਚਰਾਰ ਲੱਗੀ ਹੋਈ ਸੀ ਜੋ ਆਪਣੀ ਸਕੂਟੀ 'ਤੇ ਸਵਾਰ ਹੋ ਕੇ ਆਪਣੀ ਡਿਊਟੀ 'ਤੇ ਜਾ ਰਹੀ ਸੀ ਕਿ ਸਵੇਰੇ 8 ਵਜੇ ਦੇ ਕਰੀਬ ਜਦ ਉਹ ਬਾਈਪਾਸ ਕਰਸ ਕਰਕੇ ਆਪਣੀ ਸਾਈਡ ਮਗਰਾਲਾ ਵੱਲ ਨੂੰ ਮੁੜੀ ਤਾਂ ਗੁਰਦਾਸਪੁਰ ਸਾਈਡ ਵੱਲੋਂ ਇੱਕ ਟਿੱਪਰ ਤੇਜ਼ ਰਫਤਾਰ ਨਾਲ ਆਇਆ ਜਿਸ ਦੇ ਨਾ-ਮਲੂਮ ਡਰਾਈਵਰ ਨੇ ਗਲਤ ਤਰੀਕੇ ਨਾਲ ਬਿਨਾਂ ਹਾਰਨ ਦਿੱਤੇ ਅਦਿਤੀ ਦੀ ਸਕੂਟੀ ਵਿੱਚ ਟੱਕਰ ਮਾਰ ਦਿੱਤੀ ਅਤੇ ਟਿੱਪਰ ਦਾ ਅਗਲਾ ਟਾਇਰ ਉਸ ਦੇ ਉਪਰ ਦੀ ਲੰਘਣ ਕਰਕੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਥਾਣਾ ਦੀਨਾਨਗਰ ਪੁਲਸ ਨੇ ਟਿੱਪਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਸ੍ਰੀ ਗੋਇੰਦਵਾਲ ਸਾਹਿਬ 'ਚ ਕਾਂਗਰਸ ਨੂੰ ਵੱਡਾ ਹੁੰਗਾਰਾ; ਦਰਜਨਾਂ ਪਰਿਵਾਰਾਂ ਨੇ ਫੜਿਆ ਸਿੱਕੀ ਦਾ 'ਪੰਜਾ'

**ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)-** ਸ੍ਰੀ ਗੋਇੰਦਵਾਲ ਸਾਹਿਬ ਵਿੱਚ ਕਾਂਗਰਸ ਪਾਰਟੀ ਦੀਆਂ ਸਿਆਸੀ ਸਰਗਰਮੀਆਂ ਦਰਮਿਆਨ ਉਸ ਵੇਲੇ ਚਰਚਾ ਤੇਜ਼ ਹੋ ਗਈ, ਜਦੋਂ ਸੀਨੀਅਰ ਕਾਂਗਰਸੀ ਆਗੂ ਸ. ਰਘਬੀਰ ਸਿੰਘ ਵਿਰਕ ਦੀ ਪ੍ਰੇਰਣਾ ਅਤੇ ਮਾਸਟਰ ਧਰਮ ਸਿੰਘ ਦੀ ਅਗਵਾਈ ਹੇਠ ਦਰਜਨਾਂ ਪਰਿਵਾਰਾਂ ਨੇ ਕਾਂਗਰਸ ਪਾਰਟੀ ਨਾਲ ਜੁੜਨ ਦਾ ਐਲਾਨ ਕੀਤਾ। ਇਸ ਮੌਕੇ ਇਲਾਕੇ ਦੇ ਕਈ ਕਾਂਗਰਸੀ ਆਗੂ ਅਤੇ ਵਰਕਰ ਵੀ ਮੌਜੂਦ ਰਹੇ। ਪਾਰਟੀ ਵਿੱਚ ਸ਼ਾਮਲ ਹੋਏ ਨਵੇਂ ਸਾਥੀਆਂ ਦਾ ਕਾਂਗਰਸੀ ਆਗੂਆਂ ਵੱਲੋਂ ਸਵਾਗਤ ਕੀਤਾ ਗਿਆ। ਨਵੇਂ ਜੁੜੇ ਪਰਿਵਾਰਾਂ ਨੇ ਕਿਹਾ ਕਿ ਉਹ ਕਾਂਗਰਸ ਦੀ ਵਿਚਾਰਧਾਰਾ ਅਤੇ ਸਾਬਕਾ ਵਿਧਾਇਕ ਸ. ਰਮਨਜੀਤ ਸਿੰਘ ਸਿੱਕੀ ਦੀ ਸਿਆਸੀ ਭੂਮਿਕਾ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੇ ਹਨ। ਇਸ ਮੌਕੇ ਸ. ਗੁਲਵਿੰਦਰ ਸਿੰਘ ਰਾਏ, ਸ. ਨਿਸ਼ਾਨ ਸਿੰਘ ਢੋਟੀ, ਸਾਬਕਾ ਸਰਪੰਚ ਸ. ਮੋਹਨ ਸਿੰਘ ਬੱਲਾ, ਸ. ਮਲਕੀਤ ਸਿੰਘ ਡਾਇਰੈਕਟਰ, ਸ. ਹਰਵਿੰਦਰ ਸਿੰਘ ਲਾਡੀ, ਸ. ਸਾਬ ਸਿੰਘ, ਸ. ਫਤਿਹ ਸਿੰਘ ਆਰ. ਕੇ. ਰੈਸਟੋਰੈਂਟ ਵਾਲੇ, ਸ. ਗੁਰਅਵਤਾਰ ਸਿੰਘ ਬੱਬੂ ਪਹਿਲਵਾਨ, ਸ. ਹਰਦਿਆਲ ਸਿੰਘ ਕੰਗ, ਇੰਸਪੈਕਟਰ ਹਰਭਜਨ ਸਿੰਘ ਸਰਾਂ, ਮੈਂਬਰ ਪੰਚਾਇਤ ਸ. ਹਰਵਿੰਦਰ ਸਿੰਘ, ਸ. ਗੁਰਦਿਆਲ ਸਿੰਘ ਢੋਟੀ, ਕੈਪਟਨ ਅਨੋਖ ਸਿੰਘ, ਸ. ਪ੍ਰਤਾਪ ਸਿੰਘ ਪੰਜਾਬੀ, ਸ. ਗੁਰਭੇਜ ਸਿੰਘ ਫੌਜੀ, ਸ. ਦਲਜੀਤ ਸਿੰਘ, ਸ. ਗੁਰਦੇਵ ਸਿੰਘ, ਸ. ਬਲਦੇਵ ਸਿੰਘ ਬੜੈਚਾ, ਡਾ. ਦਲਜੀਤ ਸਿੰਘ, ਸ. ਕਰਮਜੀਤ ਸਿੰਘ, ਸ. ਸਮੁਖ ਸਿੰਘ ਫੌਜੀ, ਸ. ਪੂਰਨ ਸਿੰਘ ਮੱਟੂ, ਸ. ਗੁਰਮੀਤ



ਸਿੰਘ, ਸ. ਬਾਵਾ ਸਿੰਘ ਦਲਾਵਲਪੁਰ, ਸ. ਨਰੇਣ ਸਿੰਘ ਪੰਨੂ, ਸ. ਹਰਜਿੰਦਰ ਸਿੰਘ ਠੇਕੇਦਾਰ, ਸ. ਭੁਪਿੰਦਰ ਸਿੰਘ ਦਲਾਵਲਪੁਰ, ਸੂਬੇਦਾਰ ਰਾਜਵਿੰਦਰ ਸਿੰਘ, ਸ. ਗੁਰਚਰਨ ਸਿੰਘ ਅਤੇ ਸ. ਮੁਖਤਿਆਰ ਸਿੰਘ ਸਮੇਤ ਹੋਰ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ। ਇਸ ਮੌਕੇ ਸ. ਰਘਬੀਰ ਸਿੰਘ ਵਿਰਕ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਵੱਲੋਂ ਕਾਂਗਰਸ ਨਾਲ ਜੁੜਨ ਲਈ ਦਿਖਾਇਆ ਜਾ ਰਿਹਾ ਉਤਸ਼ਾਹ ਪਾਰਟੀ ਵਰਕਰਾਂ ਲਈ ਹੌਸਲੇ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਮੂਹ ਵਰਕਰਾਂ ਨੂੰ ਨਾਲ ਲੈ ਕੇ ਲੋਕਾਂ ਦੇ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਉਠਾਇਆ ਜਾਵੇਗਾ। ਮਾਸਟਰ ਧਰਮ ਸਿੰਘ ਨੇ ਕਾਂਗਰਸ ਵਿੱਚ ਸ਼ਾਮਲ ਹੋਏ ਪਰਿਵਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਰੇ ਨਵੇਂ ਸਾਥੀਆਂ ਨੂੰ ਨਾਲ ਲੈ ਕੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਯਤਨ ਕੀਤੇ ਜਾਣਗੇ। ਕਾਂਗਰਸ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਮਾਸਟਰ ਧਰਮ ਸਿੰਘ, ਸ. ਗੁਰਭੇਜ ਸਿੰਘ ਫੌਜੀ, ਸ. ਦਲਜੀਤ ਸਿੰਘ, ਸ. ਗੁਰਦੇਵ ਸਿੰਘ, ਸ. ਬਲਦੇਵ ਸਿੰਘ ਬੜੈਚਾ, ਡਾ. ਦਲਜੀਤ ਸਿੰਘ, ਸ. ਕਰਮਜੀਤ ਸਿੰਘ, ਸ. ਸਮੁਖ ਸਿੰਘ ਫੌਜੀ, , ਸ. ਗੁਰਮੀਤ ਸਿੰਘ, ਸ. ਬਾਵਾ ਸਿੰਘ ਦਲਾਵਲਪੁਰ, ਸ. ਨਰੇਣ ਸਿੰਘ ਪੰਨੂ, ਸ. ਹਰਜਿੰਦਰ ਸਿੰਘ ਠੇਕੇਦਾਰ, ਸ. ਭੁਪਿੰਦਰ ਸਿੰਘ ਦਲਾਵਲਪੁਰ, ਸੂਬੇਦਾਰ ਰਾਜਵਿੰਦਰ ਸਿੰਘ, ਸ. ਗੁਰਚਰਨ ਸਿੰਘ ਅਤੇ ਸ. ਮੁਖਤਿਆਰ ਸਿੰਘ ਦੇ ਨਾਮ ਦੱਸੇ ਗਏ ਹਨ। ਖਡੂਰ ਸਾਹਿਬ ਦੀ ਸਿਆਸਤ ਵਿੱਚ ਹਾਲੀਆ ਦਿਨਾਂ ਦੌਰਾਨ ਪਾਰਟੀ ਬਦਲਣ ਅਤੇ ਸਿਆਸੀ ਸਰਗਰਮੀਆਂ ਤੇਜ਼ ਹੋਈਆਂ ਹਨ। 22 ਸਤੰਬਰ ਨੂੰ ਸਾਬਕਾ ਖਡੂਰ ਸਾਹਿਬ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਦੇ 'ਆਪ' ਵਿੱਚ ਸ਼ਾਮਲ ਹੋਣ ਦੀ ਰਿਪੋਰਟ ਵੀ ਸਾਹਮਣੇ ਆਈ ਸੀ। ਇਸ ਪਿਛੋਕੜ ਵਿੱਚ ਸ੍ਰੀ ਗੋਇੰਦਵਾਲ ਸਾਹਿਬ ਵਿੱਚ ਦਰਜਨਾਂ ਪਰਿਵਾਰਾਂ ਦਾ ਕਾਂਗਰਸ ਨਾਲ ਜੁੜਨਾ ਸਥਾਨਕ ਪੱਧਰ 'ਤੇ ਚੱਲ ਰਹੀਆਂ ਸਿਆਸੀ ਸਰਗਰਮੀਆਂ ਵਿੱਚ ਇੱਕ ਹੋਰ ਚਰਚਿਤ ਘਟਨਾ ਵਜੋਂ ਸਾਹਮਣੇ ਆਇਆ ਹੈ।

## ਦਿਹਾਤੀ ਖੇਤਰ ਦੀਆਂ ਮੰਡੀਆਂ 'ਚ ਝੋਨੇ ਦੀ ਆਮਦ ਸ਼ੁਰੂ, ਪ੍ਰਬੰਧਾਂ 'ਤੇ ਲੱਗੇ ਸਵਾਲੀਆ ਨਿਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)-** ਗੁਰਦਾਸਪੁਰ ਦੀਆਂ ਦਿਹਾਤੀ ਖੇਤਰ ਦੀਆਂ



ਮੰਡੀਆਂ ਵਿਚ ਝੋਨੇ ਦੀ ਆਮਦ ਸ਼ੁਰੂ ਹੋ ਗਈ ਹੈ ਅਤੇ ਮਾਰਕੀਟ ਕਮੇਟੀ ਦੇ ਅਧੂਰੇ ਪ੍ਰਬੰਧਾਂ 'ਤੇ ਕਈ ਸਵਾਲ ਖੜ੍ਹੇ ਹੋ ਰਹੇ ਹਨ। ਜਦੋਂ ਇਸ ਪ੍ਰਤੀਨਿਧ ਨੇ ਦਿਹਾਤੀ ਖੇਤਰ ਦੀ ਮੰਡੀ ਪੁਰਾਣਾ ਸ਼ਾਲਾ, ਚਾਵਾ, ਚੂਹੜਪੁਰ, ਗੋਹਤਪ ਪੋਖਰ ਤੇ ਸਾਹੋਵਾਲ ਦਾ ਦੌਰਾ ਕੀਤਾ ਤਾਂ ਆੜ੍ਹਤੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਖ਼ਰੀਦ 1 ਅਕਤੂਬਰ ਤੋਂ ਅਰੰਭ ਕਰ ਦਿੱਤੀ ਗਈ ਹੈ ਪਰ ਮਾਰਕੀਟ ਕਮੇਟੀਆਂ ਵਲੋਂ ਮੰਡੀਆਂ ਵਿਚ ਕੋਈ ਵੀ ਪੁਖਤਾ ਪ੍ਰਬੰਧ ਨਹੀਂ ਕੀਤੇ ਗਏ ਅਤੇ ਆੜ੍ਹਤੀਆਂ ਨੇ ਆਪਣੇ ਸਿਰ 'ਤੇ ਖ਼ੁਦ ਬਿਜਲੀ ਤੇ ਹੋਰ ਲੋੜੀਂਦੇ ਪ੍ਰਬੰਧ ਕੀਤੇ ਹਨ। ਉਨ੍ਹਾਂ ਦੱਸਿਆ ਕਿ ਇਸ ਵਾਰ ਮੰਡੀਆਂ ਵਿਚ ਇੱਕ ਦੋ ਹੀ ਸਮੇਂ ਝੋਨੇ ਦੀ ਆਮਦ ਹੋਣੀ ਹੈ ਕਿਉਂਕਿ ਕਿਸਾਨਾਂ ਨੇ ਖੇਤੀਬਾੜੀ ਪ੍ਰਮਾਣਿਤ ਬੀਜ ਲਗਾਇਆ ਹੋਇਆ ਹੈ ਅਤੇ ਫਸਲ ਅਕਤੂਬਰ ਦੇ ਪਹਿਲੇ ਹਫ਼ਤੇ ਤੇਜ਼ੀ ਨਾਲ ਮੰਡੀਆਂ ਵਿਚ ਆਉਣੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਸਿਰਫ਼ ਖ਼ਰੀਦ ਨੂੰ 1 ਦਿਨ ਬਾਕੀ ਰਹਿ ਗਿਆ ਹੈ ਅਤੇ ਅਜੇ ਤੀਕ ਮੰਡੀਆਂ ਵਿਚ ਕੋਈ ਵੀ ਖ਼ਰੀਦ ਏਜੰਸੀ ਜਾਂ ਹੋਰ ਸਟਾਫ ਨਹੀਂ ਪਹੁੰਚਿਆ ਅਤੇ ਕਈ ਆੜ੍ਹਤੀ ਖ਼ਰੀਦਿਆ ਝੋਨਾ ਪ੍ਰਾਈਵੇਟ ਥਾਂਵਾਂ 'ਚ ਪਾਉਣ ਲਈ ਮਜ਼ਬੂਰ ਹਨ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਗੁਰਦਾਸਪੁਰ ਦੀਆਂ 92 ਮੰਡੀਆਂ ਵਿਚ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਜੋ ਸਿਰਫ਼ ਹਾਸੋਹੀਣਾ ਬਿਆਨ ਹੈ। ਉਨ੍ਹਾਂ ਪੰਜਾਬ ਦੇ ਸਿਵਲ ਸਪਲਾਈਜ਼ ਮੰਤਰੀ ਲਾਲ ਚੰਦ ਕਟਾਰੂਚੱਕ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ ਦੀਆਂ ਮੰਡੀਆਂ ਵਿਚ ਝੋਨੇ ਦੀ ਆਮਦ ਨੂੰ ਵੇਖਦੇ ਹੋਏ ਖ਼ਰੀਦ ਏਜੰਸੀਆਂ ਫ਼ੌਰੀ ਤੌਰ 'ਤੇ ਮੰਡੀਆਂ ਵਿਚ ਭੇਜੀਆਂ ਜਾਣ।

## ਮੁੱਖ ਮੰਤਰੀ ਭਗਵੰਤ ਮਾਨ ਮਾਵਾਂ ਧੀਆਂ ਸਤਿਕਾਰ ਯੋਜਨਾ ਰੈਲੀ ਨੂੰ ਕਰਨਗੇ ਸੰਬੋਧਨ : ਪ੍ਰੋ. ਹਰਪ੍ਰੀਤ ਸਿੰਘ ਕੋਟ

**ਚੋਹਲਾ ਸਾਹਿਬ (ਰਮਨ ਚੱਢਾ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਸਖੀਆਂ ਨੂੰ ਸਨਮਾਨਿਤ ਕਰਨ ਆ ਰਹੇ ਹਨ। ਉਨ੍ਹਾਂ ਦਾ ਹਲਕਾ ਖਡੂਰ ਸਾਹਿਬ ਆਉਣ 'ਤੇ ਨਿੱਘਾ ਸਵਾਗਤ ਕਰਦੇ ਹਾਂ। ਉਹ ਰੈਲੀ ਵਿੱਚ ਪੰਜਾਬ ਦੀਆਂ ਮਾਵਾਂ ਭੈਣਾਂ ਨੂੰ ਸਨਮਾਨ ਰਾਸ਼ੀ ਦੇ ਕਿਸ਼ਤ ਜਾਰੀ ਕਰਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪ੍ਰੋਫੈਸਰ ਹਰਪ੍ਰੀਤ ਸਿੰਘ ਕੋਟ ਪੰਜਾਬ ਦੇ ਬੁਲਾਰੇ ਹਲਕਾ ਖਡੂਰ ਸਾਹਿਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਹਲਕਾ ਖਡੂਰ ਸਾਹਿਬ ਦੇ ਹਰ ਵਰਕਰ ਵਿੱਚ ਬਹੁਤ ਉਤਸ਼ਾਹ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਵਿੱਚ ਹਲਕਾ ਖਡੂਰ ਸਾਹਿਬ ਦੇ ਰਹਿੰਦੇ ਕੰਮ ਵੀ ਮੁਕੰਮਲ ਹੋ ਜਾਣਗੇ। ਮੁਖ ਮੰਤਰੀ ਲੋਕ ਭਲਾਈ ਲਈ ਹਲਕਾ ਖਡੂਰ ਸਾਹਿਬ ਨੂੰ ਵੱਡੀਆਂ ਸੁਗਾਤਾਂ ਦੇ ਨਾਲ ਨਿਵਾਜਣਗੇ। ਸਾਰੇ ਹੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ। ਮੁੱਖ ਮੰਤਰੀ ਮਾਨ ਹਲਕਾ ਖਡੂਰ ਸਾਹਿਬ ਨੂੰ ਪਹਿਲਾਂ ਵੀ ਕਈ ਸੁਗਾਤਾਂ ਦੇ ਚੁੱਕੇ ਹਨ ਅਤੇ ਹੁਣ ਵੀ ਆਉਣ ਵਾਲਾ ਜਿਹੜਾ ਸਮਾਂ ਹਲਕਾ ਖਡੂਰ ਸਾਹਿਬ ਦੇ ਲਈ ਬਿਹਤਰੀ ਦੇ ਲਈ ਉਹ ਕੰਮ ਕਰਨਗੇ।



## ਪਾਖਰਪੁਰਾ 'ਚ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਨੂੰ ਕੀਤਾ ਸਿਜਦਾ



**ਜੈਂਤੀਪੁਰ (ਸੁਖਬੀਰ ਸਿੱਧੂ)-** ਮਜੀਠਾ ਹਲਕਾ ਦੇ ਪਿੰਡ ਪਾਖਰਪੁਰਾ ਵਿਖੇ ਸ਼ਹੀਦ ਭਗਤ ਸਿੰਘ ਲੋਕ ਸੇਵਾ ਕੇਂਦਰ ਵੱਲੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਹੀਦ ਭਗਤ ਸਿੰਘ ਮੈਮੋਰੀਅਲ ਸੋਸ਼ਲ ਐਂਡ ਸਪੋਰਟਸ ਵੈਲਫੇਅਰ ਸੋਸਾਇਟੀ (ਰਜਿ.) ਵਲੋਂ ਪੂਰੇ ਜੋਸ਼ ਖਰੋਸ਼ ਨਾਲ 119ਵਾ ਜਨਮ ਦਿਹਾੜਾ ਮਨਾਇਆ ਗਿਆ ਜਿਸ ਸਮਾਗਮ ਵਿਚ ਇਲਾਕੇ ਦੀਆਂ ਵੱਡੀਆ ਗਿਣਤੀ ਚ ਪ੍ਰਮੁੱਖ ਸ਼ਖਸੀਅਤਾਂ ਸ਼ਾਮਿਲ ਹੋਈਆਂ। ਇਸ ਮੌਕੇ ਸਬੋਧਨ ਕਰਦਿਆਂ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਦੀ ਲੱਖ ਲੱਖ ਵਧਾਈ ਦਿੰਦਿਆ ਸਰਕਾਰਾਂ ਪ੍ਰਤੀ ਰੋਸ਼ ਪ੍ਰਗਟ ਕੀਤਾ ਕਿ ਅਜੇ ਤੱਕ ਸ਼ਹੀਦ ਭਗਤ ਸਿੰਘ ਨੂੰ ਪਿਛਲੀਆਂ ਤੋਂ ਲੈ ਕੇ ਹੁਣ ਤੱਕ ਦੀਆਂ ਸਰਕਾਰਾਂ ਵਲੋਂ ਸ਼ਹੀਦਾਂ ਐਲਾਨਿਆ ਨਹੀਂ ਗਿਆ ਜੋ ਬਹੁਤ ਦੁੱਖ ਵਾਲੀ ਗੱਲ ਹੈ। ਇਸ ਮੌਕੇ ਸੁਖਦੀਪ ਸਿੰਘ ਸਿੱਧੂ ਗੋਪਾਲਪੁਰਾ, ਬਲਵਿੰਦਰ ਸਿੰਘ ਉੱਪਲ ਸਰਪੰਚ ਮਰੜ੍ਹੀ ਕਲਾਂ ਵਾਇਸ ਚੇਅਰਮੈਨ, ਗੁਲਸ਼ਨ ਕੁਮਾਰ ਬਾਵਾ ਸੀਨੀਅਰ ਮੀਤ ਪ੍ਰਧਾਨ ਜੈਂਤੀਪੁਰ, ਪ੍ਰਿੰਸੀਪਲ ਜੋਗਾ ਸਿੰਘ ਅਠਵਾਲ ਪਾਖਰਪੁਰਾ, ਗੁਰਮੁਖ ਸਿੰਘ ਕਾਦਰਾਬਾਦ ਮੰਡਲ ਪ੍ਰਧਾਨ ਗੁਲਸ਼ਨਬੀਰ ਸਿੰਘ, ਦਰਸ਼ਨ ਕੁਮਾਰ ਬਾਵਾ, ਕਾਮਰੇਡ ਸਰਬਜੀਤ ਸਿੰਘ ਅਬਦਾਲ, ਲਖਨਪਾਲ ਸਿੰਘ, ਦੀਪਵਿੰਦਰ ਸਿੰਘ, ਸਤਨਾਮ ਸਿੰਘ ਕਲੇਰ, ਜਸਬੀਰ ਸਿੰਘ ਝਬਾਲ, ਸਤਨਾਮ ਸਿੰਘ ਰੰਧਾਵਾ ਸਰੂਪਵਾਲੀ, ਮੰਗਲ ਸਿੰਘ ਬੱਠੂਚੱਕ, ਸਤਨਾਮ ਸਿੰਘ ਹਰਜਿੰਦਰ ਸਿੰਘ ਕੁਲਵੰਤ ਸਿੰਘ ਗੁਰਮੁਖ ਸਿੰਘ ਬੱਠੂਚੱਕ ਸਮੇਤ ਵੱਡੀ ਗਿਣਤੀ ਦੇ ਵਿਚ ਵੱਡੀ ਗਿਣਤੀ ਵਿੱਚ ਸ਼ਖਸੀਅਤਾਂ ਹਾਜ਼ਰ ਸਨ।

## ਗੁਰੂ ਨਾਨਕ ਸਿੱਖਿਆ ਤੇ ਸੇਵਾ ਸੋਸਾਇਟੀ ਵੱਲੋਂ ਲੋੜਵੰਦ ਵਿਦਿਆਰਥਣਾਂ ਦੀ ਸਹਾਇਤਾ ਲਈ ਕਰੀਬ 12 ਲੱਖ ਦਾ ਚੈੱਕ ਭੇਟ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਗੁਰੂ ਨਾਨਕ ਸਿੱਖਿਆ ਅਤੇ ਸੇਵਾ ਸੋਸਾਇਟੀ (ਰਜਿ.) ਵੱਲੋਂ ਖਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੂੰ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਸਬੰਧੀ ਕਰੀਬ 12 ਲੱਖ ਰੁਪਏ ਰਾਸ਼ੀ ਚੈੱਕ



ਦੇ ਤੌਰ 'ਤੇ ਸੌਂਪੀ ਗਈ ਜਿਨ੍ਹਾਂ ਨੂੰ ਸ: ਛੀਨਾ ਨੇ ਮੌਕੇ 'ਤੇ ਸਬੰਧਿਤ ਵਿੱਦਿਅਕ ਅਦਾਰਿਆਂ 'ਚ ਖਾਲਸਾ ਯੂਨੀਵਰਸਿਟੀ ਦੇ ਰਜਿਸਟਰਾਰ ਅਤੇ ਪ੍ਰਿੰਸੀਪਲਜ਼ ਨੂੰ ਭੇਟ ਕਰ ਦਿੱਤਾ। ਉਕਤ ਸੋਸਾਇਟੀ ਦੇ ਪ੍ਰਧਾਨ ਅਤੇ ਖਾਲਸਾ ਮੈਨੇਜਿੰਗ ਕਮੇਟੀ ਦੇ ਮੈਂਬਰ ਸ: ਸਰਬਜੀਤ ਸਿੰਘ ਹੁਸ਼ਿਆਰ ਨਗਰ ਵੱਲੋਂ ਕ੍ਰਮਵਾਰ ਖਾਲਸਾ ਯੂਨੀਵਰਸਿਟੀ ਨੂੰ 3,50,000 ਰੁਪਏ (ਸਾਢੇ ਤਿੰਨ ਲੱਖ ਰੁਪਏ), ਖਾਲਸਾ ਕਾਲਜ ਨੂੰ 3,50,000 ਰੁਪਏ (ਸਾਢੇ ਤਿੰਨ ਲੱਖ ਰੁਪਏ), ਖਾਲਸਾ ਕਾਲਜ ਫਾਰ ਵੂਮੈਨ ਨੂੰ 3,00,000 ਰੁਪਏ (ਤਿੰਨ ਲੱਖ ਰੁਪਏ), ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਨੂੰ 1,00,000 ਰੁਪਏ (ਇਕ ਲੱਖ ਰੁਪਏ) ਅਤੇ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਨੂੰ 1,00,000 ਰੁਪਏ (ਇਕ ਲੱਖ ਰੁਪਏ) ਦਾ ਚੈੱਕ ਭੇਟ ਕੀਤਾ ਗਿਆ। ਇਸ ਮੌਕੇ ਸ: ਛੀਨਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਕਤ ਸੋਸਾਇਟੀ ਦੇ ਡਾ. ਹੁਸ਼ਿਆਰ ਨਗਰ ਦੁਆਰਾ ਦਿੱਤੇ ਗਏ ਚੈੱਕ ਕ੍ਰਮਵਾਰ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ, ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਪ੍ਰਿੰਸੀਪਲ ਡਾ. ਸੁਰਿੰਦਰ ਕੌਰ, ਪ੍ਰਿੰਸੀਪਲ ਸ੍ਰੀਮਤੀ ਪੁਨੀਤ ਕੌਰ ਨਾਗਪਾਲ ਅਤੇ ਪ੍ਰਿੰਸੀਪਲ ਸ: ਸ਼ਰਨਜੀਤ ਸਿੰਘ ਨੂੰ ਸੌਂਪ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸੋਸਾਇਟੀ ਸਿੱਖਿਆ ਦੇ ਪ੍ਰਸਾਰ ਲਈ ਸ਼ਲਾਘਾਯੋਗ ਕਾਰਜ ਕਰ ਰਹੀ ਹੈ। ਇਸ ਮੌਕੇ ਪ੍ਰਿੰ: ਡਾ. ਕੁਮਾਰ, ਪ੍ਰਿੰ: ਡਾ. ਰੰਧਾਵਾ, ਪ੍ਰਿੰ: ਡਾ. ਸੁਰਿੰਦਰ ਕੌਰ, ਪ੍ਰਿੰ: ਨਾਗਪਾਲ ਅਤੇ ਪ੍ਰਿੰ: ਸ਼ਰਨਜੀਤ ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਹ ਸਹਾਇਤਾ ਜ਼ਰੂਰਤਮੰਦ ਅਤੇ ਹੋਣਹਾਰ ਵਿਦਿਆਰਥੀਆਂ ਤੱਕ ਪਹੁੰਚੇਗੀ ਤੇ ਉਹ ਇਸ ਲਈ ਉਕਤ ਸੇਵਾ ਸੋਸਾਇਟੀ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਸ਼ੁਕਰਗੁਜ਼ਾਰ ਹਨ।

## ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਡਰੋਨ ਸ਼ੋਅ

**ਗੁਰਦਾਸਪੁਰ (ਜਨਕ ਮਹਾਜਨ)-** ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਪੰਜਾਬ ਸਰਕਾਰ ਵਲੋਂ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਸ਼ਾਨਦਾਰ ਡਰੋਨ ਸ਼ੋਅ ਕਰਾਇਆ ਗਿਆ ਜਿਸ ਵਿਚ 500 ਡਰੋਨਾਂ ਨੇ ਅਸਮਾਨ ਨੂੰ ਰੁਸ਼ਨਾਉਂਦਿਆਂ ਗੁਰੂ ਜੀ ਦੇ ਜੀਵਨ ਅਤੇ ਮਹਾਨ ਸਿੱਖਿਆਵਾਂ ਬਾਰੇ ਬਾਕਮਾਲ ਪੇਸ਼ਕਾਰੀ ਕੀਤੀ। ਇਸ ਵਿਲੱਖਣ ਏਰੀਅਲ ਸ਼ੋਅ ਦੌਰਾਨ 500 ਡਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਫਲਸਫ਼ੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਜਿਸ ਵਿਚ ਗੁਰੂ ਜੀ ਦੇ ਬਰਾਬਰੀ, ਭਾਈਚਾਰਕ ਸਾਂਝ, ਦਇਆ, ਸਮਾਜਿਕ ਨਿਆਂ ਅਤੇ ਮਨੁੱਖੀ ਸਨਮਾਨ ਦਾ ਸਦੀਵੀ ਸੰਦੇਸ਼ ਦੀ ਪੇਸ਼ਕਾਰੀ ਕੀਤੀ ਗਈ। ਸੰਗਤ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗੁਰੂ ਜੀ ਦਾ 650ਵਾਂ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ ਅਤੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮਾਂ ਦੀ ਲੜੀ ਸੂਬੇ ਭਰ ਵਿਚ ਜਾਰੀ ਹੈ। ਉਨ੍ਹਾਂ ਦੱਸਿਆ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਲਗਾਤਾਰ ਡਰੋਨ ਸ਼ੋਅਜ਼, ਡਾਕੂਮੈਂਟਰੀ, ਵਿੱਦਿਅਕ ਅਦਾਰਿਆਂ ਵਿਚ ਸੈਮੀਨਾਰ ਅਤੇ ਗੁਰੂ ਜੀ ਦੇ ਜੀਵਨ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਵੱਖ-ਵੱਖ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ।



ਉਨ੍ਹਾਂ ਕਿਹਾ ਕਿ ਇਹ ਸ਼ਾਨਦਾਰ ਡਰੋਨ ਸ਼ੋਅ ਸ੍ਰੀ ਗੁਰੂ ਰਵਿਦਾਸ ਜੀ ਨੂੰ ਢੁਕਵੀਂ ਸ਼ਰਧਾਂਜਲੀ ਹੈ ਅਤੇ ਉਨ੍ਹਾਂ ਦੇ ਸਦੀਵੀ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਨਿਵੇਕਲਾ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਡਰੋਨ ਸ਼ੋਅ ਨਹੀਂ, ਸਗੋਂ ਨਵੀਂ ਪੀੜ੍ਹੀ ਲਈ ਗੁਰੂ ਜੀ ਦੇ ਬਰਾਬਰੀ ਅਤੇ ਮਨੁੱਖੀ ਸਨਮਾਨ ਦੇ ਸੰਦੇਸ਼ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਹੈ ਜਿਸ ਤੋਂ ਸਾਰਿਆਂ ਨੂੰ ਗੁਰੂ ਜੀ ਵਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਮਿਲਦੀ ਹੈ। ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਆਦਿਤਿਆ ਉੱਪਲ, ਅਸ਼ੋਕ ਕੁਮਾਰ ਐੱਸ ਡੀ ਐਮ, ਦਵਿੰਦਰ ਚੌਧਰੀ ਐੱਸ ਪੀ ਡੀ, ਸੰਗਠਨ ਇੰਚਾਰਜ ਭਾਰਤ ਭੂਸ਼ਣ ਸ਼ਰਮਾ, ਚੇਅਰਮੈਨ ਗਗਨ ਮਹਾਜਨ, ਜ਼ਿਲ੍ਹਾ ਸੈਕਟਰੀ ਜਗਜੀਤ ਸਿੰਘ ਪਿੰਟਾ, ਟਰੱਸਟੀ ਮੈਂਬਰ ਹਿਤੇਸ਼ ਮਹਾਜਨ, ਟਰੱਸਟੀ ਰਘੁਬੀਰ ਸਿੰਘ ਖਾਲਸਾ, ਟਰੇਡ ਕਮਿਸ਼ਨ ਚੈਅਰਮੈਨ ਰਾਜੇਸ਼ ਨੰਦਾ, ਸਰਪੰਚ ਰਾਜੇਸ਼ ਭੰਗਵਾ, ਪ੍ਰਿੰਸੀਪਲ ਅਸ਼ਵਨੀ ਭੱਲਾ, ਪ੍ਰੋਫੈਸਰ ਰਾਜ ਕੁਮਾਰ ਸ਼ਹਮਾ, ਪਰਮਿੰਦਰ ਸਿੰਘ ਸੈਣੀ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤ ਮੌਜੂਦ ਸੀ। ਸ਼ੋਅ ਦੌਰਾਨ ਰਾਗੀ ਭਾਈ ਜਸਬੀਰ ਸਿੰਘ, ਭਾਈ ਹਰਵਿੰਦਰ ਸਿੰਘ, ਭਾਈ ਜਗਤਾਰ ਸਿੰਘ, ਜਸਵੀਰ ਸਿੰਘ ਨੇ ਗੁਰਬਾਣੀ ਦੇ ਸ਼ਬਦ ਅਤੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਡਰੋਨ ਸ਼ੋਅ 30 ਸਤੰਬਰ ਨੂੰ ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਖੇ, 1 ਅਕਤੂਬਰ ਨੂੰ ਆਈ ਟੀ ਆਈ ਗਰਾਊਂਡ ਬਟਾਲਾ ਵਿਖੇ ਅਤੇ 2 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਕਰਵਾਇਆ ਜਾਵੇਗਾ।

## ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਦੀ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮੰਗਾਂ 'ਤੇ ਬਣੀ ਸਹਿਮਤੀ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਭਾਰਤ ਵੱਲੋਂ ਕਿਸਾਨਾਂ ਦੀਆਂ ਸਮੱਸਿਆਵਾਂ ਅਤੇ ਅਹਿਮ ਮੰਗਾਂ ਸਬੰਧੀ ਸੂਬਾ ਸੀਨੀਅਰ ਮੀਤ ਪ੍ਰਧਾਨ ਸੁਖਚੈਨ ਸਿੰਘ ਅਤੇ ਜ਼ਿਲਾ ਪ੍ਰਧਾਨ ਧਰਮਿੰਦਰ ਸਿੰਘ ਬਾਠ ਦੀ ਅਗਵਾਈ ਹੇਠ ਇੱਕ ਵਫਦ ਪਿਛਲੇ ਦਿਨੀਂ ਏਡੀਸੀ ਪਲਵੀ ਮਿਸ਼ਰਾ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ ਸੀ, ਜਿਸ ਤੇ ਅਮਲ ਕਰਦਿਆਂ ਇਸ ਸਬੰਧੀ ਸਬੰਧਤ ਮਹਿਕਮਿਆਂ ਦੇ ਉੱਚ ਅਧਿਕਾਰੀਆਂ ਨਾਲ ਕਿਸਾਨ ਯੂਨੀਅਨਾਂ ਦੀ ਮੀਟਿੰਗ ਕਰਵਾਈ ਗਈ। ਇਸ ਸਬੰਧੀ ਗੱਲ



ਕਰਦਿਆਂ ਪ੍ਰੈੱਸ ਸਕੱਤਰ ਗੁਰਮੁੱਖ ਸਿੰਘ ਮੋਹਣ ਭੰਡਾਰੀਆਂ ਨੇ ਦੱਸਿਆ ਕਿ ਮੀਟਿੰਗ ਦੌਰਾਨ ਕਿਸਾਨਾਂ ਦੀਆਂ ਮੰਗਾਂ ਜਿਵੇਂ ਝੋਨੇ ਦੀ ਸਰਕਾਰੀ ਖਰੀਦ ਤੇ ਨਮੀ ਦੀ ਸ਼ਰਤ 17% ਤੋਂ ਵਧਾ ਕੇ 20% ਕਰਨ, ਪਰਮਲ ਝੋਨੇ ਦੀ ਸਰਕਾਰੀ ਖਰੀਦ ਤੁਰੰਤ ਪ੍ਰਭਾਵ ਨਾਲ ਸ਼ੁਰੂ ਕਰਨ, ਨਮੀ ਚੈੱਕ ਕਰਨ ਲਈ ਸਿਰਫ਼ ਮਾਰਕੀਟ ਬੋਰਡ ਦੀਆਂ ਅਧਿਕਾਰਤ ਮਸ਼ੀਨਾਂ ਹੀ ਵਰਤਣ ਤੇ ਪ੍ਰਾਈਵੇਟ ਸ਼ੈਲਰਾਂ ਅਤੇ ਆੜ੍ਹਤੀਆਂ ਦੀਆਂ ਮਸ਼ੀਨਾਂ ਦੀ ਵਰਤੋਂ 'ਤੇ ਤੁਰੰਤ ਰੋਕ ਲਗਾਉਣ, ਖਰੀਦ ਦੌਰਾਨ ਵਰਾਇਟੀ ਦੇ ਨਾਂ 'ਤੇ ਅਣਉਚਿਤ ਕੱਟ ਬੰਦ ਕਰਨ, ਤੋਲ ਵਿੱਚ ਗੜਬੜੀ ਰੋਕਣ ਅਤੇ ਸਮੇਂ ਸਿਰ ਬਾਰਦਾਨੇ ਦਾ ਪ੍ਰਬੰਧ ਕਰਕੇ ਫ਼ਸਲ ਦੀ ਲਿਫ਼ਟਿੰਗ ਨੂੰ ਯਕੀਨੀ ਬਣਾਉਣ, ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਪੰਜਾਬ ਸਰਕਾਰ ਕਿਸਾਨਾਂ ਨੂੰ 6,000 ਰੁਪਏ ਪ੍ਰਤੀ ਏਕੜ ਸਹਾਇਤਾ ਰਾਸ਼ੀ/ਮੁਆਵਜ਼ਾ ਦੇਣ, ਝੋਨਾ ਵੱਢਣ ਦੇ 7 ਦਿਨਾਂ ਦੇ ਅੰਦਰ-ਅੰਦਰ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਵਾਲੀਆਂ ਲੋੜੀਂਦੀਆਂ ਮਸ਼ੀਨਾਂ ਮੁਹੱਈਆ ਕਰਵਾਉਣ ਤੇ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਸਰਕਾਰੀ ਹੈਲਪਲਾਈਨ ਨੰਬਰ ਜਾਰੀ ਕਰਨ, ਡੀ. ਏ. ਪੀ. ਖਾਦ ਦੀ ਬਿਨਾਂ ਸ਼ਰਤ ਸਪਲਾਈ, (ਕਣਕ, ਸਰ੍ਹੋਂ, ਗੰਨਾ ਅਤੇ ਸਬਜ਼ੀਆਂ) ਦੀ ਬਜਾਈ ਲਈ ਡੀ.ਏ.ਪੀ. ਖਾਦ ਦੀ ਕਾਲਾਬਾਜ਼ਾਰੀ ਅਤੇ ਖਾਦ ਦੇ ਨਾਲ ਹੋਰ ਉਤਪਾਦਾਂ ਦੀ ਕੀਤੀ ਜਾਂਦੀ ਜਬਰੀ ਟੈਗਿੰਗ ਨੂੰ ਤੁਰੰਤ ਬੰਦ ਕਰਵਾ ਕੇ ਕਿਸਾਨਾਂ ਨੂੰ ਸਮੇਂ ਸਿਰ ਖਾਦ ਉਪਲਬਧ ਕਰਵਾਉਣ, ਗੰਨੇ ਦੀ ਰਹਿੰਦੀ ਬਕਾਇਆ ਰਾਸ਼ੀ ਜਲਦੀ ਕਿਸਾਨਾਂ ਦੇ ਖਾਤਿਆਂ ਚ ਪਾਉਣ ਅਤੇ ਭਾਅ 550 ਰੁ ਕੁਇੰਟਲ ਕਰਨ ਅਤੇ ਕੇਂਦਰ ਸਰਕਾਰ ਵੱਲੋਂ ਬਾਹਰਲੇ ਦੇਸ਼ਾਂ ਨਾਲ ਕਰ ਮੁਕਤ ਸਮਝੌਤੇ, ਪਾਣੀਆਂ ਦੇ ਸਮਝੌਤੇ, ਸੀਡ ਬਿੱਲ ਆਦਿ ਸਮਝੌਤਿਆਂ ਨੂੰ ਰੱਦ ਕਰਨ ਤੇ ਅਧਿਕਾਰੀਆਂ ਵੱਲੋਂ ਸਹਿਮਤੀ ਪ੍ਰਗਟ ਕਰਦਿਆਂ ਆਉਂਦੇ ਕੁਝ ਦਿਨਾਂ ਵਿੱਚ ਇਨ੍ਹਾਂ ਦਾ ਹੱਲ ਕਰਨ ਦਾ ਯਕੀਨ ਦਵਾਇਆ ਗਿਆ। ਇਸ ਮੌਕੇ ਕਮਲਜੀਤ ਸਿੰਘ ਬਲਾਕ ਪ੍ਰਧਾਨ ਮਜੀਠਾ, ਕਿਸਾਨ ਆਗੂ ਸਤਨਾਮ ਸਿੰਘ ਝੰਡੇਰ, ਕਰਨ ਸਿੰਘ ਚੀਮਾ, ਬਲਦੇਵ ਸਿੰਘ ਚੀਮਾ, ਪਰਮਜੀਤ ਸਿੰਘ ਅਤੇ ਝਿਰਮਲ ਸਿੰਘ ਆਦਿ ਹਾਜ਼ਰ ਸਨ।

## ਇਸ਼ਦੀਪ ਸਿੰਘ ਗਤਕੇ ਤੇ ਅਦਿਤਿਆ ਰਾਜ ਕਰਾਟੇਕਾ ਵਜੋਂ ਨੈਸ਼ਨਲ ਲਈ ਚੁਣੇ ਗਏ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-** 70ਵੀਆਂ ਪੰਜਾਬ ਬੋਰਡ ਖੇਡਾਂ ਵਿੱਚ ਲਗਾਤਾਰ ਆਪਣੇ ਸ਼ਾਨਦਾਰ ਪ੍ਰਦਰਸ਼ਨ ਨੂੰ ਦੁਹਰਾਉਂਦਿਆਂ ਹੋਏ। ਜਿੱਥੇ ਅੰਡਰ 19 ਕੈਟੇਗਰੀ ਵਿੱਚ ਸੇਂਟ ਸੋਲਜਰ ਦੇ ਖਿਡਾਰੀ ਇਸ਼ਦੀਪ ਸਿੰਘ ਨੇ ਗੋਲਡ ਮੈਡਲ ਹਾਸਲ ਕੀਤਾ ਅਤੇ ਨੈਸ਼ਨਲ ਵਾਸਤੇ ਕੁਆਲੀਫਾਈ ਕੀਤਾ। ਦੋਨਾਂ ਚੈਂਪੀਅਨਾ ਦਾ ਸਕੂਲ ਵਿੱਚ ਬੜੀ ਗਰਮਜੋਸ਼ੀ, ਫੁੱਲਾਂ ਦੇ ਹਾਰ ਪਾ ਕੇ ਤੇ ਧੂਮ ਧੜੱਕੇ ਨਾਲ ਸਵਾਗਤ ਕੀਤਾ ਗਿਆ।



ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਡਾਇਰੈਕਟਰ ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਨੇ ਅਦਿਤਿਆ ਰਾਜ ਅਤੇ ਇਸ਼ਦੀਪ ਸਿੰਘ ਨੂੰ ਸ਼ਾਨਦਾਰ ਪ੍ਰਦਰਸ਼ਨ ਕਰਨ 'ਤੇ ਵਧਾਈ ਤੇ ਸ਼ਾਬਾਸ਼ੀ ਦਿੱਤੀ ਅਤੇ ਉਹਨਾਂ ਦੇ ਕੋਚ ਸੁਖਦੇਵ ਸਿੰਘ ਅਤੇ ਧਰਮ ਸਿੰਘ ਦੀ ਮਿਹਨਤ ਦੀ ਵੀ ਖੂਬ ਸਰਾਹਨਾ ਕੀਤੀ ਇਸ ਮੌਕੇ ਸਕੂਲ ਪ੍ਰਿੰਸੀਪਲ ਸੰਦੀਪ ਸ਼ਰਮਾ, ਵਾਈਸ ਪ੍ਰਿੰਸੀਪਲ ਸ਼ਿਲਪਾ ਸ਼ਰਮਾ, ਕੁਆਰਡੀਨੇਟਰ ਨੀਲਾਕਸ਼ੀ ਗੁਪਤਾ, ਕੁਆਰਡੀਨੇਟਰ ਮਮਤਾ ਅਰੋੜਾ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

ਸੇਂਟ ਸੋਲਜਰ ਦੇ ਖਿਡਾਰੀ ਅਦਿਤਿਆ ਰਾਜ ਨੇ ਕਰਾਟੇ ਵਿੱਚ ਅਤੇ ਇਸ਼ਦੀਪ ਸਿੰਘ ਨੇ ਗਤਕੇ ਵਿੱਚ ਨੈਸ਼ਨਲ ਲਈ ਕੁਆਲੀਫਾਈ ਕੀਤਾ। ਸਟੇਟ ਲੈਵਲ ਤੇ ਪੰਜਾਬ ਖੇਡਾਂ ਵਿੱਚ ਕਰਾਟੇ ਚੈਂਪੀਅਨਸ਼ਿਪ ਵਿੱਚ ਅੰਡਰ 19 ਕੈਟੇਗਰੀ ਵਿੱਚ ਸੇਂਟ ਸੋਲਜਰ ਦੇ ਖਿਡਾਰੀ ਅਦਿਤਿਆ ਰਾਜ ਨੇ ਆਪਣਾ ਅਸਾਧਾਰਨ ਪ੍ਰਦਰਸ਼ਨ ਕਰਦੇ ਹੋਏ ਸ਼ਾਨਦਾਰ ਗੋਲਡ ਮੈਡਲ ਹਾਸਲ ਕੀਤਾ ਅਤੇ ਨੈਸ਼ਨਲ ਵਾਸਤੇ ਕੁਆਲੀਫਾਈ ਕੀਤਾ। ਇਸੇ ਤਰ੍ਹਾਂ ਪੰਜਾਬ ਖੇਡਾਂ ਵਿੱਚ ਸਟੇਟ ਲੈਵਲ ਦੇ ਗਤਕੇ ਦੇ ਈਵੈਂਟ ਲੁਧਿਆਣਾ ਵਿਖੇ

## ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਅਜੇ ਤੱਕ ਨਹੀਂ ਬਣ ਸਕਿਆ : ਦਦੇਹਰ ਸਾਹਿਬ

**ਚੋਹਲਾ ਸਾਹਿਬ: (ਰਮਨ ਚੱਢਾ)-** ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਵੱਲੋਂ ਚੋਹਲਾ ਸਾਹਿਬ ਵਿਖੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਸ਼ਰਧਾ ਅਤੇ ਉਤਸ਼ਾਹ ਨਾਲ



ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਜ਼ਿਲ੍ਹਾ ਕੌਂਸਲ ਮੈਂਬਰ ਪਰਮਜੀਤ ਸਿੰਘ ਚੋਹਲਾ ਸਾਹਿਬ, ਰਜਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਬਿੱਲਿਆਂ ਵਾਲੇ ਨੇ ਸੰਯੁਕਤ ਰੂਪ ਵਿੱਚ ਕੀਤੀ। ਇਸ ਮੌਕੇ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਜਾਣਕਾਰੀ ਦਿੰਦਿਆਂ ਪਾਰਟੀ ਦੇ ਬਲਾਕ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਅਜੇ ਤੱਕ ਨਹੀਂ ਬਣ ਸਕਿਆ। ਉਨ੍ਹਾਂ ਕਿਹਾ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੱਡੀਆਂ ਕੁਰਬਾਨੀਆਂ ਦੇ ਕੇ ਦੇਸ਼ ਇਸ ਲਈ ਆਜ਼ਾਦ ਕਰਵਾਇਆ ਸੀ ਤਾਂ ਜੋ ਹਰੇਕ ਨਾਗਰਿਕ ਨੂੰ ਰੋਟੀ, ਕੱਪੜਾ, ਮਕਾਨ (ਕੁੱਲੀ, ਜੁੱਲੀ) ਮਿਲ ਸਕੇ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਹੋਵੇ। ਪ੍ਰੰਤੂ ਅੱਜ ਦੇਸ਼ ਵਿੱਚ ਭੁੱਖਮਰੀ, ਗਰੀਬੀ ਅਤੇ ਲੁੱਟ-ਖੋਹ ਲਗਾਤਾਰ ਵਧ ਰਹੀ ਹੈ। ਪੰਜਾਬ ਸਰਕਾਰ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇਨਕਲਾਬ ਦਾ ਨਾਅਰਾ ਲਾ ਕੇ ਸੱਤਾ ਵਿੱਚ ਆਈ ਸੀ। 2022 ਦੀਆਂ ਚੋਣਾਂ ਸਮੇਂ ਦਾਅਵਾ ਕੀਤਾ ਗਿਆ ਸੀ ਕਿ ਸਰਕਾਰੀ ਦਫ਼ਤਰਾਂ ਵਿੱਚ ਭਗਤ ਸਿੰਘ ਦੀਆਂ ਤਸਵੀਰਾਂ ਲਗਾਈਆਂ ਜਾਣਗੀਆਂ, ਪਰ ਹੁਣ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਆਪਣੀਆਂ ਤਸਵੀਰਾਂ ਲਗਾਈਆਂ ਜਾ ਰਹੀਆਂ ਹਨ। ਇਨਕਲਾਬ ਦਾ ਅਸਲ ਮਤਲਬ ਹਰ ਨਾਗਰਿਕ ਨੂੰ ਉਸ ਦਾ ਹੱਕ ਦੇਣਾ ਸੀ, ਪ੍ਰੰਤੂ ਅੱਜ ਆਪਣੇ ਹੱਕ ਮੰਗਣ ਵਾਲੇ ਲੋਕਾਂ ਤੇ ਲਾਠੀਚਾਰਜ ਅਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਕਾਮਰੇਡ ਸੁਰਜੀਤ ਸਿੰਘ, ਜਗਤਾਰ ਸਿੰਘ, ਜੋਗਾ ਸਿੰਘ, ਬਗੇਲ ਸਿੰਘ, ਸ਼ਮਸ਼ੇਰ ਸਿੰਘ, ਚਰਨਜੀਤ ਸਿੰਘ, ਜਸਵੰਤ ਸਿੰਘ, ਅਮਰਜੀਤ ਸਿੰਘ, ਲਖਵਿੰਦਰ ਸਿੰਘ ਦਦੇਹਰ ਸਾਹਿਬ, ਕੁਲਵੰਤ ਸਿੰਘ, ਹਰਜਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਸਾਥੀ ਹਾਜ਼ਰ ਸਨ।

## ਦੂਸਰਾ ਸਮੂਹਿਕ ਵਿਆਹ ਸਮਾਰੋਹ 22 ਨਵੰਬਰ ਨੂੰ

**ਬਟਾਲਾ (ਤਰਲੋਕ ਬੱਗਾ)-** ਦੈਨਿਕ ਪ੍ਰਾਰਥਨਾ ਸਭਾ ਰਜਿ: ਵੱਲੋਂ ਦੂਸਰਾ ਸਮੂਹਿਕ ਵਿਆਹ ਸਮਾਰੋਹ 22 ਨਵੰਬਰ ਨੂੰ ਕਮਿਊਨਿਟੀ ਹਾਲ ਖਜੂਰੀ ਗੇਟ ਬਟਾਲਾ ਵਿਖੇ ਕਰਵਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਦੀਪ ਆਜ਼ਾਦ ਜੁਆਇੰਟ ਸੈਕਟਰੀ ਦੈਨਿਕ ਪ੍ਰਾਰਥਨਾ ਸਭਾ ਬਟਾਲਾ ਨੇ ਦੱਸਿਆ ਕਿ ਇਸ ਸਮਾਰੋਹ ਵਿੱਚ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੇ ਵਿਆਹ ਕਰਵਾਏ ਜਾਂਦੇ ਹਨ ਜੋ ਲੋਕ ਆਪਣੀ ਬੇਟੀ ਦੇ ਵਿਆਹ ਸ਼ਾਦੀ ਦਾ ਖ਼ਰਚਾ ਨਹੀਂ ਚੁੱਕ ਸਕਦੇ ਅਤੇ ਨਾ ਹੀ ਪੈਸੇ ਖਰਚ ਸਕਦੇ ਹਨ। ਇਨ੍ਹਾਂ ਲੋਕਾਂ ਦਾ ਸਾਰਾ ਖ਼ਰਚਾ ਦੈਨਿਕ ਪ੍ਰਾਰਥਨਾ ਸਭਾ ਕਰਦੀ ਹੈ। ਉਨ੍ਹਾਂ ਕਿਹਾ ਕਿ ਜੋ ਲੋਕ ਇਸ ਸਮਾਰੋਹ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹਨ ਉਹ ਲੋਕ ਦੈਨਿਕ ਪ੍ਰਾਰਥਨਾ ਸਭਾ ਦੇ ਦਫ਼ਤਰ ਕਿਲ੍ਹਾ ਮੰਡੀ ਨਾਲ ਸੰਪਰਕ ਕਰਨ।

## ਫੈਂਸਿੰਗ ਦੇ ਟਰਾਇਲ 5 ਅਕਤੂਬਰ ਨੂੰ : ਡੀ.ਐੱਸ.ਓ.



**ਧਾਰੀਵਾਲ, (ਮਨਦੀਪ ਵਿੱਕੀ)** ਜ਼ਿਲ੍ਹਾ ਖੇਡ ਅਫਸਰ ਗੁਰਦਾਸਪੁਰ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ- ਸ਼ੀਜਨ 4 ਤਹਿਤ ਜਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਫੈਨਸਿੰਗ ਗੇਮ ਦੇ ਟਰਾਇਲ 05 ਅਕਤੂਬਰ 2026 (ਲੜਕੇ/ਲੜਕੀਆਂ) ਸ.ਸ.ਸ.ਸ ਲੜਕੀਆ ਗੁਰਦਾਸਪੁਰ ਵਿਖੇ ਕਰਵਾਏ ਜਾਣੇ ਸਨ, ਪਰੰਤੂ ਪ੍ਰਬੰਧਕੀ ਕਾਰਨਾਂ ਕਰਕੇ ਵੈਨਿਊ ਬਦਲ ਕੇ ਖਾਲਸਾ ਸੀ.ਸੈਕੰ ਸਕੂਲ, ਜੇਲ ਰੋਡ ਵਿਖੇ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਫੈਂਸਿੰਗ ਗੇਮ ਦੇ ਟਰਾਇਲ 05 ਅਕਤੂਬਰ 2026 ਨੂੰ ਸਵੇਰੇ 9:00 ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਜੇਲ ਰੋਡ ਵਿਖੇ ਕਰਵਾਏ ਜਾਣਗੇ। ਇਸ ਸਬੰਧੀ ਆਕਾਸ਼ ਵਰਮਾ (78883-39332) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਉੱਤੇ ਖੇਡ ਵਿਭਾਗ ਵੱਲੋਂ ਸੂਬੇ ਵਿੱਚ ਖਿਡਾਰੀਆਂ ਦੀ ਹੁਨਰ ਦੀ ਸ਼ਨਾਖਤ ਖੇਡਾਂ ਪੱਖੀ ਮਾਹੌਲ ਸਿਰਜਣ ਅਤੇ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਦੇ ਮੰਤਵ ਤਹਿਤ ਪੰਜਾਬ ਖੇਡਾਂ ਵਤਨ ਪੰਜਾਬ ਦੀਆਂ-2026 (ਸੀਜ਼ਨ-4) ਕਰਵਾਇਆ ਜਾ ਰਿਹਾ ਹੈ ਟ, ਜਿਸ ਵਿੱਚ ਅੰਡਰ 14 ਤੋਂ 70 ਸਾਲ ਤੱਕ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ।

## ਬਲਾਕ ਕਾਦੀਆਂ-1 ਦੇ ਸਕੂਲਾਂ 'ਚ ਗਾਈਡੈਂਸ ਗਤੀਵਿਧੀਆਂ ਦੀ ਸਮੀਖਿਆ



**ਬਟਾਲਾ, (ਡਾ. ਮਲਵਿੰਦਰ ਸਿੰਘ)-** ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਗੁਰਦਾਸਪੁਰ ਅਤੇ ਸਟੇਟ ਐਵਾਰਡੀ ਰਾਜੇਸ਼ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਗਾਈਡੈਂਸ ਕੌਂਸਲਰ ਮੁਕੇਸ਼ ਵਰਮਾ ਵੱਲੋਂ ਬਲਾਕ ਕਾਦੀਆਂ-1 ਦੇ ਵੱਖ-ਵੱਖ ਸਕੂਲਾਂ ਦਾ ਦੌਰਾ ਕਰਕੇ ਗਾਈਡੈਂਸ ਅਤੇ ਕਾਊਂਸਲਿੰਗ ਗਤੀਵਿਧੀਆਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਬਲਾਕ ਕਾਦੀਆਂ-1 ਦੇ ਬਲਾਕ ਗਾਈਡੈਂਸ ਕੌਂਸਲਰ ਵਿਪਨ ਕੁਮਾਰ ਵੀ ਉਨ੍ਹਾਂ ਦੇ ਨਾਲ ਮੌਜੂਦ ਰਹੇ।

ਮੁਕੇਸ਼ ਵਰਮਾ ਨੇ ਸਰਕਾਰੀ ਹਾਈ ਸਕੂਲ ਕਾਹਲਵਾਂ ਵਿਖੇ ਹੈੱਡਮਾਸਟਰ ਜਸਪਾਲ ਸਿੰਘ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਰਥ ਵਿਖੇ ਇੰਚਾਰਜ ਕੇਵਲ ਸਿੰਘ ਅਤੇ ਸਰਬਜੀਤ ਸਿੰਘ ਦੀ ਮੌਜੂਦਗੀ ਵਿੱਚ ਗਾਈਡੈਂਸ ਕੌਂਸਲਰਾਂ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਅਤੇ ਤਿਆਰ ਕੀਤੇ ਰਿਕਾਰਡ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ।

ਇਸ ਮੌਕੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਮੁਕੇਸ਼ ਵਰਮਾ ਨੇ ਉਨ੍ਹਾਂ ਨੂੰ ਵੱਖ-ਵੱਖ ਕਿੱਤਾ ਮੁਖੀ ਕੋਰਸਾਂ, ਰੋਜ਼ਗਾਰ ਦੇ ਮੌਕਿਆਂ ਅਤੇ ਪ੍ਰਤੀਯੋਗੀ ਪ੍ਰੀਖਿਆਵਾਂ ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਭਵਿੱਖ ਦੇ ਟੀਚੇ ਨਿਰਧਾਰਤ ਕਰਨ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ ਯੋਜਨਾਬੱਧ ਢੰਗ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਵਿਜ਼ਿਟ ਦੌਰਾਨ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਕੂਲਾਂ ਵਿੱਚ ਕਰਵਾਈਆਂ ਜਾ ਰਹੀਆਂ ਜਾਗਰੂਕਤਾ ਗਤੀਵਿਧੀਆਂ ਅਤੇ ਉਨ੍ਹਾਂ ਨਾਲ ਸਬੰਧਤ ਰਿਕਾਰਡ ਦੀ ਵੀ ਸਮੀਖਿਆ ਕੀਤੀ ਗਈ।

## ਸਿਟੀ ਵੈੱਲਫੇਅਰ ਕਲੱਬ ਡੇਰਾ ਬਾਬਾ ਨਾਨਕ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਅਕੀਦਤ ਦੇ ਫੁੱਲ ਭੇਟ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-** ਸਿਟੀ ਵੈੱਲਫੇਅਰ ਕਲੱਬ ਡੇਰਾ ਬਾਬਾ ਨਾਨਕ ਵੱਲੋਂ ਸ਼ਹੀਦ ਭਗਤ ਸਿੰਘ ਸਟੇਡੀਅਮ (ਵੱਡੀ ਗਰਾਊਂਡ) ਡੇਰਾ ਬਾਬਾ ਨਾਨਕ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ 119ਵਾਂ ਜਨਮਦਿਨ ਮਨਾਇਆ ਗਿਆ। ਇਸ ਮੌਕੇ ਹਾਜ਼ਰ ਕਲੱਬ ਮੈਂਬਰਾਂ ਨੇ ਅਤੇ ਗਰਾਊਂਡ ਵਿੱਚ ਖੇਡ ਰਹੇ ਖਿਡਾਰੀਆਂ ਨੇ ਕਦੀ ਵੀ ਕਿਸੇ ਪ੍ਰਕਾਰ ਦਾ ਨਸ਼ਾ ਨਾ ਕਰਨ ਦਾ



ਪ੍ਰਣ ਲਿਆ। ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਨ ਤੇ ਵੱਖ-ਵੱਖ ਬੁਲਾਰਿਆਂ ਨੇ ਉਨ੍ਹਾਂ ਦੇ ਜੀਵਨ ਤੇ ਚਾਨਣਾ ਪਾਇਆ ਅਤੇ ਲੱਖਾਂ ਕੁਰਬਾਨੀਆਂ ਤੋਂ ਬਾਅਦ ਮਿਲੀ ਆਜ਼ਾਦੀ ਦੀ ਰੱਖਿਆ ਕਰਨ, ਦੇਸ਼ ਸੇਵਾ ਅਤੇ ਦੇਸ਼ ਨਾਲ ਪਿਆਰ ਕਰਨ ਦਾ ਵਚਨ ਕੀਤਾ। ਇਸ ਮੌਕੇ ਸਿਟੀ ਵੈੱਲਫੇਅਰ ਕਲੱਬ ਡੇਰਾ ਬਾਬਾ ਨਾਨਕ ਵੱਲੋਂ ਗਰਾਊਂਡ ਵਿੱਚ ਖੇਡ ਰਹੇ ਖਿਡਾਰੀਆਂ ਨੂੰ ਫਲ ਵੰਡੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲੱਬ ਦੇ ਮੁੱਖ ਸਲਾਹਕਾਰ ਡਾਕਟਰ ਅਸ਼ੋਕ ਸੋਨੀ, ਜਨਰਲ ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਸੀਨੀਅਰ ਵਾਈਸ ਪ੍ਰਧਾਨ ਵਿਜੇ ਵਿੱਗ, ਐਗਜ਼ੈਕਟਿਵ ਮੈਂਬਰ ਹੈਡ ਮਾਸਟਰ ਅਰਵਿੰਦਰ ਪਾਲ ਸਿੰਘ, ਐਗਜ਼ੈਕਟਿਵ ਮੈਂਬਰ ਮਾਸਟਰ ਅਰੁਣ ਕੁਮਾਰ, ਸ਼ਹੀਦ ਭਗਤ ਸਿੰਘ ਸਪੋਰਟਸ ਸਟੇਡੀਅਮ ਦੇ ਮੁੱਖ ਪ੍ਰਬੰਧਕ ਕੁਲਬੀਰ ਸਿੰਘ, ਕੋਚ ਗੁਰਪ੍ਰੀਤ ਸਿੰਘ ਮੋਤੀ, ਬੋਸੀਆ ਸੰਸਥਾ ਤੋਂ ਕੋਚ ਮੈਡਮ ਸਿਮਰਜੀਤ ਕੌਰ, ਸੀ ਪਾਈਟ ਤੋਂ ਕੁਲਦੀਪ ਸਿੰਘ, ਡੀ ਪੀ ਜਸਪਾਲ ਸਿੰਘ, ਗੁਲਸ਼ਨ ਕੁਮਾਰ ਅਤੇ ਗਰਾਊਂਡ ਕੋਚ ਰਾਜਵਿੰਦਰ ਕੌਰ ਆਦਿ ਹਾਜ਼ਰ ਹੋਏ।



## 2027 'ਚ ਪੰਜਾਬ ਦੇ ਹੱਕਾਂ 'ਤੇ ਪਹਿਰਾ ਦੇਣ ਵਾਲੀ ਨਿਆਂਪਸੰਦ ਸਰਕਾਰ ਬਣੇਗੀ : ਕੋਟਲਾ ਭਰਾ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-** ਛਪਾਰ ਮੇਲੇ ਦੇ ਰਿਕਾਰਡ ਇਕੱਠ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਰਵਾਇਤੀ ਧਿਰਾਂ ਤੋਂ ਅੱਕ ਚੁੱਕੇ ਹਨ ਅਤੇ 2027 ਦੀਆਂ ਚੋਣਾਂ ਵਿੱਚ ਪੰਜਾਬ ਦੇ ਹੱਕਾਂ 'ਤੇ ਪਹਿਰਾ ਦੇਣ ਵਾਲੀ ਨਿਆਂਪਸੰਦ ਸਰਕਾਰ ਅਕਾਲੀ ਦਲ ਵਾਰਸ ਪੰਜਾਬ ਦੀ ਹੀ ਕਾਇਮ ਹੋਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜੰਡਿਆਲਾ ਹਲਕੇ ਦੇ ਸੇਵਾਦਾਰ ਭਾਈ ਬਿਕਰਮਜੀਤ ਸਿੰਘ ਕੋਟਲਾ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਸਾਬਕਾ ਵਿਧਾਇਕ ਡਾਕਟਰ ਦਲਬੀਰ ਸਿੰਘ ਕੋਟਲਾ ਨੇ ਹਲਕੇ ਦੇ ਪਿੰਡ ਨੰਗਲ ਦਿਆਲ ਸਿੰਘ ਵਿਖੇ ਪਿੰਡ ਵਾਸੀਆਂ ਦੇ ਕੋਈ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਕੋਟਲਾ ਭਰਾਵਾਂ ਨੇ ਕਿਹਾ ਕਿ ਪੰਜਾਬ ਨਸ਼ਿਆਂ ਦੀ ਦਲਦਲ ਵਿੱਚ ਫਸਦਾ ਜਾ ਰਿਹਾ ਹੈ, ਅੱਜ ਤੱਕ ਕਿਸੇ ਵੀ ਸਰਕਾਰ ਨੇ ਨਸ਼ੇ ਨੂੰ ਖਤਮ ਕਰਨ ਲਈ ਕੋਈ ਪੁਖਤਾ ਕਦਮ ਨਹੀਂ ਚੁੱਕੇ। ਪੰਜਾਬ ਵਿੱਚ ਅਕਾਲੀ ਦਲ ਵਾਰਸ ਪੰਜਾਬ ਦੀ ਸਰਕਾਰ ਬਣਨ ਤੇ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਖਾਤਮਾ, ਬੰਦੀ ਸਿੰਘਾਂ ਦੀ ਰਿਹਾਈ, ਪੰਜਾਬ ਦੇ ਪਾਣੀਆਂ ਦੀ ਰਾਖੀ ਅਤੇ ਦਰ ਦਰ ਭਟਕ ਰਹੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇਗਾ। ਇਸ ਮੌਕੇ ਹਰਪ੍ਰੀਤ ਸਿੰਘ ਬਬਲੂ, ਸਹਿਲਜੀਤ ਸਿੰਘ ਸਵਿੰਦਰ ਸਿੰਘ, ਜਸਵਿੰਦਰ ਸਿੰਘ, ਗੁਰਸਾਹਿਬ ਸਿੰਘ, ਜਸਕਰਨ ਸਿੰਘ, ਹਰਦੀਪ ਸਿੰਘ, ਮਨਿੰਦਰ ਸਿੰਘ, ਕੁਲਵਿੰਦਰ ਸਿੰਘ, ਧਿਆਨ ਸਿੰਘ ਛੀਨਾ, ਲਖਵਿੰਦਰ ਸਿੰਘ ਜੌਹਲ, ਸੁਖਵਿੰਦਰ ਸਿੰਘ ਵਡਾਲਾ ਆਦਿ ਆਗੂ ਵੀ ਹਾਜ਼ਰ ਸਨ।

ਨਵਾਂ ਜ਼ਮਾਨਾ
ਬੁੱਧਵਾਰ, 30 ਸਤੰਬਰ 2026

# ਵੋਟਰਾਂ ਦਾ ਵਢਾਂਗਾ

ਸੰਵਿਧਾਨ ਅਤੇ ਲੋਕ ਪ੍ਰਤੀਨਿਧਤਾ ਐਕਟ ਨੂੰ ਨਜ਼ਰਅੰਦਾਜ਼ ਕਰਕੇ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਡੂੰਘੀ ਸੁਧਾਈ (ਐੱਸ ਆਈ ਆਰ) ਦੇ ਨਾਂਅ 'ਤੇ ਵੱਖ-ਵੱਖ ਰਾਜਾਂ ਵਿੱਚ ਲਗਭਗ 13 ਕਰੋੜ ਨਾਂਅ ਹਟਾ ਦੇਣ ਦੇ ਖਿਲਾਫ ਦੇਸ਼-ਭਰ ਵਿੱਚ ਅੰਦੋਲਨ ਤੇਜ਼ ਹੋ ਗਿਆ ਹੈ। ਸਰਕਰਦਾ ਅੰਗਰੇਜ਼ੀ ਅਖਬਾਰ 'ਇੰਡੀਅਨ ਐਕਸਪ੍ਰੈੱਸ' ਵੱਲੋਂ ਕੀਤੇ ਗਏ ਖੁਲਾਸੇ ਮੁਤਾਬਕ ਵੋਟਰਾਂ ਦਾ ਏਨਾ ਵੱਡਾ ਵੱਢ-ਵਢਾਂਗਾ ਕਰਨ ਵੇਲੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਗੁਪਤਾ ਨੇ ਸਾਥੀ ਚੋਣ ਕਮਿਸ਼ਨਰਾਂ ਸੁਖਬੀਰ ਸਿੰਘ ਸੰਧੂ ਤੇ ਵਿਵੇਕ ਜੋਸ਼ੀ ਨੂੰ ਹਨੇਰੇ 'ਚ ਰੱਖਿਆ ਅਤੇ ਉਨ੍ਹਾਂ ਦੇ ਇਤਰਾਜ਼ਾਂ ਦੀ ਪਰਵਾਹ ਨਹੀਂ ਕੀਤੀ। ਚੋਣ ਕਮਿਸ਼ਨ ਦੇ ਕਾਨੂੰਨਾਂ ਤੇ ਨਿਯਮਾਂ ਮੁਤਾਬਕ ਫੈਸਲੇ ਬਹੁਮਤ ਜਾਂ ਸਹਿਮਤੀ ਨਾਲ ਕੀਤੇ ਜਾਣੇ ਚਾਹੀਦੇ ਹਨ, ਜਿਸ ਦੀ ਪਾਲਣਾ ਨਹੀਂ ਕੀਤੀ ਗਈ। ਸਰਕਾਰ ਦੇ ਸਿਖਰ 'ਤੇ ਬੈਠੇ ਲੋਕ, ਜਿਨ੍ਹਾਂ ਵਿੱਚ ਖੁਦ ਪ੍ਰਧਾਨ ਮੰਤਰੀ ਵੀ ਸ਼ਾਮਲ ਹਨ, ਇਸ ਬਾਰੇ ਜਾਣੂੰ ਸਨ, ਪਰ ਉਹ ਚੁੱਪ ਰਹੇ ਅਤੇ ਦੇਖਦੇ ਰਹੇ।

ਦਰਅਸਲ ਇਹ ਸਾਰਾ ਵਿਵਾਦ ਸਿਰਫ ਚੋਣ ਕਮਿਸ਼ਨ ਤੱਕ ਹੀ ਮਹਿਦੂਦ ਨਹੀਂ, ਇਸ ਦੇ ਪਿੱਛੇ ਕਾਰਪੋਰੇਟ-ਹਿੰਦੁਤਵ ਗਠਜੋੜ ਦੀ ਲੋਕਤੰਤਰ ਨੂੰ ਤਬਾਹ ਕਰਨ ਦੀ ਪੂਰੀ ਸੋਚ ਪ੍ਰਕਿਰਿਆ ਹੈ, ਜੋ ਦੇਸ਼ ਵਿੱਚ ਵਧ ਰਹੀ ਆਰਥਕ ਨਾਬਰਾਬਰੀ ਅਤੇ ਪੂੰਜੀ ਦੇ ਕੇਂਦਰੀਕਰਨ ਨਾਲ ਜੁੜੀ ਹੋਈ ਹੈ। ਵਿਸ਼ਵ ਨਾਬਰਾਬਰੀ ਡੇਟਾਬੇਸ ਅਤੇ ਵਿਸ਼ਵ ਬੈਂਕ ਆਰਥਕ ਸਮੀਖਿਆ ਸਮੇਤ ਵੱਖ-ਵੱਖ ਆਰਥਕ ਅਧਿਐਨਾਂ ਮੁਤਾਬਕ ਭਾਰਤ ਵਿੱਚ ਕੌਮੀ ਦੌਲਤ ਅਤੇ ਆਮਦਨ ਦਾ ਵੱਡਾ ਹਿੱਸਾ ਆਬਾਦੀ ਦੇ ਉੱਚ ਵਰਗ ਵਿੱਚ ਕੇਂਦਰਤ ਹੈ। ਉਪਲਬਧ ਅਨੁਮਾਨ ਦਰਸਾਉਂਦੇ ਹਨ ਕਿ ਆਬਾਦੀ ਦਾ ਸਿਖਰਲਾ ਇੱਕ ਪ੍ਰਤੀਸ਼ਤ ਤਬਕਾ ਕੌਮੀ ਦੌਲਤ ਦਾ ਲਗਭਗ 40 ਪ੍ਰਤੀਸ਼ਤ ਮਾਲਕ ਹੈ, ਜਦੋਂ ਕਿ ਹੇਠਲੇ 50 ਪ੍ਰਤੀਸ਼ਤ ਕੋਲ ਸਿਰਫ 6 ਪ੍ਰਤੀਸ਼ਤ ਦੇ ਆਸ-ਪਾਸ ਹੈ। ਇਸੇ ਤਰ੍ਹਾਂ ਆਮਦਨ ਦੀ ਵੰਡ ਵੀ ਮਹੱਤਵਪੂਰਨ ਨਾਬਰਾਬਰੀ ਦਰਸਾਉਂਦੀ ਹੈ। ਉੱਪਰਲੇ ਇੱਕ ਪ੍ਰਤੀਸ਼ਤ ਦੀ ਆਮਦਨ ਦਾ ਹਿੱਸਾ 23.3 ਪ੍ਰਤੀਸ਼ਤ ਹੈ ਅਤੇ ਉੱਪਰਲੇ 10 ਪ੍ਰਤੀਸ਼ਤ ਦਾ ਹਿੱਸਾ 57 ਪ੍ਰਤੀਸ਼ਤ ਹੈ। ਹੇਠਲੇ 50 ਪ੍ਰਤੀਸ਼ਤ ਦੀ ਆਮਦਨ ਦਾ ਹਿੱਸਾ ਸਿਰਫ 13 ਪ੍ਰਤੀਸ਼ਤ ਹੈ। ਪਿਛਲੇ ਦਹਾਕੇ ਦੌਰਾਨ ਭਾਰਤ ਵਿੱਚ ਅਰਬਪਤੀਆਂ ਦੀ ਗਿਣਤੀ ਅਤੇ ਉਨ੍ਹਾਂ ਦੀ ਕੁੱਲ ਦੌਲਤ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।2014 ਦੇ ਆਸ-ਪਾਸ ਦੇਸ਼ ਵਿੱਚ ਲਗਭਗ 56 ਅਰਬਪਤੀ ਸਨ, ਜਿਨ੍ਹਾਂ ਦੀ ਕੁੱਲ ਜਾਇਦਾਦ 191.5 ਅਰਬ ਡਾਲਰ ਸੀ।2026 ਤੱਕ, ਇਹ ਗਿਣਤੀ 229 ਤੱਕ ਵਧਣ ਦਾ ਅਨੁਮਾਨ ਸੀ, ਜਿਨ੍ਹਾਂ ਦੀ ਸਾਂਝੀ ਦੌਲਤ 10 ਖਰਬ ਡਾਲਰ ਤੋਂ ਵਧ ਜਾਣੀ ਸੀ। ਗਲੋਬਲ ਅਰਬਪਤੀਆਂ ਦੀ ਸੂਚੀ ਮੁਤਾਬਕ ਗੌਤਮ ਅਡਾਨੀ ਦੀ ਦੌਲਤ 2014 ਵਿੱਚ 2.8 ਅਰਬ ਡਾਲਰ ਸੀ, ਪਰ 2026 ਤੱਕ ਇਹ 29 ਗੁਣਾ ਵਧ ਕੇ 81 ਅਰਬ ਡਾਲਰ ਤੋਂ ਵੱਧ ਹੋ ਗਈ ਸੀ। ਇਸ ਵਾਧੇ ਦੇ ਪਿੱਛੇ ਸਭ ਤੋਂ ਮਹੱਤਵਪੂਰਨ ਕਾਰਕ ਸਟਾਕ ਮਾਰਕੀਟ ਵਿੱਚ ਕੰਪਨੀ ਦੀ ਮੁਲਾਂਕਣ ਵਿੱਚ ਹੇਰਾਫੇਰੀ ਅਤੇ ਬੰਦਰਗਾਹਾਂ, ਊਰਜਾ ਅਤੇ ਜਨਤਕ ਨਿਵੇਸ਼ ਪ੍ਰੋਜੈਕਟਾਂ ਵਰਗੇ ਸਰਕਾਰੀ ਸਮਰਥਤ ਖੇਤਰਾਂ ਵਿੱਚ ਦਬਦਬਾ ਹੈ।

ਬੁਨਿਆਦੀ ਸਵਾਲ ਇਹ ਹੈ ਕਿ ਜਿਵੇਂ-ਜਿਵੇਂ ਆਰਥਕ ਸ਼ਕਤੀ ਕੁਝ ਵੱਡੇ ਕਾਰਪੋਰੇਟ ਸਮੂਹਾਂ ਵਿੱਚ ਕੇਂਦਰਤ ਹੁੰਦੀ ਜਾਂਦੀ ਹੈ, ਲੋਕਤੰਤਰੀ ਸੰਸਥਾਵਾਂ ਦੀ ਆਜ਼ਾਦੀ ਅਤੇ ਜਵਾਬਦੇਹੀ ਖਤਰੇ ਵਿੱਚ ਪੈ ਜਾਂਦੀ ਹੈ। ਵਿਸ਼ਵਵਿਆਪੀ ਪੂੰਜੀ ਦੁਨੀਆ ਭਰ ਵਿੱਚ ਲੋਕਤੰਤਰ ਅਤੇ ਕਲਿਆਣਕਾਰੀ ਰਾਜ ਨੂੰ ਤਬਾਹ ਕਰਨ 'ਤੇ ਤੁਲੀ ਹੋਈ ਹੈ। ਭਾਰਤ ਵਿੱਚ ਵੀ ਇਹੀ ਪ੍ਰਕਿਰਿਆ ਚੱਲ ਰਹੀ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਆਪਣੀ ਸ਼ੁਰੂਆਤ ਤੋਂ ਹੀ ਭਾਰਤ ਵਿੱਚ ਸੰਵਿਧਾਨਕ ਲੋਕਤੰਤਰ ਦਾ ਵਿਰੋਧ ਕਰਦਾ ਆ ਰਿਹਾ ਹੈ। ਇਹ ਸੰਵਿਧਾਨ ਵਿੱਚ ਦਰਜ 'ਇੱਕ ਵਿਅਕਤੀ, ਇੱਕ ਵੋਟ ਅਤੇ ਇੱਕ ਰਾਜਨੀਤਕ ਮੁੱਲ' ਦੇ ਸਿਧਾਂਤ ਨੂੰ ਨਾਪਸੰਦ ਕਰਦਾ ਹੈ ਅਤੇ ਵੋਟਿੰਗ ਅਧਿਕਾਰਾਂ ਨੂੰ ਅਮੀਰ ਵਰਗਾਂ ਤੱਕ ਸੀਮਤ ਕਰਨਾ ਚਾਹੁੰਦਾ ਹੈ। ਇਸ ਲਈ ਭਾਜਪਾ-ਸੰਘ ਦੀ ਤਾਨਾਸ਼ਾਹੀ ਰਾਜਨੀਤਕ ਵਿਚਾਰਧਾਰਾ ਲੋਕਤੰਤਰ ਨੂੰ ਤਬਾਹ ਕਰਨ ਵਿੱਚ ਲੱਗੇ ਕਾਰਪੋਰੇਟਾਂ ਲਈ ਸਭ ਤੋਂ ਵੱਧ ਉਪਯੋਗੀ ਰਹਿੰਦੀ ਹੈ। ਇਸ ਸਮੇਂ ਲੋੜ ਸਿਰਫ ਐੱਸ ਆਈ ਆਰ ਨੂੰ ਰੱਦ ਕਰਨ ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫੇ ਦੀ ਮੰਗ ਕਰਨ ਵਾਲੇ ਅੰਦੋਲਨ ਨੂੰ ਤੇਜ਼ ਕਰਨ ਦੀ ਨਹੀਂ, ਸਗੋਂ ਆਰਥਕ ਨਾਬਰਾਬਰੀ ਅਤੇ ਪੂੰਜੀ ਦੇ ਵਧਦੇ ਕੇਂਦਰੀਕਰਨ ਦੇ ਮੁੱਦੇ ਨੂੰ ਵੀ ਹੱਲ ਕਰਨ ਦੀ ਹੈ। ਸਿੱਖਿਆ, ਸਿਹਤ, ਰੁਜ਼ਗਾਰ, ਸਮਾਜਕ ਸੁਰੱਖਿਆ, ਜ਼ਮੀਨ ਅਤੇ ਰਿਹਾਇਸ਼ ਵਰਗੇ ਅਧਿਕਾਰਾਂ ਨੂੰ ਮਜ਼ਬੂਤ ਕੀਤੇ ਬਿਨਾਂ ਲੋਕਤੰਤਰ ਨੂੰ ਸੱਚਮੁੱਚ ਮਜ਼ਬੂਤ ਨਹੀਂ ਕੀਤਾ ਜਾ ਸਕਦਾ। ਇਸ ਦੇ ਵਿਆਪਕ ਟੀਚੇ ਆਰਥਕ ਸ਼ਕਤੀ ਦੇ ਬਹੁਤ ਜ਼ਿਆਦਾ ਕੇਂਦਰੀਕਰਨ ਵਿਰੁੱਧ ਲੋਕਤੰਤਰੀ ਦਖਲਅੰਦਾਜ਼ੀ, ਸੰਵਿਧਾਨਕ ਸੰਸਥਾਵਾਂ ਦੀ ਆਜ਼ਾਦੀ, ਪਾਰਦਰਸ਼ਤਾ ਤੇ ਜਵਾਬਦੇਹੀ ਅਤੇ ਹਰੇਕ ਨਾਗਰਿਕ ਦੇ ਵੋਟਿੰਗ ਅਧਿਕਾਰਾਂ ਤੇ ਸੰਵਿਧਾਨਕ ਅਧਿਕਾਰਾਂ ਦੀ ਸੁਰੱਖਿਆ ਮਿੱਥਣੇ ਪੈਣਗੇ।

# ਨਸ਼ਾ-ਮੁਕਤ ਪੰਜਾਬ ਯਾਤਰਾ ਜਾਂ ਫਿਰ...!


ਗੁਰਪ੍ਰੀਤ ਲਾਹੌਰੀ

ਪੰਜਾਬ ਦੀ ਪਛਾਣ ਸਿਰਫ਼ ਖੇਤੀਬਾੜੀ, ਪੰਜ ਦਰਿਆਵਾਂ ਅਤੇ ਗੁਰਾਂ-ਪੀਰਾਂ ਦੀ ਧਰਤੀ ਵਜੋਂ ਹੀ ਨਹੀਂ, ਸਗੋਂ ਮਿਹਨਤ, ਹਿੰਮਤ, ਖੇਡਾਂ, ਫੌਜੀ ਸੇਵਾ, ਕਾਰੋਬਾਰ ਅਤੇ ਦੁਨੀਆ ਭਰ ਵਿੱਚ ਵਸਦੇ ਪੰਜਾਬੀ ਭਾਈਚਾਰੇ ਕਰਕੇ ਵੀ ਹੈ। ਇਸ ਦੇ ਬਾਵਜੂਦ ਪਿਛਲੇ ਡੇਢ-ਦੋ ਦਹਾਕਿਆਂ ਦੌਰਾਨ ਪੰਜਾਬ ਦੀ ਚਰਚਾ ਅਕਸਰ ਨਸ਼ਿਆਂ ਦੀ ਸਮੱਸਿਆ ਨਾਲ ਜੋੜ ਕੇ ਕੀਤੀ ਜਾਂਦੀ ਰਹੀ ਹੈ। ਨਸ਼ਿਆਂ ਦੀ ਸਮੱਸਿਆ ਪੰਜਾਬ ਵਿੱਚ ਮੌਜੂਦ ਹੈ ਅਤੇ ਇਸ ਦੇ ਗੰਭੀਰ ਸਮਾਜਿਕ, ਆਰਥਿਕ ਅਤੇ ਸਿਹਤ ਸੰਬੰਧੀ ਪ੍ਰਭਾਵ ਹਨ।

ਪਰ ਇਸ ਸਮੱਸਿਆ ਨੂੰ ਸਮਝਣ ਲਈ ਬਚਣਾ ਜ਼ਰੂਰੀ ਹੈ, ਇੱਕ ਪਾਸੇ ਇਸ ਨੂੰ ਨਕਾਰ ਦੇਣਾ ਅਤੇ ਦੂਜੇ ਪਾਸੇ ਪੂਰੇ ਪੰਜਾਬ ਜਾਂ ਪੂਰੀ ਪੰਜਾਬੀ ਜਵਾਨੀ ਨੂੰ 'ਨਸ਼ੇੜੀ' ਵਜੋਂ ਪੇਸ਼ ਕਰਨਾ। ਏਮਜ਼ ਦੇ ਨੈਸ਼ਨਲ ਡਰੱਗ ਡਿਪੈਂਡੈਂਸ ਟ੍ਰੀਟਮੈਂਟ ਸੈਂਟਰ ਵੱਲੋਂ 2019 ਵਿੱਚ ਜਾਰੀ ਕੀਤੇ ਗਏ ਰਾਸ਼ਟਰੀ ਸਰਵੇਖਣ ਨੇ ਪੰਜਾਬ ਵਿੱਚ ਓਪਿਓਇਡ ਦੀ ਵਰਤੋਂ ਅਤੇ ਇਸ ਨਾਲ ਜੁੜੀਆਂ ਸਮੱਸਿਆਵਾਂ ਨੂੰ ਦੇਸ਼ ਦੇ ਕਈ ਹੋਰ ਹਿੱਸਿਆਂ ਦੇ ਮੁਕਾਬਲੇ ਗੰਭੀਰ ਦੱਸਿਆ ਸੀ।

ਰਿਪੋਰਟ ਅਨੁਸਾਰ ਪੰਜਾਬ ਵਿੱਚ ਓਪਿਓਇਡ ਨਿਰਭਰਤਾ ਵਾਲੇ ਲੋਕਾਂ ਦੀ ਅੰਦਾਜ਼ਨ ਗਿਣਤੀ ਲੱਗਭੱਗ 3.3 ਲੱਖ ਸੀ, ਜਦਕਿ ਨੁਕਸਾਨਦਾਇਕ ਜਾਂ ਨਿਰਭਰ ਵਰਤੋਂ ਕਾਰਨ ਮਦਦ ਦੀ ਲੋੜ ਵਾਲਿਆਂ ਦੀ ਗਿਣਤੀ ਇਸ ਤੋਂ ਵੱਧ ਦੱਸੀ ਗਈ ਸੀ। ਇਸ ਲਈ ਅਸਲ ਸਵਾਲ ਇਹ ਨਹੀਂ ਕਿ ਪੰਜਾਬ ਵਿੱਚ ਨਸ਼ਾ ਹੈ ਜਾਂ ਨਹੀਂ , ਸਗੋਂ ਇਹ ਹੈ ਕਿ ਸਮੱਸਿਆ ਦੀ ਅਸਲ ਤਸਵੀਰ ਕੀ ਹੈ, ਇਸ ਦੇ ਕਾਰਨ ਕੀ ਹਨ ਅਤੇ ਇਸ ਦਾ ਵਿਗਿਆਨਕ ਤੇ ਟਿਕਾਊ ਹੱਲ ਕੀ ਹੋ ਸਕਦਾ ਹੈ ?

ਪੰਜਾਬ ਦੇ ਨੌਜਵਾਨਾਂ ਦੀ ਗੱਲ ਕਰਦਿਆਂ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਕਿਸੇ ਵੀ ਸਮਾਜ ਦੇ ਇੱਕ ਹਿੱਸੇ ਵਿੱਚ ਮੌਜੂਦ ਸਮੱਸਿਆ ਨੂੰ ਪੂਰੇ ਸਮਾਜ ਦੀ ਪਛਾਣ ਨਹੀਂ ਬਣਾਇਆ ਜਾ ਸਕਦਾ। ਪੰਜਾਬੀ ਨੌਜਵਾਨਾਂ ਨੇ ਦੇਸ਼ ਅਤੇ ਵਿਦੇਸ਼ ਵਿੱਚ ਆਪਣੀ ਮਿਹਨਤ ਨਾਲ ਵੱਡੀਆਂ ਉਪਲੱਬਧੀਆਂ ਹਾਸਲ ਕੀਤੀਆਂ ਹਨ। ਕੈਨੇਡਾ, ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਯੂਰਪ ਦੇ ਕਈ ਦੇਸ਼ਾਂ ਵਿੱਚ ਪੰਜਾਬੀ ਭਾਈਚਾਰਾ ਕਾਰੋਬਾਰ, ਖੇਤੀਬਾੜੀ, ਟਰਾਂਸਪੋਰਟ, ਉਸਾਰੀ, ਸਿੱਖਿਆ, ਸਿਹਤ, ਤਕਨਾਲੋਜੀ ਅਤੇ ਹੋਰ ਖੇਤਰਾਂ ਵਿੱਚ ਸਰਗਰਮ ਹੈ। ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਨੌਜਵਾਨਾਂ ਦੀ ਵੱਡੀ ਗਿਣਤੀ ਨੇ ਸਖ਼ਤ ਮਿਹਨਤ ਕਰਕੇ ਆਪਣੀ ਜ਼ਿੰਦਗੀ ਬਣਾਈ ਹੈ ਅਤੇ ਆਪਣੇ ਪਰਵਾਰਾਂ ਤੇ ਪੰਜਾਬ ਦੀ ਅਰਥਵਿਵਸਥਾ ਵਿੱਚ ਵੀ ਯੋਗਦਾਨ ਪਾਇਆ ਹੈ।

ਇਸੇ ਤਰ੍ਹਾਂ ਫੌਜ ਅਤੇ ਸੁਰੱਖਿਆ ਬਲਾਂ ਵਿੱਚ ਪੰਜਾਬੀਆਂ ਦੀ ਲੰਮੀ ਅਤੇ ਚੰਗੀ ਪਰੰਪਰਾ ਰਹੀ ਹੈ, ਪਰ ਇਸ ਤੱਥ ਨੂੰ ਨਸ਼ੇ ਦੀ ਸਮੱਸਿਆ ਨੂੰ ਨਕਾਰਨ ਲਈ ਵਰਤਣਾ ਵੀ ਠੀਕ ਨਹੀਂ ਹੋਵੇਗਾ । ਸੱਚ ਇਹ ਹੈ ਕਿ ਪੰਜਾਬੀ ਜਵਾਨੀ ਦੇ ਵੱਡੇ ਹਿੱਸੇ ਦੀ ਜ਼ਿੰਦਗੀ ਮਿਹਨਤ, ਸਿੱਖਿਆ, ਰੋਜ਼ਗਾਰ, ਖੇਡਾਂ, ਵਿਦੇਸ਼ੀ ਪਰਵਾਸ ਅਤੇ ਵੱਖ-ਵੱਖ ਪੇਸ਼ਿਆਂ ਨਾਲ ਜੁੜੀ ਹੋਈ ਹੈ, ਜਦਕਿ ਇੱਕ ਹਿੱਸਾ ਨਸ਼ਿਆਂ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ। ਨਸ਼ਿਆਂ ਬਾਰੇ ਚਰਚਾ ਵਿੱਚ ਸਭ ਤੋਂ ਵੱਡੀ ਗਲਤੀ ਅਕਸਰ ਅੰਕੜਿਆਂ ਦੀ ਗਲਤ ਵਿਆਖਿਆ ਹੁੰਦੀ ਹੈ। ਨਸ਼ਾ ਵਰਤਣ ਵਾਲੇ, ਨਸ਼ੇ ਦੇ ਆਦੀ, ਨੁਕਸਾਨਦਾਇਕ ਢੰਗ ਨਾਲ ਨਸ਼ਾ ਵਰਤਣ ਵਾਲੇ ਅਤੇ ਇਲਾਜ ਦੀ ਲੋੜ ਵਾਲੇ ਲੋਕ ਇੱਕੋ ਸ਼੍ਰੇਣੀ ਨਹੀਂ ਹਨ ।

ਏਮਜ਼-ਨੈਸ਼ਨਲ ਡਰੱਗ ਡਿਪੈਂਡੈਂਸ ਟ੍ਰੀਟਮੈਂਟ ਸੈਂਟਰ ਦੀ 2019 ਦੀ ਰਾਸ਼ਟਰੀ ਰਿਪੋਰਟ ਅਨੁਸਾਰ ਭਾਰਤ ਵਿੱਚ 10 ਤੋਂ 75 ਸਾਲ ਦੀ ਉਮਰ ਵਾਲੀ ਆਬਾਦੀ ਵਿੱਚ ਕਿਸੇ ਵੀ ਓਪਿਓਇਡ ਦੀ ਮੌਜੂਦਾ ਵਰਤੋਂ ਲੱਗਭੱਗ 2.06 ਫ਼ੀਸਦੀ ਅੰਦਾਜ਼ੀ ਗਈ ਸੀ। ਰਿਪੋਰਟ ਨੇ ਇਹ ਵੀ ਦਰਸਾਇਆ ਕਿ ਪੰਜਾਬ, ਹਰਿਆਣਾ, ਦਿੱਲੀ ਅਤੇ ਉੱਤਰ-ਪੂਰਬੀ ਰਾਜਾਂ ਵਿੱਚ ਓਪਿਓਇਡ ਦੀ ਸਮੱਸਿਆ ਕੌਮੀ ਔਸਤ ਨਾਲੋਂ ਵੱਧ ਗੰਭੀਰ ਸੀ। ਇਸ ਦਾ ਅਰਥ ਇਹ ਨਹੀਂ ਕਿ ਪੰਜਾਬ ਦੀ ਹਰ ਗਲੀ, ਹਰ ਪਿੰਡ ਜਾਂ ਹਰ ਨੌਜਵਾਨ ਨਸ਼ੇ ਦੀ ਲਪੇਟ ਵਿੱਚ ਹੈ, ਪਰ ਇਸ ਦਾ ਇਹ ਅਰਥ ਜ਼ਰੂਰ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਹਲਕਾ ਲੈਣਾ ਵੀ ਤੱਥਾਂ ਦੇ ਉਲਟ ਹੋਵੇਗਾ। ਇਸ ਲਈ ਪੰਜਾਬ ਪੂਰੀ ਤਰ੍ਹਾਂ ਨਸ਼ੇੜੀ ਹੈ ਅਤੇ ਪੰਜਾਬ ਵਿੱਚ ਨਸ਼ੇ ਦੀ ਕੋਈ ਵੱਡੀ ਸਮੱਸਿਆ ਨਹੀਂ , ਦੋਵੇਂ ਹੀ ਵੱਖੋ-ਵੱਖਰੇ ਨਤੀਜੇ ਹਨ। ਤੱਥਾਂ




ਅਧਾਰਿਤ ਰਸਤਾ ਇਨ੍ਹਾਂ ਦੋਵਾਂ ਦੇ ਵਿਚਕਾਰ ਹੈ।

ਨਸ਼ੇ ਦੀ ਸਮੱਸਿਆ ਨੂੰ ਸਿਰਫ਼ ਪੁਲਸ ਅਤੇ ਜੇਲ੍ਹ ਦੇ ਨਜ਼ਰੀਏ ਨਾਲ ਦੇਖਣ ਨਾਲ ਇਸ ਦਾ ਪੂਰਾ ਹੱਲ ਨਹੀਂ ਹੋ ਸਕਦਾ। ਨਸ਼ਾ ਇੱਕ ਸਿਹਤ ਅਤੇ ਸਮਾਜਿਕ ਸਮੱਸਿਆ ਹੈ, ਜਿਸ ਦੇ ਪਿੱਛੇ ਮਾਨਸਿਕ ਤਣਾਅ, ਬੇਰੋਜ਼ਗਾਰੀ, ਪਰਵਾਰਕ ਸਮੱਸਿਆਵਾਂ, ਸਮਾਜਿਕ ਦਬਾਅ, ਆਸਾਨ ਉਪਲੱਬਧਤਾ ਅਤੇ ਨਸ਼ਾ ਤਸਕਰੀ ਦੇ ਨੈੱਟਵਰਕ ਵਰਗੇ ਕਈ ਕਾਰਕ ਹੋ ਸਕਦੇ ਹਨ। ਪੰਜਾਬ ਵਿੱਚ ਨਸ਼ਾ ਮੁਕਤੀ ਲਈ ਦਵਾਈ-ਆਧਾਰਤ ਇਲਾਜ ਅਤੇ ਓਪਿਓਇਡ ਸਬਸਟੀਟਿਊਸ਼ਨ ਥੈਰੇਪੀ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜ਼ੇਸ਼ਨ ਵੱਲੋਂ ਬੁਪ੍ਰੇਨੋਰਫਿਨ-ਆਧਾਰਿਤ ਓਪਿਓਇਡ ਸਬਸਟੀਟਿਊਸ਼ਨ ਥੈਰੇਪੀ ਲਈ ਕਲੀਨਿਕਲ ਗਾਈਡਲਾਈਨਾਂ ਅਤੇ ਮਿਆਰੀ ਕਾਰਜ-ਪ੍ਰਣਾਲੀ ਜਾਰੀ ਕੀਤੀ ਗਈ ਹੈ।

ਇਸ ਲਈ ਬੁਪ੍ਰੇਨੋਰਫਿਨ ਜਾਂ ਇਸ ਤਰ੍ਹਾਂ ਦੀਆਂ ਦਵਾਈਆਂ ਨੂੰ ਸਿੱਧਾ ਇੱਕ ਨਸ਼ੇ ਦੀ ਥਾਂ ਦੂਜਾ ਨਸ਼ਾ ਕਹਿ ਦੇਣਾ ਵਿਗਿਆਨਕ ਤੌਰ 'ਤੇ ਸਹੀ ਨਹੀਂ। ਡਾਕਟਰੀ ਨਿਗਰਾਨੀ ਹੇਠ ਅਜਿਹੀ ਥੈਰੇਪੀ ਦਾ ਉਦੇਸ਼ ਓਪਿਓਇਡ ਨਿਰਭਰਤਾ ਨੂੰ ਸੰਭਾਲਣਾ, ਗੈਰ-ਕਾਨੂੰਨੀ ਨਸ਼ਿਆਂ ਦੀ ਵਰਤੋਂ ਘਟਾਉਣਾ ਅਤੇ ਮਰੀਜ਼ ਨੂੰ ਇਲਾਜ ਤੇ ਪੁਨਰਵਾਸ ਵੱਲ ਲਿਜਾਣਾ ਹੁੰਦਾ ਹੈ। ਸਰਕਾਰੀ ਸਿਹਤ ਪ੍ਰਣਾਲੀ ਵਿੱਚ ਇਸ ਲਈ ਨਿਰਧਾਰਤ ਗਾਈਡਲਾਈਨਾਂ ਵੀ ਮੌਜੂਦ ਹਨ।

ਇਸ ਦੇ ਨਾਲ ਹੀ ਸਿਰਫ਼ ਦਵਾਈ ਦੇਣਾ ਕਾਫ਼ੀ ਨਹੀਂ। ਮਨੋਵਿਗਿਆਨਕ ਸਹਾਇਤਾ, ਕੌਂਸਲਿੰਗ, ਪਰਵਾਰਕ ਸਹਿਯੋਗ ਅਤੇ ਸਮਾਜਿਕ ਪੁਨਰਵਾਸ ਵੀ ਇਲਾਜ ਦਾ ਮਹੱਤਵਪੂਰਨ ਹਿੱਸਾ ਹਨ। ਉਦਾਹਰਨ ਵਜੋਂ ਪੀ ਜੀ ਆਈ ਚੰਡੀਗੜ੍ਹ ਦੇ ਡਰੱਗ ਡੀ-ਐਡੀਕਸ਼ਨ ਸੈਂਟਰ ਵਿੱਚ ਓਪਿਓਇਡ ਸਬਸਟੀਟਿਊਸ਼ਨ ਥੈਰੇਪੀ ਦੇ ਨਾਲ ਕਲੀਨਿਕਲ ਸਾਈਕੋਲੋਜੀ, ਸਾਈਕਿਆਟ੍ਰਿਕ ਸੋਸ਼ਲ ਵਰਕ ਅਤੇ ਕਮਿਊਨਿਟੀ ਸੇਵਾਵਾਂ ਵੀ ਦਿੱਤੀਆਂ ਜਾਂਦੀਆਂ ਹਨ ।

ਵੈਸੇ, ਪੰਜਾਬ ਦੀ ਭੂਗੋਲਿਕ ਸਥਿਤੀ ਵੀ ਨਸ਼ਾ ਤਸਕਰੀ ਦੀ ਚਰਚਾ ਵਿੱਚ ਮਹੱਤਵਪੂਰਨ ਹੈ। ਪਾਕਿਸਤਾਨ ਨਾਲ ਲੱਗਦੀ ਅੰਤਰਰਾਸ਼ਟਰੀ ਸਰਹੱਦ ਕਾਰਨ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਇੱਕ ਗੰਭੀਰ ਸੁਰੱਖਿਆ ਚੁਣੌਤੀ ਰਹੀ ਹੈ । ਡਰੋਨਾਂ ਰਾਹੀਂ ਗੈਰ-ਕਾਨੂੰਨੀ ਸਮੱਗਰੀ ਭੇਜਣ ਦੇ ਮਾਮਲੇ ਵੀ ਸਾਹਮਣੇ ਆਏ ਹਨ, ਪਰ ਸਰਹੱਦ ਨੂੰ ਹੀ ਨਸ਼ਿਆਂ ਦੀ ਪੂਰੀ ਸਮੱਸਿਆ ਦਾ ਇੱਕੋ-ਇੱਕ ਕਾਰਨ ਮੰਨਣਾ ਵੀ ਅਧੂਰਾ ਵਿਸ਼ਲੇਸ਼ਣ ਹੋਵੇਗਾ।

ਕਿਸੇ ਵੀ ਗੈਰ-ਕਾਨੂੰਨੀ ਨਸ਼ੇ ਦੀ ਸਪਲਾਈ ਲਈ ਸਰਹੱਦ ਪਾਰਲੇ ਸਰੋਤਾਂ ਦੇ ਨਾਲ-ਨਾਲ ਅੰਦਰੂਨੀ ਵੰਡ ਨੈੱਟਵਰਕ, ਸਥਾਨਕ ਤਸਕਰ, ਵਿੱਤੀ ਲੈਣ-ਦੇਣ ਅਤੇ ਭ੍ਰਿਸ਼ਟਾਚਾਰ ਵਰਗੇ ਪੱਖਾਂ ਦੀ ਵੀ ਜਾਂਚ ਲਾਜ਼ਮੀ ਹੈ। ਇਸ ਲਈ ਕਾਰਵਾਈ ਸਿਰਫ਼ ਨਸ਼ਾ ਖਰੀਦਣ ਜਾਂ ਵਰਤਣ ਵਾਲੇ ਵਿਅਕਤੀ ਤੱਕ ਸੀਮਿਤ ਨਹੀਂ ਰਹਿਣੀ ਚਾਹੀਦੀ। ਸਪਲਾਈ ਚੇਨ ਦੇ ਉਪਰਲੇ ਪੱਧਰ ਤੱਕ ਪਹੁੰਚਣਾ, ਵਿੱਤੀ ਨੈੱਟਵਰਕ ਦੀ ਜਾਂਚ ਕਰਨਾ ਅਤੇ ਵੱਡੇ ਤਸਕਰੀ ਗਰੋਹਾਂ ਦੀ ਸੰਪਤੀ ਤੇ ਪੈਸੇ ਦੇ ਸਰੋਤਾਂ ਦੀ ਜਾਂਚ ਕਰਨਾ ਵਧੇਰੇ ਪ੍ਰਭਾਵਸ਼ਾਲੀ ਰਣਨੀਤੀ ਦਾ ਹਿੱਸਾ ਹੋ ਸਕਦਾ ਹੈ ।

ਪੰਜਾਬ ਵਿੱਚ ਨਸ਼ਾ ਇੱਕ ਵੱਡਾ ਸਿਆਸੀ ਮੁੱਦਾ ਵੀ ਬਣਿਆ ਰਿਹਾ ਹੈ। ਵੱਖ-ਵੱਖ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਨੇ ਨਸ਼ੇ ਦੀ ਸਮੱਸਿਆ ਨੂੰ ਖ਼ਤਮ ਕਰਨ ਦੇ ਵਾਅਦੇ ਕੀਤੇ ਹਨ। 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਨਸ਼ਾ ਚਾਰ ਹਫ਼ਤਿਆਂ ਵਿੱਚ ਖ਼ਤਮ ਕਰਨ ਦਾ ਵਾਅਦਾ ਵੱਡੀ ਸਿਆਸੀ ਚਰਚਾ ਦਾ ਕੇਂਦਰ ਬਣਿਆ। 2022 ਦੀਆਂ ਚੋਣਾਂ ਦੌਰਾਨ ਵੀ ਨਸ਼ਾ ਵਿਰੋਧੀ ਕਾਰਵਾਈ ਇੱਕ ਮਹੱਤਵਪੂਰਨ ਚੋਣ ਮੁੱਦਾ ਰਹੀ, ਪਰ ਨਸ਼ੇ ਵਰਗੀ ਗੰਭੀਰ ਸਮੱਸਿਆ ਨੂੰ ਸਿਰਫ਼ ਚੋਣ ਨਾਅਰਿਆਂ ਤੱਕ ਸੀਮਿਤ ਕਰਨਾ ਇਸ ਦੇ ਹੱਲ ਵਿੱਚ ਸਹਾਇਕ ਨਹੀਂ ਹੋਵੇਗਾ। ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ, ਉਸ ਨੂੰ ਨਤੀਜਿਆਂ ਨੂੰ ਮਾਪਣ ਲਈ ਪਾਰਦਰਸ਼ੀ ਅੰਕੜੇ, ਇਲਾਜ ਦੀ ਗੁਣਵੱਤਾ, ਤਸਕਰੀ ਵਿਰੁੱਧ ਕਾਰਵਾਈ ਅਤੇ ਪੁਨਰਵਾਸ ਦੀ ਸਫ਼ਲਤਾ ਵਰਗੇ ਮਾਪਦੰਡ ਜਨਤਕ ਕਰਨੇ ਚਾਹੀਦੇ ਹਨ।

ਨਸ਼ੇ ਦੀ ਸਮੱਸਿਆ ਦਾ ਲੰਬੇ ਸਮੇਂ ਦਾ ਹੱਲ ਸਿਰਫ਼ ਪੁਲਸ ਕਾਰਵਾਈ ਨਹੀਂ ਹੋ ਸਕਦਾ। ਨੌਜਵਾਨਾਂ ਲਈ ਰੋਜ਼ਗਾਰ, ਹੁਨਰ ਵਿਕਾਸ, ਖੇਡਾਂ ਅਤੇ ਸਿੱਖਿਆ ਦੇ ਮੌਕੇ ਵਧਾਉਣਾ ਵੀ ਜ਼ਰੂਰੀ ਹੈ। ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਨਾਲ ਨਜਿੱਠਣ ਲਈ ਇੱਕ ਬਹੁ-ਪੱਖੀ ਨੀਤੀ ਦੀ ਲੋੜ ਹੈ। ਇਸ ਵਿੱਚ ਚਾਰ ਮੁੱਖ ਪੱਖ ਹੋਣੇ ਚਾਹੀਦੇ ਹਨ; ਜਿਨ੍ਹਾਂ ਵਿੱਚ ਵੱਡੇ ਤਸਕਰਾਂ, ਵਿੱਤੀ ਨੈੱਟਵਰਕ ਅਤੇ ਸੰਗਠਿਤ ਅਪਰਾਧ 'ਤੇ ਕੇਂਦਰਿਤ ਜਾਂਚ। ਨਸ਼ੇ ਦੇ ਆਦੀ ਵਿਅਕਤੀਆਂ ਲਈ ਮਨੋਚਿਕਿਤਸਾ, ਦਵਾਈ-ਆਧਾਰਤ ਇਲਾਜ, ਕੌਂਸਲਿੰਗ ਅਤੇ ਲੰਬੇ ਸਮੇਂ ਦਾ ਪੁਨਰਵਾਸ। ਸਿੱਖਿਆ, ਰੋਜ਼ਗਾਰ, ਖੇਡਾਂ, ਹੁਨਰ ਵਿਕਾਸ ਅਤੇ ਉਦਯੋਗਿਕ ਮੌਕਿਆਂ ਦਾ ਵਿਸਥਾਰ। ਨਸ਼ੇ ਦੇ ਮਰੀਜ਼ ਨੂੰ ਸਿਰਫ਼ ਅਪਰਾਧੀ ਸਮਝਣ ਦੀ ਬਜਾਏ ਉਸ ਦੀ ਸਿਹਤ ਅਤੇ ਪੁਨਰਵਾਸ ਨੂੰ ਵੀ ਮਹੱਤਵ ਦੇਣਾ ਸ਼ਾਮਲ ਹਨ ।

ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਹਕੀਕਤ ਹੈ ਅਤੇ ਇਸ ਨੂੰ ਨਕਾਰਨਾ ਪੰਜਾਬ ਦੇ ਆਪਣੇ ਨੌਜਵਾਨਾਂ ਨਾਲ ਇਨਸਾਫ਼ ਨਹੀਂ ਹੋਵੇਗਾ, ਪਰ ਇਸ ਦੇ ਨਾਲ ਹੀ ਪੂਰੇ ਪੰਜਾਬ ਨੂੰ 'ਨਸ਼ੇੜੀ' ਦੱਸਣਾ ਵੀ ਨਾ ਤੱਥਾਂ ਨਾਲ ਨਿਆਂ ਕਰਦਾ ਹੈ ਅਤੇ ਨਾ ਹੀ ਸਮੱਸਿਆ ਦੇ ਹੱਲ ਵਿੱਚ ਮਦਦਗਾਰ ਹੈ। ਇਸ ਲਈ ਸਹੀ ਰਸਤਾ ਸਮੱਸਿਆ ਨੂੰ ਛੁਪਾਉਣਾ ਨਹੀਂ, ਸਗੋਂ ਇਸ ਨੂੰ ਸਹੀ ਅੰਕੜਿਆਂ ਅਤੇ ਵਿਗਿਆਨਕ ਢੰਗ ਨਾਲ ਸਮਝਣਾ ਹੈ। ਪੰਜਾਬ ਦੀ ਪੂਰੀ ਤਸਵੀਰ ਨਸ਼ਿਆਂ ਨਾਲ ਨਹੀਂ ਬਣਦੀ। ਇਹ ਉਹੀ ਧਰਤੀ ਹੈ, ਜਿੱਥੋਂ ਦੇ ਨੌਜਵਾਨ ਖੇਤੀ ਤੋਂ ਲੈ ਕੇ ਫੌਜ, ਖੇਡਾਂ, ਕਾਰੋਬਾਰ, ਸਿੱਖਿਆ ਅਤੇ ਦੁਨੀਆ ਦੇ ਵੱਖ-ਵੱਖ ਖੇਤਰਾਂ ਵਿੱਚ ਆਪਣੀ ਪਛਾਣ ਬਣਾ ਰਹੇ ਹਨ।

ਇਸ ਲਈ ਪੰਜਾਬ ਦੀ ਜਵਾਨੀ ਨੂੰ ਨਾ ਤਾਂ ਝੂਠੀ ਸ਼ਾਨ ਦੇ ਨਾਂਅ 'ਤੇ ਸਮੱਸਿਆ ਤੋਂ ਅੱਖਾਂ ਮੀਟਣ ਦੀ ਲੋੜ ਹੈ ਅਤੇ ਨਾ ਹੀ ਨਸ਼ੇ ਦੀ ਸਮੱਸਿਆ ਨੂੰ ਵਧਾ-ਚੜ੍ਹਾ ਕੇ ਪੂਰੇ ਸਮਾਜ 'ਤੇ ਦਾਗ਼ ਲਗਾਉਣ ਦੀ। ਲੋੜ ਇਸ ਗੱਲ ਦੀ ਹੈ ਕਿ ਸਰਕਾਰਾਂ ਸਿਆਸੀ ਬਿਆਨਾਂ ਤੋਂ ਅੱਗੇ ਵਧ ਕੇ ਸਪਲਾਈ ਚੇਨ 'ਤੇ ਕਾਰਵਾਈ ਕਰਨ, ਇਲਾਜ ਅਤੇ ਪੁਨਰਵਾਸ ਨੂੰ ਮਜ਼ਬੂਤ ਕਰਨ, ਨੌਜਵਾਨਾਂ ਲਈ ਰੋਜ਼ਗਾਰ ਤੇ ਖੇਡਾਂ ਦੇ ਮੌਕੇ ਵਧਾਉਣ ਅਤੇ ਹਰ ਪੱਧਰ 'ਤੇ ਪਾਰਦਰਸ਼ੀ ਅੰਕੜੇ ਜਨਤਕ ਕਰਨ। ਤਦ ਹੀ ਪੰਜਾਬ ਨੂੰ ਨਸ਼ਿਆਂ ਦੀ ਸਮੱਸਿਆ ਤੋਂ ਬਾਹਰ ਕੱਢਣ ਦੇ ਨਾਲ-ਨਾਲ ਉਸ ਦੀ ਅਸਲ ਸਮਾਜਿਕ ਤਸਵੀਰ ਨੂੰ ਵੀ ਦੁਨੀਆ ਸਾਹਮਣੇ ਸੰਤੁਲਿਤ ਢੰਗ ਨਾਲ ਰੱਖਿਆ ਜਾ ਸਕੇਗਾ।

# ਸੰਪਰਕ : 95698-20314

# ਸਬਰ ਅਤੇ ਅੱਜ ਦਾ ਮਨੁੱਖ


ਚਰਨਜੀਤ ਸਿੰਘ ਰਾਜੌਰ

ਕਿਸੇ ਵੀ ਦੇਸ ਦਾ ਭਵਿੱਖ ਬਹੁਤ ਹੱਦ ਤੱਕ ਉਸ ਦੇਸ ਦੇ ਨੌਜਵਾਨਾਂ ਦੀ ਸੋਚ, ਸਮਝ ਅਤੇ ਕਾਰਜਸ਼ੈਲੀ 'ਤੇ ਨਿਰਭਰ ਕਰਦਾ ਹੈ । ਨੌਜਵਾਨ ਦੇਸ ਦੀ ਤਰੱਕੀ ਵਿੱਚ ਅਹਿਮ ਰੋਲ ਅਦਾ ਕਰਨ ਦਾ ਮਾਦਾ ਰੱਖਦਾ ਹੈ । ਭਾਰਤ ਲਈ ਮਾਣ ਵਾਲੀ ਗੱਲ ਹੈ ਕਿ ਭਾਰਤ ਨੌਜਵਾਨਾਂ ਦਾ ਦੇਸ ਹੈ।ਨੌਜਵਾਨੀ ਨੂੰ ਸਹੀ ਸੇਧ ਅਤੇ ਸਹੀ ਦਿਸ਼ਾ ਉਸ ਦੇ ਮਾਤਾ-ਪਿਤਾ, ਅਧਿਆਪਕ ਅਤੇ ਸਮਾਜ ਵਿੱਚ ਆਪਣੇ ਚੰਗੇ ਕੰਮਾਂ ਕਰਕੇ ਆਪਣੀ ਵਿਸ਼ੇਸ਼ ਪਹਿਚਾਣ ਬਣਾ ਚੁੱਕੇ ਲੋਕ ਦੇ ਸਕਦੇ ਹਨ, ਪਰ ਅੱਜ ਦੇ ਸੋਸ਼ਲ ਮੀਡੀਆ ਅਤੇ ਏ ਆਈ ਦੇ ਯੁੱਗ ਵਿੱਚ ਬਤੌਰ ਮਾਤਾ-ਪਿਤਾ, ਅਧਿਆਪਕ ਅਤੇ ਸਮਾਜ ਨੂੰ ਸੇਧ ਦੇਣ ਵਾਲੇ ਚੰਗੇ ਨਾਗਰਿਕ ਦੇ ਤੌਰ 'ਤੇ ਸਾਡੇ ਅੰਦਰੋਂ ਉਪਜਦੀ ਸਾਕਾਰਾਤਮਕ ਊਰਜਾ ਸਾਡੇ ਵਿੱਚੋਂ ਹੀ ਕਿਤੇ ਗੁਆਚਦੀ ਅਤੇ ਨਕਰਾਤਮਕ ਊਰਜਾ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਕੇ ਸਾਡੇ ਨਾਲ ਜੁੜਦੀ ਜਾ ਰਹੀ ਹੈ। ਕਾਰਨ ਸਾਡੇ ਰਿਸ਼ਤਾ-ਨਾਤਾ ਪ੍ਰਬੰਧ ਵਿੱਚ ਲਗਾਤਾਰ ਨਿਘਾਰ ਆਉਣਾ, ਆਪਣੇ ਬੱਚਿਆਂ ਨੂੰ ਸਮਾਂ ਨਾ ਦੇ ਕੇ ਬਹੁਤਾ ਸਮਾਂ ਮੋਬਾਈਲ ਨੂੰ ਦੇਣਾ, ਸੋਸ਼ਲ ਮੀਡੀਆ ਤੇ ਵਿਖਾਈ ਜਾ ਰਹੀ ਸਮਗਰੀ ਅਨੁਸਾਰ ਆਪਣੇ ਆਪ ਨੂੰ ਢਾਲਣਾ, ਪੈਸੇ ਨੂੰ ਅਤਿ ਪ੍ਰਮੁੱਖਤਾ ਦੇਣਾ ਅਤੇ ਨੈਤਿਕ ਕਦਰਾਂ-ਕੀਮਤਾਂ ਤੋਂ ਪਾਸਾ ਵੱਟ ਕੇ ਆਪਣੇ ਆਪ ਨੂੰ ਅਤਿ-ਆਧੁਨਿਕ ਦਿਖਾਉਣ ਲਈ ਪੱਛਮੀ ਸੱਭਿਅਤਾ ਦੇ ਰਹਿਣ-ਸਹਿਣ ਦੇ ਕੇਵਲ ਅਤੇ ਕੇਵਲ ਬਾਹਰੀ ਪੱਖ ਨੂੰ ਅਪਨਾਉਣਾ ।ਇਹ ਸਭ ਅੰਦਰੋਂ-ਅੰਦਰੀ ਸਾਨੂੰ ਅਤੇ ਸਾਡੀ ਹੋਂਦ ਨੂੰ ਖੋਰਾ ਲਾ ਰਿਹਾ ਹੈ।

ਨਤੀਜਾ ਸਾਡੇ ਵਿੱਚ, ਸਾਡੇ ਬੱਚਿਆਂ ਵਿੱਚ ਸਬਰ ਦੀ ਭਾਵਨਾ ਲਗਭਗ ਆਪਣੀ ਸਬਰ ਸੀਮਾ ਦੇ ਆਖਰੀ ਪੜਾਅ 'ਤੇ ਹੀ ਹੈ, ਜਿਸ ਦੇ ਨਤੀਜੇ ਸਾਨੂੰ ਅੱਜ ਸ਼ਰੇਆਮ ਵੇਖਣ ਨੂੰ ਮਿਲ ਰਹੇ ਹਨ। ਮਨੁੱਖ ਵਿੱਚ ਸਬਰ ਖ਼ਤਮ ਹੁੰਦਾ ਜਾ ਰਿਹਾ ਹੈ। ਸਬਰ ਕਰਨ ਬਾਰੇ ਸੋਚਣਾ ਵੀ ਸਾਡੇ ਅੰਦਰ ਇੱਕ ਬੇਚੈਨੀ ਜਿਹੀ ਪੈਦਾ ਕਰ ਰਿਹਾ ਹੈ। ਅੱਜ ਦੇ ਸਮੇਂ ਵਿੱਚ ਗੱਡੀ ਦਾ ਮਾਰਿਆ ਹਾਰਨ, ਸੜਕ ਤੇ ਚਲਦਿਆਂ ਦੂਜੇ ਸਾਧਨ ਨੂੰ ਓਵਰਟੇਕ ਕਰਨਾ, ਰਾਹ ਜਾਂਦਿਆਂ ਮੋਢਾ ਵੱਜਣਾ, ਰਾਹ ਜਾਂਦਿਆਂ ਕਿਸੇ ਦੀ ਅੱਖਾਂ ਨਾਲ ਅੱਖਾਂ ਮਿਲ ਜਾਣੀਆਂ, ਸੋਸ਼ਲ ਮੀਡੀਆ 'ਤੇ ਪਾਈਆਂ ਕਿਸੇ ਖ਼ਿਲਾਫ਼ ਸਟੋਰੀਆਂ ਜਾਂ ਨਸ਼ਾ ਕਰਨ ਅਤੇ ਵੇਚਣ ਵਾਲਿਆਂ ਖ਼ਿਲਾਫ਼ ਬੋਲਣਾ ਸਾਡੀ ਅਣਿਆਈ ਮੌਤ ਦਾ ਕਾਰਨ ਬਣਦੀਆਂ ਜਾ ਰਹੀਆਂ ਹਨ। ਇਹ ਸਭ ਵੇਖਣ ਅਤੇ ਸੁਣਨ ਤੋਂ ਇਹ ਅਹਿਸਾਸ ਹੋਣ ਲੱਗ ਪਿਆ ਹੈ ਕਿ ਕਿਤੇ ਅਸੀਂ ਚਾਰਲਸ ਡਾਰਵਿਨ ਦੇ ਉਸ ਸਿਧਾਂਤ, ਜਿਸ ਵਿੱਚ ਉਸ ਨੇ ਦੱਸਿਆ ਹੈ ਕਿ ਅੱਜ ਦੇ ਮਨੁੱਖ ਅਤੇ ਬਾਂਦਰ ਦੇ ਪੂਰਵਜ਼ ਇੱਕ ਸਨ, ਨੂੰ ਪੁੱਠਾ ਗੇੜਾ ਤਾਂ ਨਹੀਂ ਦੇ ਬੈਠੇ ਕਿ ਮਨੁੱਖ ਮੁੜ ਤੋਂ ਇਨਸਾਨ ਦੇ ਜਾਮੇ ਤੋਂ ਜਾਨਵਰ ਬਣਨ ਵੱਲ ਅਗਰਸਰ ਹੁੰਦਾ ਜਾ ਰਿਹਾ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਅੱਜ ਦੀ ਨੌਜਵਾਨ ਪੀੜ੍ਹੀ ਸਬਰ ਸ਼ਬਦ ਤੋਂ ਕੋਹਾਂ ਦੂਰ ਹੁੰਦੀ ਨਜ਼ਰ ਆ ਰਹੀ ਹੈ । ਇਸ ਦਾ ਕਾਰਨ ਕਿਤੇ ਨਾ ਕਿਤੇ ਅਸੀਂ ਮਾਪੇ ਵੀ ਬਣਦੇ ਨਜ਼ਰ ਆ ਰਹੇ ਹਾਂ । ਅਸਲ ਵਿੱਚ ਅਸੀਂ ਆਪ ਸਬਰ ਨਾਂਅ ਦੇ ਸ਼ਬਦ ਨੂੰ ਉਸ ਦੀ ਪਰਿਭਾਸ਼ਾ ਨੂੰ ਆਪਣੇ ਸ਼ਬਦ ਭੰਡਾਰ ਵਿੱਚੋਂ ਕੱਢਣ ਦੀ ਜਿੱਦ ਫੜੀ ਬੈਠੇ ਹਾਂ। ਚਲਦੇ ਮੋਬਾਇਲ ਦਾ ਜੇਕਰ ਚੰਦ ਸਕਿੰਟਾਂ ਲਈ ਵੀ ਇੰਟਰਨੈੱਟ ਬੰਦ ਹੋ ਜਾਵੇ ਤਾਂ ਫਿਰ ਵੇਖਿਓ ਸਾਡਾ ਕੀ ਹਾਲ ਹੁੰਦਾ ਹੈ। ਇਹੋ ਕੁੱਝ ਅੱਜ ਦੀ ਨੌਜਵਾਨ ਪੀੜ੍ਹੀ ਅਤੇ ਛੋਟੀ ਉਮਰ ਦੇ ਬੱਚਿਆਂ ਵਿੱਚ ਵੇਖਣ ਨੂੰ ਮਿਲ ਰਿਹਾ ਹੈ। ਛੋਟੀ ਉਮਰ ਦੇ ਬੱਚੇ ਜਿਹੜੇ ਮੋਬਾਈਲ ਅਤੇ ਟੈਲੀਵਿਜ਼ਨ 'ਤੇ ਚੰਦ ਸੈਕਿੰਡਾਂ ਦੀਆਂ ਵੀਡੀਓਜ਼ (ਰੀਲਜ਼, ਸ਼ੌਰਟਸ) ਵੇਖਦੇ ਹਨ, ਕਿਤੇ ਨਾ ਕਿਤੇ ਇਹ ਵੀ ਇਹਨਾਂ ਬੱਚਿਆਂ ਲਈ ਹਾਨੀਕਾਰਕ ਸਿੱਧ ਹੋ ਰਹੀਆਂ ਹਨ ।

ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਬੱਚਿਆਂ ਦੇ ਮਨਾਂ 'ਤੇ ਇਸ ਦਾ ਬਹੁਤ ਮਾੜਾ ਅਸਰ ਪੈ ਰਿਹਾ ਹੈ ।ਬੱਚੇ ਜ਼ਿਆਦਾ ਸਮਾਂ ਵਾਲੀਆਂ ਵੀਡੀਓਜ਼ ਨਹੀਂ ਵੇਖ ਸਕਦਾ, ਕਿਉਂਕਿ ਉਹਨਾਂ ਵਿੱਚ ਉਹ ਕੁਝ ਕੁ ਸੈਕਿੰਡ ਵਾਲੀ ਵੀਡੀਓਜ਼ ਦੇਖਣ ਦੀ ਲਤ ਲੱਗ ਗਈ ਹੈ। ਇਹੋ ਵਿਹਾਰ ਉਹ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਦੁਹਰਾ ਰਿਹਾ ਹੈ। ਬੱਚੇ ਨੂੰ ਕੋਈ ਵੀ ਚੀਜ਼ ਸੈਕਿੰਡ ਤੋਂ ਪਹਿਲਾਂ ਚਾਹੀਦੀ ਹੈ। ਨਾ ਮਿਲਣ ਦੀ ਸੂਰਤ ਵਿੱਚ ਬੱਚਾ ਚਿੜਚਿੜਾ ਹੋ ਰਿਹਾ ਹੈ। ਮਾਤਾ-ਪਿਤਾ, ਆਪਣੇ ਵੱਡੇ-ਛੋਟਿਆਂ ਨਾਲ ਬਦਤਮੀਜ਼ੀ ਨਾਲ ਪੇਸ਼ ਆ ਰਿਹਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਛੋਟੀ ਉਮਰ ਵਿਚ ਹੀ ਬੱਚੇ ਵਿੱਚ ਸਬਰ-ਸੰਤੋਖ ਨਾਂਅ ਦੇ ਅੰਸ਼ ਮਿਟਦੇ ਜਾ ਰਹੇ ਹਨ ਅਤੇ ਵੱਡੇ ਹੁੰਦਿਆਂ-ਹੁੰਦਿਆਂ ਉਹ ਇੱਕ ਸਮਾਜਿਕ ਇਨਸਾਨ ਨਹੀਂ, ਸਗੋਂ ਇੱਕ ਖਤਰਨਾਕ ਜਾਨਵਰ ਦਾ ਰੂਪ ਜੇਕਰ ਧਾਰ ਲਵੇ ਤਾਂ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ। ਅੱਜ ਦੇ ਸਮੇਂ ਵਿੱਚ ਹੋ ਰਹੀਆਂ ਲੁੱਟਾਂ-ਖੋਹਾਂ, ਲੜਾਈ-ਝਗੜੇ, ਨਸ਼ਿਆਂ ਦਾ ਸੇਵਨ ਅਤੇ ਆਤਮਾ ਹੱਤਿਆਵਾਂ ਇਸ ਦੇ ਲੱਛਣ ਹਨ । ਪਿਛਲੇ ਦਿਨੀਂ ਮਹਾਰਾਸ਼ਟਰ ਵਿੱਚ ਹੋਈ ਇੱਕ ਦਰਦਨਾਕ ਘਟਨਾ ਜਿਸ ਵਿੱਚ ਇੱਕ 18-19 ਸਾਲ ਦੇ ਲੜਕੇ ਨੇ ਆਪਣੀ ਜ਼ਿੱਦ ਪੁਗਾਉਣ ਖਾਤਰ ਆਪਣੇ ਮਾਤਾ-ਪਿਤਾ ਸਮੇਤ ਆਪਣੀ ਵੀ ਜਾਨ ਗੁਆ ਲਈ ਹੈ, ਬਾਰੇ ਸੋਚ ਕੇ ਇੱਕ ਵਾਰ ਤਾਂ ਜ਼ਰੂਰ ਅਸੀਂ ਆਪਣੇ ਬੱਚਿਆਂ ਬਾਰੇ ਸੋਚਦੇ ਹੀ ਹੋਵਾਂਗੇ ਕਿ ਅਸੀਂ ਹੁਣ ਤੋਂ ਹੀ ਉਹਨਾਂ ਨੂੰ ਜ਼ਿੱਦੀ ਬਣਨ ਤੋਂ ਰੋਕੀਏ, ਉਹਨਾਂ ਦੀ ਹਰ ਜ਼ਿੱਦ ਨਾ ਪੂਰੀ ਕਰੀਏ। ਅੱਜ-ਕੱਲ੍ਹ ਤਾਂ ਅਸੀਂ ਆਪ ਵੀ ਸੋਸ਼ਲ ਮੀਡੀਆ 'ਤੇ ਲੋਕਾਂ ਦੁਆਰਾ ਆਪਣੇ ਵਿਊ ਵਧਾਉਣ ਲਈ ਬਣਾਈਆਂ ਹਰ ਪ੍ਰਕਾਰ ਦੀਆਂ ਵੀਡੀਓਜ਼ ਵਿੱਚੋਂ ਉਹ ਵੀਡੀਓਜ਼ ਜਿਹਨਾਂ ਵਿਚ ਹਰ ਕੋਈ ਆ ਕੇ ਇਹ ਦੱਸ ਰਿਹਾ ਹੈ ਕਿ ਬੱਚੇ ਦੀ ਪਰਵਰਿਸ਼ ਕਿਵੇਂ ਕਰਨੀ ਹੈ, ਨੂੰ ਸੱਚ ਮੰਨ ਕੇ ਆਪਣੇ ਬੱਚੇ ਨਾਲ ਉਸ ਤਰ੍ਹਾਂ ਹੀ ਵਿਹਾਰ ਕਰ ਰਹੇ ਹਾਂ, ਜੋ ਕਿ ਬਿਲਕੁਲ ਗਲਤ ਹੈ। ਅਸੀਂ ਇਹ ਨਹੀਂ ਵੇਖ ਰਹੇ ਕਿ ਕੀ ਇਹ ਜਾਣਕਾਰੀ ਦੇਣ ਵਾਲੇ ਵਿਅਕਤੀ ਨੇ ਇਸ ਵਿਸ਼ੇ 'ਤੇ ਕੋਈ ਖੋਜ ਕੀਤੀ ਹੈ ਜਾਂ ਉਹ ਵਿਅਕਤੀ ਬੱਚਾ ਮਨੋਵਿਗਿਆਨ ਵਿਸ਼ੇ ਦਾ ਵਿਦਿਆਰਥੀ ਹੈ ਜਾਂ ਖੋਜੀ ਹੈ ਜਾਂ ਉਹ ਇਸ ਵਿਸ਼ੇ ਦਾ ਮਾਹਰ ਹੈ। ਸਾਨੂੰ ਮਾਪਿਆਂ ਨੂੰ ਚਾਹੀਦਾ ਹੈ ਕਿ ਇਹਨਾਂ ਬੇਤੁਕੀਆਂ ਗੱਲਾਂ ਵੱਲ ਧਿਆਨ ਨਾ ਦੇ ਕੇ ਆਪਣੀ ਸੋਚ-ਸਮਝ ਤੋਂ ਕੰਮ ਲੈ ਕੇ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰੀਏ।ਬੱਚਿਆਂ ਨੂੰ ਸਕਰੀਨ ਤੋਂ ਦੂਰ ਕਰਕੇ ਖੇਡ ਮੈਦਾਨ ਨਾਲ ਜੋੜਨਾ, ਧਾਰਮਿਕ ਪੁਸਤਕਾਂ (ਹਰ ਧਰਮ ਨੂੰ ਜਾਨਣ ਲਈ ਉਸ ਧਰਮ ਨਾਲ ਸਬੰਧਤ ਕਿਤਾਬ ਜ਼ਰੂਰ ਪੜ੍ਹੋ) ਬਾਰੇ ਉਹਨਾਂ ਨਾਲ ਚਰਚਾ ਕਰਨਾ ਅਤੇ ਉਹਨਾਂ ਨੂੰ ਇਹ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰਨਾ, ਆਪਣੇ ਬੱਚਿਆਂ ਨੂੰ ਕਿਸੇ ਵੀ ਪ੍ਰਕਾਰ ਦੀ ਕੱਟੜਤਾ ਤੋਂ ਦੂਰ ਰਹਿ ਕੇ ਇੱਕ ਇਨਸਾਨ ਦੀ, ਇਨਸਾਨੀਅਤ ਦੀ ਕਦਰ, ਰਾਖੀ ਅਤੇ ਇੱਜ਼ਤ ਕਰਨ ਲਈ ਜਾਗਰੂਕ ਕਰਨਾ, ਸਾਡੇ ਵਿੱਚ ਇਹ ਸੋਚ ਅਤੇ ਸਮਝ ਉਦੋਂ ਵਿਕਸਤ ਹੋਵੇਗੀ, ਜਦੋਂ ਅਸੀਂ ਆਪ ਇਸ ਭਿਅੰਕਰ ਆਦਮ ਦਿਮਾਗਖੋਰ ਜਾਨਵਰ-ਨੁਮਾ ਮੋਬਾਇਲ ਦੀ ਕੈਦ ਵਿੱਚੋਂ ਰਿਹਾ ਹੋ ਕਿ ਪੁਸਤਕਾਂ ਨੂੰ ਆਪਣਾ ਸਾਥੀ ਬਣਾਵਾਂਗੇ। ਜੇਕਰ ਇਸ ਵਿਸ਼ੇ ਬਾਰੇ ਅੱਜ ਖੁੱਲ੍ਹ ਕੇ ਚਰਚਾ ਨਾ ਕੀਤੀ ਤਾਂ ਉਹ ਦਿਨ ਦੂਰ ਨਹੀਂ, ਜਦੋਂ ਦੇਸ਼ ਦਾ ਭਵਿੱਖ ਕਹੀ ਜਾਣ ਵਾਲੀ ਇਹ ਪੀੜ੍ਹੀ ਭੂਤਕਾਲ ਦੀ ਕੋਈ ਮਾੜੀ ਯਾਦ ਬਣ ਕੇ ਰਹਿ ਜਾਵੇਗੀ।

# ਸੰਪਰਕ : 84279-29558

# ਯੋਗ, ਧਿਆਨ ਅਤੇ ਮਨ ਦੀ ਤਾਕਤ


ਡਾ. ਪਰਦੀਪ ਨਾਂਗਲੂ

ਮਨੁੱਖੀ ਸਿਹਤ ਨੂੰ ਸਮਝਣ ਲਈ ਲੰਮੇ ਸਮੇਂ ਤੱਕ ਸਰੀਰ ਅਤੇ ਮਨ ਨੂੰ ਦੋ ਵੱਖਰੇ ਖੇਤਰਾਂ ਵਜੋਂ ਦੇਖਿਆ ਜਾਂਦਾ ਰਿਹਾ ਹੈ। ਸਰੀਰ ਬਿਮਾਰ ਹੋਵੇ ਤਾਂ ਇਲਾਜ ਸਰੀਰ ਦਾ ਅਤੇ ਮਨ ਪਰੇਸ਼ਾਨ ਹੋਵੇ ਤਾਂ ਇਲਾਜ ਮਨ ਦਾ—ਇਹ ਧਾਰਨਾ ਆਮ ਰਹੀ ਹੈ, ਪਰ ਆਧੁਨਿਕ ਮਨੋਵਿਗਿਆਨ, ਤੰਤੂ-ਵਿਗਿਆਨ ਅਤੇ ਰੋਗ-ਪ੍ਰਤੀਰੋਧ ਵਿਗਿਆਨ ਨੇ ਇਹ ਸਮਝ ਹੋਰ ਡੂੰਘੀ ਤੇ ਸਪੱਸ਼ਟ ਕਰ ਦਿੱਤੀ ਹੈ ਕਿ ਮਨ ਅਤੇ ਸਰੀਰ ਇਕ-ਦੂਜੇ ਤੋਂ ਵੱਖਰੇ ਨਹੀਂ ਹਨ। ਸਾਡੀ ਸੋਚ, ਭਾਵਨਾਵਾਂ, ਤਣਾਅ, ਨੀਂਦ, ਸਾਹ ਲੈਣ ਦਾ ਢੰਗ ਅਤੇ ਜੀਵਨ-ਸ਼ੈਲੀ ਸਰੀਰਕ ਪ੍ਰਕਿਰਿਆਵਾਂ ਨਾਲ ਲਗਾਤਾਰ ਤਾਲਮੇਲ ਬਣਾਈ ਰੱਖਦੇ ਹਨ।

ਇਸੇ ਸੰਬੰਧ ਵਿੱਚ ਯੋਗ ਅਤੇ ਧਿਆਨ ਬਾਰੇ ਹੋ ਰਹੀ ਖੋਜ ਇੱਕ ਮਹੱਤਵਪੂਰਨ ਸਵਾਲ ਖੜ੍ਹਾ ਕਰਦੀ ਹੈ—ਕੀ ਮਨ ਨੂੰ ਸ਼ਾਂਤ ਕਰਨ ਵਾਲੀਆਂ ਕਿਰਿਆਵਾਂ ਸਰੀਰ ਦੇ ਅੰਦਰ ਹੋਣ ਵਾਲੀਆਂ ਜੀਵ-ਵਿਗਿਆਨਕ ਪ੍ਰਕਿਰਿਆਵਾਂ ਨੂੰ ਵੀ ਪ੍ਰਭਾਵਿਤ ਕਰ ਸਕਦੀਆਂ ਹਨ ?

ਇਸ ਸਵਾਲ ਦਾ ਜਵਾਬ ਅਜੇ ਪੂਰੀ ਤਰ੍ਹਾਂ ਅੰਤਮ ਨਹੀਂ ਹੈ, ਪਰ ਹੁਣ ਤੱਕ ਦੀ ਖੋਜ ਇਹ ਸੰਕੇਤ ਜ਼ਰੂਰ ਦਿੰਦੀ ਹੈ ਕਿ ਮਨ ਅਤੇ ਸਰੀਰ ਵਿਚਕਾਰ ਸੰਬੰਧ ਸਿਰਫ਼ ਦਾਰਸ਼ਨਕ ਵਿਚਾਰ ਨਹੀਂ, ਸਗੋਂ ਮਾਪੇ ਜਾ ਸਕਣ ਵਾਲੀ ਜੀਵ-ਵਿਗਿਆਨਕ ਹਕੀਕਤ ਵੀ ਹੈ।

**ਤਣਾਅ ਤੋਂ ਜੀਨਾਂ ਦੀ ਕਿਰਿਆ ਤੱਕ**: ਤਣਾਅ ਆਪਣੇ ਆਪ ਵਿੱਚ ਹਮੇਸ਼ਾ ਨੁਕਸਾਨਦਾਇਕ ਨਹੀਂ ਹੁੰਦਾ। ਥੋੜ੍ਹੇ ਸਮੇਂ ਲਈ ਤਣਾਅ ਸਰੀਰ ਨੂੰ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਕਰਦਾ ਹੈ। ਜਦੋਂ ਮਨੁੱਖ ਨੂੰ ਖਤਰੇ ਜਾਂ ਦਬਾਅ ਦਾ ਅਹਿਸਾਸ ਹੁੰਦਾ ਹੈ ਤਾਂ ਸਰੀਰ ਦੀ ਚੇਤਾਵਨੀ ਪ੍ਰਣਾਲੀ ਸਰਗਰਮ ਹੋ ਜਾਂਦੀ ਹੈ। ਦਿਲ ਦੀ ਧੜਕਣ ਤੇਜ਼ ਹੋ ਸਕਦੀ ਹੈ, ਸਾਹ ਬਦਲ ਸਕਦਾ ਹੈ ਅਤੇ ਸਰੀਰ ਆਪਣੀ ਊਰਜਾ ਤੁਰੰਤ ਵਰਤਣ ਲਈ ਤਿਆਰ ਕਰਦਾ ਹੈ।

ਸਮੱਸਿਆ ਉਸ ਵੇਲੇ ਪੈਦਾ ਹੁੰਦੀ ਹੈ, ਜਦੋਂ ਤਣਾਅ ਅਸਥਾਈ ਰਹਿਣ ਦੀ ਬਜਾਏ ਲਗਾਤਾਰ ਜੀਵਨ ਦਾ ਹਿੱਸਾ ਬਣ ਜਾਂਦਾ ਹੈ। ਲੰਮੇ ਸਮੇਂ ਦਾ ਮਨੋਵਿਗਿਆਨਕ ਤਣਾਅ ਸਰੀਰ ਦੀਆਂ ਤਣਾਅ-ਸਬੰਧੀ ਪ੍ਰਣਾਲੀਆਂ ਨੂੰ ਲਗਾਤਾਰ ਸਰਗਰਮ ਰੱਖ ਸਕਦਾ ਹੈ। ਇਸ ਨਾਲ ਸੋਜਿਸ਼ ਨਾਲ ਜੁੜੀਆਂ ਜੀਵ-ਵਿਗਿਆਨਕ ਪ੍ਰਕਿਰਿਆਵਾਂ ਪ੍ਰਭਾਵਤ ਹੋ ਸਕਦੀਆਂ ਹਨ।ਇੱਥੇ ਇੱਕ ਬਹੁਤ ਮਹੱਤਵਪੂਰਨ ਗੱਲ ਸਮਝਣੀ ਚਾਹੀਦੀ ਹੈ। ਯੋਗ ਜਾਂ ਧਿਆਨ ਆਮ ਤੌਰ 'ਤੇ ਸਾਡੇ ਜੀਨਾਂ ਦੀ ਬਣਤਰ ਜਾਂ ਵਿਰਾਸਤੀ ਲੜੀ ਨੂੰ ਬਦਲਣ ਦਾ ਅਰਥ ਨਹੀਂ ਰੱਖਦੇ। ਖੋਜ ਵਿੱਚ ਜਿਸ ਗੱਲ ਦੀ ਚਰਚਾ ਹੁੰਦੀ ਹੈ, ਉਹ ਹੈ ਜੀਨਾਂ ਦੀ ਕਿਰਿਆ ਜਾਂ ਪ੍ਰਗਟਾਵੇ ਵਿੱਚ ਤਬਦੀਲੀ। ਸਧਾਰਨ ਸ਼ਬਦਾਂ ਵਿੱਚ ਕਹੀਏ ਤਾਂ ਸਾਡੇ ਸਰੀਰ ਵਿੱਚ ਮੌਜੂਦ ਜੀਨ ਉਹੀ ਰਹਿੰਦੇ ਹਨ, ਪਰ ਉਨ੍ਹਾਂ ਵਿੱਚੋਂ ਕੁਝ ਕਦੋਂ ਅਤੇ ਕਿੰਨੀ ਸਰਗਰਮੀ ਨਾਲ ਕੰਮ ਕਰਨਗੇ, ਇਸ 'ਤੇ ਵਾਤਾਵਰਣ ਅਤੇ ਜੀਵਨ-ਸ਼ੈਲੀ ਦਾ ਪ੍ਰਭਾਵ ਪੈ ਸਕਦਾ ਹੈ।

**ਯੋਗ, ਧਿਆਨ ਅਤੇ ਸਰੀਰ ਦੀ ਸੋਜਿਸ਼** : ਸਾਲ 2017 ਵਿੱਚ ਪ੍ਰਕਾਸ਼ਿਤ ਇੱਕ ਵਿਵਸਥਿਤ ਵਿਗਿਆਨਕ ਸਮੀਖਿਆ ਵਿੱਚ ਧਿਆਨ, ਸਚੇਤਤਾ, ਯੋਗ, ਤਾਈ ਚੀ, ਚੀ ਗੋਂਗ, ਸਾਹ-ਨਿਯੰਤਰਣ ਅਤੇ ਆਰਾਮ-ਪ੍ਰਤੀਕਿਰਿਆ ਨਾਲ ਸੰਬੰਧਤ ਅਠਾਰਾਂ ਅਧਿਐਨਾਂ ਦੀ ਜਾਂਚ ਕੀਤੀ ਗਈ। ਇਨ੍ਹਾਂ ਅਧਿਐਨਾਂ ਵਿੱਚ ਕੁੱਲ 846 ਵਿਅਕਤੀ ਸ਼ਾਮਲ ਸਨ । ਖੋਜਕਾਰਾਂ ਨੇ ਪਾਇਆ ਕਿ ਇਨ੍ਹਾਂ ਮਨ-ਸਰੀਰ ਅਭਿਆਸਾਂ ਨਾਲ ਸੋਜਿਸ਼ ਨਾਲ ਜੁੜੀਆਂ ਕੁਝ ਜੀਨ-ਕਿਰਿਆਵਾਂ ਵਿੱਚ ਕਮੀ ਦੇ ਸੰਕੇਤ ਮਿਲੇ। ਖਾਸ ਤੌਰ 'ਤੇ ਇੱਕ ਮਹੱਤਵਪੂਰਨ ਅੰਦਰੂਨੀ ਅਣੂ-ਪ੍ਰਣਾਲੀ, ਜੋ ਸੋਜਿਸ਼ ਨਾਲ ਜੁੜੇ ਜੀਨਾਂ ਦੀ ਕਿਰਿਆ ਨੂੰ ਨਿਯੰਤਰਿਤ ਕਰਦੀ ਹੈ, ਦੀ ਸਰਗਰਮੀ ਵਿੱਚ ਕਮੀ ਕਈ ਅਧਿਐਨਾਂ ਵਿੱਚ ਦੇਖੀ ਗਈ।

ਇਸ ਦਾ ਅਰਥ ਇਹ ਨਹੀਂ ਕਿ ਕੁਝ ਮਿੰਟ ਧਿਆਨ ਕਰਨ ਨਾਲ ਕਿਸੇ ਵਿਅਕਤੀ ਦੇ ਜੀਨ ਤੁਰੰਤ ਬਦਲ ਜਾਂਦੇ ਹਨ ਜਾਂ ਕੋਈ ਬਿਮਾਰੀ ਖਤਮ ਹੋ ਜਾਂਦੀ ਹੈ। ਵਿਗਿਆਨ ਇਸ ਤੋਂ ਕਿਤੇ ਜ਼ਿਆਦਾ ਸਾਵਧਾਨ ਭਾਸ਼ਾ ਵਰਤਦਾ ਹੈ। ਮੌਜੂਦਾ ਸਬੂਤ ਇਹ ਸੰਕੇਤ ਦਿੰਦੇ ਹਨ ਕਿ ਨਿਯਮਿਤ ਮਨ-ਸਰੀਰ ਅਭਿਆਸ ਤਣਾਅ ਨਾਲ ਸੰਬੰਧਤ ਕੁਝ ਜੀਵ-ਵਿਗਿਆਨਕ ਰਸਤਿਆਂ ਨੂੰ ਪ੍ਰਭਾਵਤ ਕਰ ਸਕਦੇ ਹਨ, ਪਰ ਇਨ੍ਹਾਂ ਪ੍ਰਭਾਵਾਂ ਦੀ ਮਿਆਦ, ਤੀਬਰਤਾ ਅਤੇ ਲੰਮੇ ਸਮੇਂ ਦੇ ਰੋਗਾਂ ਨਾਲ ਸਿੱਧਾ ਸੰਬੰਧ ਅਜੇ ਹੋਰ ਖੋਜ ਮੰਗਦਾ ਹੈ।

**ਮਨ ਦੀ ਅਵਸਥਾ ਸਰੀਰ ਤੱਕ ਕਿਵੇਂ ਪਹੁੰਚਦੀ ਹੈ ?**

ਮਨੁੱਖ ਦਾ ਦਿਮਾਗ ਸਿਰਫ਼ ਵਿਚਾਰ ਪੈਦਾ ਕਰਨ ਵਾਲਾ ਅੰਗ ਨਹੀਂ, ਇਹ ਸਰੀਰ ਦੇ ਅਨੇਕਾਂ ਕਾਰਜਾਂ ਨੂੰ ਪ੍ਰਭਾਵਿਤ ਕਰਨ ਵਾਲਾ ਕੇਂਦਰੀ ਨਿਯੰਤਰਕ ਵੀ ਹੈ। ਜਦੋਂ ਮਨੁੱਖ ਕਿਸੇ ਘਟਨਾ ਨੂੰ ਖਤਰਨਾਕ, ਅਸੁਰੱਖਿਅਤ ਜਾਂ ਬੇਕਾਬੂ ਸਮਝਦਾ ਹੈ, ਤਾਂ ਦਿਮਾਗ ਸਰੀਰ ਨੂੰ ਉਸ ਅਨੁਸਾਰ ਤਿਆਰ ਕਰਦਾ ਹੈ।ਇਸੇ ਤਰ੍ਹਾਂ ਜਦੋਂ ਮਨੁੱਖ ਸਾਹ ਨੂੰ ਹੌਲਾ ਕਰਦਾ ਹੈ, ਸਰੀਰਕ ਸੰਵੇਦਨਾਵਾਂ ਨੂੰ ਧਿਆਨ ਨਾਲ ਵੇਖਦਾ ਹੈ, ਆਪਣੇ ਵਿਚਾਰਾਂ ਨੂੰ ਬਿਨਾਂ ਤੁਰੰਤ ਪ੍ਰਤੀਕਿਰਿਆ ਕੀਤੇ ਦੇਖਦਾ ਹੈ ਅਤੇ ਵਰਤਮਾਨ ਪਲ ਵਿੱਚ ਟਿਕਣਾ ਸਿੱਖਦਾ ਹੈ, ਤਾਂ ਤਣਾਅ-ਪ੍ਰਤੀਕਿਰਿਆ ਦੇ ਢੰਗ ਵਿੱਚ ਤਬਦੀਲੀ ਆ ਸਕਦੀ ਹੈ।

ਮਨੋਵਿਗਿਆਨਕ ਪੱਧਰ 'ਤੇ ਇਸ ਪ੍ਰਕਿਰਿਆ ਨੂੰ ਪ੍ਰਤੀਕਿਰਿਆ ਅਤੇ ਜਾਗਰੂਕਤਾ ਵਿਚਕਾਰ ਅੰਤਰ ਪੈਦਾ ਕਰਨਾ ਕਿਹਾ ਜਾ ਸਕਦਾ ਹੈ। ਗੁੱਸਾ ਆਇਆ ਤਾਂ ਤੁਰੰਤ ਪ੍ਰਤੀਕਿਰਿਆ ਦੇਣ ਦੀ ਬਜਾਏ ਉਸ ਨੂੰ ਦੇਖਣਾ; ਡਰ ਆਇਆ ਤਾਂ ਉਸ ਨਾਲ ਆਪਣੀ ਪੂਰੀ ਪਹਿਚਾਣ ਨਾ ਜੋੜਨਾ; ਚਿੰਤਾ ਆਈ ਤਾਂ ਉਸ ਨੂੰ ਭਵਿੱਖ ਦੀ ਅਟੱਲ ਸੱਚਾਈ ਨਾ ਮੰਨਣਾ—ਇਹ ਸਚੇਤਤਾ ਦੇ ਮਨੋਵਿਗਿਆਨਕ ਪੱਖ ਹਨ।

ਇਸ ਤਰ੍ਹਾਂ ਧਿਆਨ ਸਿਰਫ਼ ਅੱਖਾਂ ਬੰਦ ਕਰਕੇ ਬੈਠਣਾ ਹੀ ਨਹੀਂ। ਇਹ ਆਪਣੇ ਅੰਦਰ ਚੱਲ ਰਹੀਆਂ ਪ੍ਰਕਿਰਿਆਵਾਂ ਨੂੰ ਪਛਾਣਨ ਦੀ ਕਲਾ ਹੈ।

**ਯੋਗ ਸਿਰਫ਼ ਸਰੀਰਕ ਕਸਰਤ ਨਹੀਂ** : ਯੋਗ ਨੂੰ ਕੇਵਲ ਸਰੀਰਕ ਕਸਰਤ ਸਮਝਣਾ ਇਸ ਦੀ ਸੰਭਾਵਿਤ ਮਨੋਵਿਗਿਆਨਕ ਮਹੱਤਤਾ ਨੂੰ ਘਟਾ ਦਿੰਦਾ ਹੈ। ਆਸਨ, ਸਾਹ ਦੀ ਸਚੇਤਤਾ, ਸਰੀਰਕ ਅਨੁਭਵਾਂ ਦੀ ਨਿਗਰਾਨੀ ਅਤੇ ਮਨ ਦੀ ਇਕਾਗਰਤਾ ਇਕੱਠੇ ਹੋ ਕੇ ਮਨੁੱਖ ਦੇ ਅੰਦਰ ਸਵੈ-ਜਾਗਰੂਕਤਾ ਪੈਦਾ ਕਰ ਸਕਦੇ ਹਨ।

ਹਾਲੀਆ ਵਿਗਿਆਨਕ ਸਮੀਖਿਆਵਾਂ ਨੇ ਵੀ ਯੋਗ ਅਤੇ ਜੀਨ-ਕਿਰਿਆ ਦੇ ਸੰਬੰਧ ਨੂੰ ਹੋਰ ਧਿਆਨ ਨਾਲ ਦੇਖਣਾ ਸ਼ੁਰੂ ਕੀਤਾ ਹੈ। ਕੁਝ ਨਿਯੰਤਰਿਤ ਅਧਿਐਨਾਂ ਵਿੱਚ ਸੋਜਿਸ਼ ਅਤੇ ਤਣਾਅ ਨਾਲ ਸੰਬੰਧਤ ਜੀਨ-ਕਿਰਿਆਵਾਂ ਵਿੱਚ ਤਬਦੀਲੀਆਂ ਦੇਖੀਆਂ ਗਈਆਂ ਹਨ, ਹਾਲਾਂਕਿ ਸਾਰੇ ਅਧਿਐਨਾਂ ਦੇ ਨਤੀਜੇ ਇੱਕੋ ਜਿਹੇ ਨਹੀਂ ਹਨ। ਇਸ ਲਈ ਇਸ ਖੇਤਰ ਨੂੰ ਉਤਸ਼ਾਹਜਨਕ ਪਰ ਅਜੇ ਵਿਕਾਸਸ਼ੀਲ ਵਿਗਿਆਨ ਵਜੋਂ ਦੇਖਣਾ ਵਧੇਰੇ ਉਚਿਤ ਹੈ।

**ਧਿਆਨ ਅਤੇ ਰੋਗ-ਪ੍ਰਤੀਰੋਧ ਪ੍ਰਣਾਲੀ** : ਧਿਆਨ ਬਾਰੇ ਨਿਯੰਤਰਿਤ ਅਧਿਐਨਾਂ ਦੀ ਇੱਕ ਹੋਰ ਵਿਵਸਥਿਤ ਸਮੀਖਿਆ ਵਿੱਚ ੧੬੦੨ ਵਿਅਕਤੀਆਂ ਦੇ ਅੰਕੜਿਆਂ ਦੀ ਜਾਂਚ ਕੀਤੀ ਗਈ। ਇਸ ਵਿੱਚ ਕੁਝ ਅਜਿਹੇ ਸੰਕੇਤ ਮਿਲੇ ਕਿ ਸਚੇਤਤਾ-ਆਧਾਰਤ ਧਿਆਨ ਕੁਝ ਸੋਜਿਸ਼-ਸਬੰਧੀ ਜੀਵ-ਚਿੰਨ੍ਹਾਂ ਅਤੇ ਰੋਗ-ਪ੍ਰਤੀਰੋਧੀ ਪ੍ਰਕਿਰਿਆਵਾਂ ਨੂੰ ਪ੍ਰਭਾਵਤ ਕਰ ਸਕਦਾ ਹੈ, ਪਰ ਖੋਜਕਾਰਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਸਬੂਤਾਂ ਵਿੱਚ ਕਾਫ਼ੀ ਵਿਭਿੰਨਤਾ ਹੈ ਅਤੇ ਕਈ ਨਤੀਜਿਆਂ ਦੀ ਦੁਹਰਾਈ ਅਜੇ ਲੋੜੀਂਦੀ ਹੈ।

ਮੇਰੇ ਵਿਚਾਰ ਵਿੱਚ ਇਸ ਖੋਜ ਦਾ ਸਭ ਤੋਂ ਡੂੰਘਾ ਮਨੋਵਿਗਿਆਨਕ ਪੱਖ ਇਹ ਹੈ ਕਿ ਮਨੁੱਖ ਆਪਣੀ ਅੰਦਰੂਨੀ ਪ੍ਰਤੀਕਿਰਿਆ ਨਾਲ ਕੰਮ ਕਰ ਸਕਦਾ ਹੈ। ਅਸੀਂ ਹਰ ਘਟਨਾ ਨੂੰ ਨਹੀਂ ਬਦਲ ਸਕਦੇ, ਪਰ ਘਟਨਾ ਪ੍ਰਤੀ ਆਪਣੀ ਜਾਗਰੂਕਤਾ, ਸਾਹ, ਧਿਆਨ ਅਤੇ ਪ੍ਰਤੀਕਿਰਿਆ ਨੂੰ ਬਦਲਣ ਦੀ ਸਮਰੱਥਾ ਵਿਕਸਤ ਕਰ ਸਕਦੇ ਹਾਂ।ਇਹੀ ਥਾਂ ਹੈ, ਜਿੱਥੇ ਮਨੋਵਿਗਿਆਨ ਅਤੇ ਯੋਗ ਇਕ-ਦੂਜੇ ਨਾਲ ਮਿਲਦੇ ਹਨ। ਜਦੋਂ ਮਨੁੱਖ ਆਪਣੇ ਵਿਚਾਰਾਂ ਨੂੰ ਸੱਚਾਈ ਦੀ ਥਾਂ ਮਾਨਸਿਕ ਘਟਨਾ ਵਜੋਂ ਦੇਖਣਾ ਸਿੱਖਦਾ ਹੈ, ਤਾਂ ਉਸ ਦੀ ਭਾਵਨਾਤਮਕ ਪ੍ਰਤੀਕਿਰਿਆ ਵਿੱਚ ਬਦਲਾਅ ਆ ਸਕਦਾ ਹੈ। ਜਦੋਂ ਸਰੀਰ ਨੂੰ ਸੁਰੱਖਿਆ ਦਾ ਸੰਕੇਤ ਵੱਧ ਮਿਲਦਾ ਹੈ, ਤਾਂ ਲਗਾਤਾਰ ਚੌਕਸੀ ਦੀ ਅਵਸਥਾ ਘਟ ਸਕਦੀ ਹੈ। ਇਸ ਦੇ ਨਾਲ ਸਰੀਰਕ ਤਣਾਅ-ਪ੍ਰਣਾਲੀਆਂ ਵਿੱਚ ਵੀ ਤਬਦੀਲੀਆਂ ਆਉਣ ਦੀ ਸੰਭਾਵਨਾ ਬਣਦੀ ਹੈ।ਇਸ ਲਈ ਸਿਹਤ ਨੂੰ ਸਿਰਫ਼ ਦਵਾਈ, ਖੁਰਾਕ ਜਾਂ ਸਰੀਰਕ ਕਸਰਤ ਤੱਕ ਸੀਮਿਤ ਕਰਨਾ ਅਧੂਰੀ ਤਸਵੀਰ ਪੇਸ਼ ਕਰਦਾ ਹੈ। ਮਨੁੱਖ ਇੱਕ ਸਮੁੱਚੀ ਇਕਾਈ ਹੈ—ਵਿਚਾਰ, ਭਾਵਨਾ, ਦਿਮਾਗ, ਸਾਹ, ਨੀਂਦ, ਸਰੀਰ, ਸਮਾਜਿਕ ਸੰਬੰਧ ਅਤੇ ਵਾਤਾਵਰਣ ਇਕ-ਦੂਜੇ ਨਾਲ ਜੁੜੇ ਹੋਏ ਹਨ।

**ਮੇਰਾ ਵਿਚਾਰ** : ਯੋਗ ਅਤੇ ਧਿਆਨ ਨੂੰ ਕਿਸੇ ਚਮਤਕਾਰੀ ਇਲਾਜ ਵਜੋਂ ਪੇਸ਼ ਕਰਨਾ ਵਿਗਿਆਨਕ ਤੌਰ 'ਤੇ ਠੀਕ ਨਹੀਂ, ਪਰ ਇਨ੍ਹਾਂ ਨੂੰ ਸਿਰਫ਼ ਆਰਾਮ ਦੀਆਂ ਕਿਰਿਆਵਾਂ ਸਮਝਣਾ ਵੀ ਸ਼ਾਇਦ ਉਨ੍ਹਾਂ ਦੀ ਸੰਭਾਵਿਤ ਮਹੱਤਤਾ ਨੂੰ ਘਟਾਉਣਾ ਹੈ।

ਮੌਜੂਦਾ ਖੋਜ ਇਹ ਸੰਕੇਤ ਦਿੰਦੀ ਹੈ ਕਿ ਨਿਯਮਿਤ ਮਨ-ਸਰੀਰ ਅਭਿਆਸ ਤਣਾਅ, ਸੋਜਿਸ਼ ਅਤੇ ਕੁਝ ਜੀਨ-ਕਿਰਿਆਵਾਂ ਨਾਲ ਜੁੜੀਆਂ ਜੀਵ-ਵਿਗਿਆਨਕ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਇਸ ਖੇਤਰ ਵਿੱਚ ਵੱਡੇ, ਲੰਮੇ ਸਮੇਂ ਦੇ ਅਤੇ ਵਧੇਰੇ ਮਜ਼ਬੂਤ ਅਧਿਐਨਾਂ ਦੀ ਲੋੜ ਹੈ।

ਜਦੋਂ ਮਨ ਨੂੰ ਸਚੇਤਤਾ ਮਿਲਦੀ ਹੈ, ਸਾਹ ਨੂੰ ਠਹਿਰਾਅ ਮਿਲਦਾ ਹੈ ਅਤੇ ਸਰੀਰ ਨੂੰ ਸੰਤੁਲਨ ਮਿਲਦਾ ਹੈ, ਤਾਂ ਸਿਹਤ ਦੀ ਕਹਾਣੀ ਸਿਰਫ਼ ਬਿਮਾਰੀ ਤੋਂ ਬਚਣ ਦੀ ਨਹੀਂ ਰਹਿੰਦੀ, ਇਹ ਆਪਣੇ ਆਪ ਨਾਲ ਦੁਬਾਰਾ ਜੁੜਨ ਦੀ ਕਹਾਣੀ ਬਣ ਜਾਂਦੀ ਹੈ।ਕਈ ਵਾਰ ਸਿਹਤ ਦੀ ਸ਼ੁਰੂਆਤ ਸਰੀਰ ਨੂੰ ਬਦਲਣ ਤੋਂ ਨਹੀਂ, ਸਗੋਂ ਮਨ ਨੂੰ ਦੇਖਣ ਦੇ ਢੰਗ ਨੂੰ ਬਦਲਣ ਤੋਂ ਹੁੰਦੀ ਹੈ।

# ਸੰਪਰਕ : +12792453149

# ਸਿਆਸੀ ਪਾਰਟੀਆਂ ਨੇ ਸੱਤਾ ਹਥਿਆਉਣ ਲਈ ਭਗਤ ਸਿੰਘ ਦੀ ਵਿਚਾਰਧਾਰਾ ਦੀ ਥਾਂ ਭਗਤ ਸਿੰਘ ਨੂੰ ਅਪਨਾਇਆ : ਜਗਮੋਹਨ ਸਿੰਘ

## ਨੇਚਰ ਪਾਰਕ ਵਿਖੇ ਸਿਵਲ ਸੁਸਾਇਟੀ ਮੋਗਾ ਵੱਲੋਂ ਸੈਮੀਨਾਰ



**ਮੋਗਾ (ਇਕਬਾਲ ਸਿੰਘ ਖਹਿਰਾ)** ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਨੇ ਸਿਰਫ ਸੱਤਾ ਹਥਿਆਉਣ ਲਈ ਭਗਤ ਸਿੰਘ ਨੂੰ ਅਪਨਾਇਆ, ਜਦਕਿ ਲੋੜ ਉਸ ਦੀ ਵਿਚਾਰਧਾਰਾ ਨੂੰ ਅਪਨਾਉਣ ਦੀ ਸੀ।ਸ਼ਹੀਦਾਂ ਦੀਆਂ ਸਮਾਧੀਆਂ 'ਤੇ ਖੜ੍ਹ ਕੇ ਹੱਥਾਂ ਵਿੱਚ ਸ਼ਹੀਦਾਂ ਦੀ ਧਰਤੀ ਦੀ ਮਿੱਟੀ ਲੈ ਕੇ, ਬਸੰਤੀ ਰੰਗ ਦੀਆਂ ਪੱਗਾਂ ਬੰਨ੍ਹ ਕੇ ਵੱਡੀਆਂ ਵੱਡੀਆਂ ਕਸਮਾਂ ਖਾ ਕੇ ਲੋਕਾਂ ਨੂੰ ਵਾਰ ਵਾਰ ਮੂਰਖ ਬਣਾਇਆ ਗਿਆ ਤੇ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਸੱਤਾ ਹਾਸਲ ਕੀਤੀ ਗਈ, ਪਰ ਸੂਬੇ ਜਾਂ ਦੇਸ਼ ਦੇ ਹਾਲਾਤ ਨਹੀਂ ਬਦਲੇ।ਸਭ ਲਈ ਰੁਜ਼ਗਾਰ, ਸਿੱਖਿਆ ਤੇ ਬਰਾਬਰੀ ਲਈ ਕਿਸੇ ਰਾਜਨੀਤਕ ਪਾਰਟੀ ਨੇ ਕੰਮ ਨਹੀਂ ਕੀਤਾ। ਇਹ ਕਿਹਾ ਜਾ ਸਕਦਾ ਹੈ ਕਿ ਸਾਡਾ ਦੇਸ਼ ਅਜ਼ਾਦ ਨਹੀਂ ਹੋਇਆ, ਸਿਰਫ ਸੱਤਾ ਬਦਲੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼ਹੀਦ ਭਗਤ ਸਿੰਘ ਦੇ ਭਾਣਜੇ ਜਗਮੋਹਨ ਸਿੰਘ ਨੇ ਸਿਵਲ ਸੁਸਾਇਟੀ ਮੋਗਾ ਵੱਲੋਂ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਨ ਮੌਕੇ ਨੇਚਰ ਪਾਰਕ ਮੋਗਾ ਵਿਖੇ ਕਰਵਾਏ ਗਏ ਸੈਮੀਨਾਰ/ਨਾਟਕ ਮੇਲੇ ਵਿੱਚ ਭੇਜੇ ਆਪਣੇ ਆਡੀਓ ਸੰਦੇਸ਼ ਦੌਰਾਨ ਕੀਤਾ।ਇਸ ਮੌਕੇ ਈ ਡੀ ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ, ਪੰਜਾਬੀ ਦੇ ਉੱਘੇ ਲੇਖਕ ਬਲਦੇਵ ਸਿੰਘ ਸੜਕਨਾਮਾ, ਗੁਰਮੇਲ ਸਿੰਘ ਬੌਡੇ, ਸੈਨੇਟ ਮੈਂਬਰ ਪ੍ਰੋ. ਵਰੁਨ ਗੋਇਲ, ਪ੍ਰੋ. ਸਿਮਰਨਜੀਤ ਕੌਰ, ਸੋਸ਼ਲ ਐਕਟਿਵਿਸਟ ਪ੍ਰੀਤੀ ਤਿਵਾੜੀ, ਜੱਸ ਢਿੱਲੋਂ, ਅਜੇ ਗੋਰਾ ਸੂਦ ਤੇ ਡਾ. ਕੁਲਦੀਪ ਸਿੰਘ ਗਿੱਲ ਨੇ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਬਨਾਮ ਅੱਜ ਦਾ ਭਾਰਤ ਵਿਸ਼ੇ 'ਤੇ ਬੋਲਦਿਆਂ ਉਨ੍ਹਾਂ ਦੀ ਸੋਚ ਤੇ ਵਿਚਾਰਧਾਰਾ ਨੂੰ ਅਪਨਾਉਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜੇ ਦੇਸ਼ ਤੇ ਸੂਬੇ ਦਾ ਸਿਹਤਮੰਦ ਵਿਕਾਸ ਕਰਨਾ ਹੈ ਤਾਂ ਰਾਜਨੀਤੀ ਦੇ ਨਾਲ ਨਾਲ ਉਸ ਦੀ ਵਿਚਾਰਧਾਰਾ ਨੂੰ ਵੀ ਅਪਨਾਉਣਾ ਪਵੇਗਾ।ਇਸ ਮੌਕੇ ਕਾਂਗਰਸੀ ਆਗੂ ਵਿਨੋਦ ਬਾਂਸਲ, ਲਾਭ ਸਿੰਘ ਆਹਲੂਵਾਲੀਆ, ਸਾਥੀ ਵਿਜੇ ਕੁਮਾਰ, ਧਰਮਪਾਲ ਸਿੰਘ ਡੀ ਪੀ, ਪਰਮਪਾਲ ਸਿੰਘ ਤਖਤੂਪੁਰਾ, ਅਕਾਲੀ ਦਲ ਆਗੂ ਸੰਜੀਤ ਸਿੰਘ ਸੰਨੀ ਗਿੱਲ ਨੇ ਆਪਣੇ ਸੰਬੋਧਨ ਦੌਰਾਨ ਮੰਨਿਆ ਕਿ ਅੱਜ ਦੇਸ਼ ਦੇ ਹਾਲਾਤ ਜ਼ਿਆਦਾ ਚੰਗੇ ਨਹੀਂ ਤੇ ਇਸ ਦੇ ਪਿੱਛੇ ਵੱਡਾ ਕਾਰਨ ਇਹੀ ਹੈ ਕਿ ਰਾਜਨੀਤੀ ਨੇ ਊਚ ਨੀਚਤਾ, ਸਮਾਜਿਕ ਨਾ-ਬਰਾਬਰੀ, ਧਾਰਮਿਕ ਕੱਟੜਤਾ ਨੂੰ ਖਤਮ ਕਰਨ ਦੀ ਬਜਾਏ ਆਪਣੇ ਰਾਜਨੀਤਕ ਲਾਭ ਲਈ ਵਰਤਿਆ ਹੈ, ਜੇਕਰ ਦੇਸ਼ ਅਜ਼ਾਦ ਹੋਣ ਤੋਂ ਬਾਅਦ ਇਸ ਨੂੰ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਅੱਗੇ ਤੋਰਿਆ ਜਾਂਦਾ ਤਾਂ ਅੱਜ ਸਾਡਾ ਦੇਸ਼ ਵੀ ਵਿਕਸਤ ਦੇਸ਼ਾਂ ਦੀ ਮੂਹਰਲੀ ਕਤਾਰ ਵਿੱਚ ਖੜਾ ਹੋਣਾ ਸੀ।ਇਸ ਮੌਕੇ ਧਾਰਮਿਕ ਤਨਵੀਰ-ਉਲ-ਹੱਕ ਨੇ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਹਰ ਪੱਖੋਂ ਬੈਲੇਂਸ ਦੱਸਦਿਆਂ ਇਸ ਨੂੰ ਅਪਣਾਏ ਜਾਣ 'ਤੇ ਜ਼ੋਰ ਦਿੱਤਾ। ਇਸ ਮੌਕੇ ਗੁਰੂ ਨਾਨਕ ਕਾਲਜ ਮੋਗਾ, ਐੱਸ ਡੀ ਕਾਲਜ ਫਾਰ ਵੋਮੈਨ ਤੇ ਗੁਰੂ ਨਾਨਕ ਪਬਲਿਕ ਸਕੂਲ ਦੁਸਾਂਝ ਦੇ ਵਿਦਿਆਰਥੀਆਂ ਨੇ ਗੀਤ, ਕਵਿਤਾਵਾਂ ਤੇ ਭਾਸ਼ਣ ਰਾਹੀਂ ਭਗਤ ਸਿੰਘ ਬਾਰੇ ਜਾਣਕਾਰੀ ਦਿੱਤੀ।ਰੰਗਮੰਚ ਕਲਾਕਾਰ ਬਲਜੀਤ ਮੋਗਾ ਤੇ ਉਨ੍ਹਾਂ ਦੀ ਟੀਮ ਵੱਲੋਂ ਨਾਟਕ 'ਨਾਦਾਨ ਪਰਿੰਦੇ' ਦਾ ਸਫਲ ਮੰਚਨ ਕੀਤਾ।

ਇਸ ਮੌਕੇ ਸਿਵਲ ਸੁਸਾਇਟੀ ਮੈਂਬਰ ਮਹਿੰਦਰ ਪਾਲ ਲੂੰਬਾ, ਅਮਰਜੀਤ ਸਿੰਘ ਜੱਸਲ, ਮਨਿੰਦਰ ਸਿੰਘ ਬੇਦੀ, ਅਮਰਦੀਪ ਅਨੇਜਾ, ਸੋਨੀਆ ਅਨੇਜਾ, ਪ੍ਰਿਤਪਾਲ ਸਿੰਘ ਲੱਕੀ ਗਿੱਲ, ਦਿਆਲ ਸਿੰਘ, ਵੀ ਪੀ ਸੇਠੀ, ਕੰਵਲਜੀਤ ਸਿੰਘ ਮਹੇਸਰੀ, ਅਕਬਰ ਖਾਂ, ਦਲਜੀਤ ਸਿੰਘ ਭੁੱਲਰ, ਪ੍ਰੋ. ਰਾਣਾ ਸੂਦ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਨਿਵਾਸੀ ਹਾਜ਼ਰ ਸਨ।

# ਦੋ ਹਜ਼ਾਰ ਰੁਪਏ ਦੇ ਰੌਲੇ 'ਚ ਇੱਕ ਨੌਜਵਾਨ ਦਾ ਕਤਲ, ਇੱਕ ਜ਼ਖ਼ਮੀ

## ਦਰਖਾਸਤ ਦੇਣ ਦੇ ਬਾਵਜੂਦ ਸਾਡੀ ਕੋਈ ਸੁਣਵਾਈ ਨਹੀਂ : ਮ੍ਰਿਤਕ ਦਾ ਪਿਤਾ



**ਬਠਿੰਡਾ (ਰਾਜੀਵ ਗੋਇਲ)** ਬੀਤੀ ਸ਼ਾਮ ਜ਼ਿਲ੍ਹੇ ਦੇ ਪਿੰਡ ਸਿਰੀਏਵਾਲਾ ਵਿਖੇ ਇੱਕ ਨੌਜਵਾਨ ਦੇ ਕਤਲ ਤੇ ਇੱਕ ਨੂੰ ਜ਼ਖ਼ਮੀ ਕੀਤੇ ਜਾਣ ਬਾਰੇ ਸੂਚਨਾ ਪ੍ਰਾਪਤ ਹੋਈ ਹੈ। ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਨੌਜਵਾਨ ਸਿਮਰਨਜੀਤ ਸਿੰਘ ਦੇ ਪਿਤਾ ਕੁਲਵੰਤ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਬੇਟੇ ਦਾ ਕੋਈ 2000-2500 ਰੁਪਏ ਦੇ ਲੈਣ ਦੇਣ ਦਾ ਰੌਲਾ ਸੀ, ਜਿਸ ਕਾਰਨ ਹੀ ਉਨ੍ਹਾਂ ਦੇ ਬੇਟੇ ਦਾ ਕਤਲ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ 22 ਸਤੰਬਰ ਨੂੰ ਕੁਝ ਨੌਜਵਾਨਾਂ ਵੱਲੋਂ ਉਨ੍ਹਾਂ ਦੇ ਬੇਟੇ ਨੂੰ ਸਾਡੇ ਘਰ ਆ ਕੇ ਪਿਸਤੌਲ ਦਿਖਾ ਕੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ, ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਥਾਣਾ ਭਗਤਾ ਵਿਖੇ ਦਰਖਾਸਤ ਦਿੱਤੀ ਗਈ ਤੇ ਥਾਣੇ 'ਚ ਕੋਈ ਸੁਣਵਾਈ ਨਾ ਹੁੰਦੀ ਦੇਖ ਉਨ੍ਹਾਂ ਵੱਲੋਂ ਜ਼ਿਲ੍ਹਾ ਪੁਲਸ ਮੁਖੀ ਦਾ ਦਰਵਾਜ਼ਾ ਖੜਕਾਇਆ ਗਿਆ, ਜਿਨ੍ਹਾਂ ਨੂੰ ਵੀ ਲਿਖਤੀ ਦਰਖਾਸਤ ਦਿੱਤੀ ਗਈ ਸੀ ਤੇ ਉਹ ਦਰਖਾਸਤ ਜਾਂਚ ਲਈ ਡੀ.ਐੱਸ.ਪੀ. ਫੂਲ ਨੂੰ ਮਾਰਕ ਹੋਈ ਸੀ ਤੇ ਇਸੇ ਦਰਖਾਸਤ ਨੂੰ ਲੈ ਕੇ ਉਨ੍ਹਾਂ ਨੂੰ ਡੀ.ਐੱਸ.ਪੀ. ਦਫਤਰ ਸੋਮਵਾਰ ਸਵੇਰੇ 10 ਵਜੇ ਬੁਲਾਇਆ ਗਿਆ ਸੀ, ਪਰ ਉਸ ਤੋਂ ਪਹਿਲਾਂ ਹੀ ਐਤਵਾਰ ਨੂੰ ਉਨ੍ਹਾਂ ਦੇ ਬੇਟੇ ਦਾ ਕਤਲ ਕਰ ਦਿੱਤਾ ਗਿਆ।

ਉਧਰ ਦੂਜੇ ਪਾਸੇ ਥਾਣਾ ਮੁਖੀ ਦਾ ਕਹਿਣਾ ਸੀ ਕਿ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਅਧਾਰ 'ਤੇ ਸੁਖਜਿੰਦਰ ਸਿੰਘ ਵਾਸੀ ਕੋਠਾਗੁਰੂ, ਗੁਰਪ੍ਰੀਤ ਸਿੰਘ ਵਾਸੀ ਸੇਲਬਰਾਹ, ਮਨੋਜ ਕੁਮਾਰ ਵਾਸੀ ਦਿਆਲਪੁਰਾ ਮਿਰਜ਼ਾ, ਅਮਨਾ ਵਾਸੀ ਜੈਤੋ, ਓਵਰਸੀਰ ਸਿੰਘ ਵਾਸੀ ਸਿਰੀਏਵਾਲਾ, ਅਰਸ਼ਦੀਪ ਸਿੰਘ, ਪਾਰਸ ਸਿੰਘ, ਅਵੀ ਸਿੰਘ, ਨੋਨਾ ਪੈਂਟਰ, ਕਮਲ ਮੋਟਾ, ਮਹਿਕਦੀਪ ਸਿੰਘ, ਮਹਿਕਦੀਪ ਸਿੰਘ ਪੁੱਤਰ ਪੱਪੂ ਸਿੰਘ, ਮਨਪ੍ਰੀਤ ਸਿੰਘ, ਗਿੰਨੀ ਵਾਸੀਆਨ ਸਿਰੀਏਵਾਲਾ ਸਮੇਤ 4/5 ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਨੰਬਰ 211 ਦਰਜ ਕਰ ਦਿੱਤਾ ਗਿਆ ਹੈ ਤੇ ਇੱਕ ਵਿਅਕਤੀ ਓਵਰਸੀਰ ਸਿੰਘ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ ਤੇ ਜਲਦ ਹੀ ਬਾਕੀ ਵਿਅਕਤੀਆਂ ਦੀ ਗ੍ਰਿਫ਼ਤਾਰੀ ਕਰ ਲਈ ਜਾਵੇਗੀ। ਇਸ ਘਟਨਾ ਵਿੱਚ ਇੱਕ ਹੋਰ ਨੌਜਵਾਨ ਹਰਜੋਤ ਸਿੰਘ ਵਾਸੀ ਸਿਰੀਏਵਾਲਾ ਵੀ ਗੰਭੀਰ ਜ਼ਖਮੀ ਹੋਇਆ ਹੈ, ਜੋ ਕਿ ਜ਼ੇਰੇ ਇਲਾਜ ਹੈ। ਇਸ ਮਾਮਲੇ ਵਿੱਚ ਭਾਵੇਂ ਹੀ ਬਠਿੰਡਾ ਪੁਲਸ ਵੱਲੋਂ ਮੁਕੱਦਮਾ ਦਰਜ ਕਰ ਲਿਆ ਗਿਆ ਹੈ, ਪਰ ਕਤਲ ਦੇ ਕਾਰਨਾਂ ਦੀ ਅਸਲ ਸੱਚਾਈ ਤਾਂ ਪੁਲਸ ਜਾਂਚ ਤੋਂ ਬਾਅਦ ਹੀ ਸਾਫ ਹੋਵੇਗੀ।

# ਆਸਫਵਾਲਾ ਦੇ ਸ਼ਹੀਦਾਂ ਦਾ ਇਤਿਹਾਸ ਸਕੂਲਾਂ ਦੇ ਪਾਠਕ੍ਰਮ 'ਚ ਸ਼ਾਮਲ ਹੋਵੇ : ਰਾਸ਼ਟਰਪਤੀ ਦਰੋਪਦੀ ਮੁਰਮੂ



**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਰਾਜਪਾਲ ਗੁਲਾਬ ਚੰਦ ਕਟਾਰੀਆ ਦੀ ਅਗਵਾਈ ਤੇ ਸਮਾਜ ਸੇਵੀ ਕਰਨ ਗਿਲਹੋਤਰਾ ਦੀ ਸਰਪ੍ਰਸਤੀ ਹੇਠ ਵਫਦ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ ਤੇ ਦਸੰਬਰ ਵਿੱਚ ਹੋਣ ਵਾਲੇ ਸ਼ਹੀਦੀ ਦਿਵਸ ਸਮਾਗਮ ਦਾ ਸੱਦਾ ਦਿੱਤਾ।ਫਾਜ਼ਿਲਕਾ ਤੋਂ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਦੀ ਅਗਵਾਈ ਹੇਠ ਤੇ ਸਮਾਜ ਸੇਵੀ ਸ੍ਰੀ ਕਰਨ ਗਿਲਹੋਤਰਾ ਦੀ ਸਰਪ੍ਰਸਤੀ ਵਿੱਚ ਸ਼ਹੀਦਾਂ ਦੀ ਸਮਾਧੀ ਆਸਫਵਾਲਾ ਦਾ ਇੱਕ ਵਫਦ ਮੰਗਲਵਾਰ ਨੂੰ ਨਵੀਂ ਦਿੱਲੀ ਵਿਖੇ ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ ਨੂੰ ਮਿਲਿਆ।ਇਸ ਮੌਕੇ ਵਫਦ ਵੱਲੋਂ ਰਾਸ਼ਟਰਪਤੀ ਨੂੰ ਦਸੰਬਰ ਵਿੱਚ ਫਾਜ਼ਿਲਕਾ ਦੇ ਆਸਫਵਾਲਾ ਵਿਖੇ ਹੋਣ ਵਾਲੇ ਸਾਲਾਨਾ ਸ਼ਹੀਦੀ ਦਿਵਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਰਸਮੀ ਸੱਦਾ ਦਿੱਤਾ ਗਿਆ।ਵਫਦ ਵਿੱਚ ਸਮਾਜ ਸੇਵੀ ਤੇ ਸ਼ਹੀਦਾਂ ਦੀ ਸਮਾਧੀ ਕਮੇਟੀ ਦੇ ਪ੍ਰਧਾਨ ਸ੍ਰੀ ਕਰਨ ਗਿਲਹੋਤਰਾ ਤੇ ਜਨਰਲ ਸਕੱਤਰ ਸ਼੍ਰੀ ਪ੍ਰਫੁੱਲ ਨਾਗਪਾਲ ਸ਼ਾਮਲ ਸਨ। ਉਨ੍ਹਾਂ ਨੇ ਰਾਸ਼ਟਰਪਤੀ ਨੂੰ ਆਸਫਵਾਲਾ ਜੰਗੀ ਸਮਾਰਕ ਦੇ ਮਾਣਮੱਤੇ ਇਤਿਹਾਸ ਤੇ ਸ਼ਹੀਦ ਜਵਾਨਾਂ ਦੀਆਂ ਕੁਰਬਾਨੀਆਂ ਬਾਰੇ ਜਾਣੂ ਕਰਵਾਇਆ।

# ਮੋਟਰਸਾਈਕਲ ਚੋਰੀ ਗਰੋਹ ਦਾ ਪਰਦਾਫਾਸ਼, 3 ਗ੍ਰਿਫ਼ਤਾਰ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੁਨਾਮ ਪੁਲਸ ਨੇ ਮੋਟਰਸਾਈਕਲ ਚੋਰੀਆਂ ਵਿਰੁੱਧ ਚਲਾਈ ਮੁਹਿੰਮ ਦੌਰਾਨ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚੋਰੀ ਦੇ 6 ਮੋਟਰਸਾਈਕਲ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।ਪੁਲਸ ਵੱਲੋਂ ਜਾਰੀ ਜਾਣਕਾਰੀ ਮੁਤਾਬਕ 26 ਸਤੰਬਰ 2026 ਨੂੰ ਚੌਂਕ ਪੋਸਟ ਸਿਟੀ ਸੁਨਾਮ ਨੂੰ ਸੂਚਨਾ ਮਿਲੀ ਸੀ ਕਿ ਲੱਕੀ ਖੰਨਾ ਉਰਫ਼ ਲੱਕੀ ਪੁੱਤਰ ਰਾਜ ਕੁਮਾਰ ਵਾਸੀ ਕੈਂਚੀਆਂ ਕਚਹਿਰੀ ਮੁਹੱਲਾ ਸੁਨਾਮ, ਸੁਰਿੰਦਰ ਸਿੰਘ ਉਰਫ਼ ਸੋਨੀ ਪੁੱਤਰ ਸੁਖਵਿੰਦਰ ਸਿੰਘ ਵਾਸੀ ਨੇੜੇ ਗੁਰਦੁਆਰਾ ਸਾਹਿਬ, ਇੰਦਰਾਬਸਤੀ ਸੁਨਾਮ ਤੇ ਸੰਦੀਪ ਉਰਫ਼ ਦਾਣਾ ਉਰਫ਼ ਸੰਜੂ ਪੁੱਤਰ ਜੋਗਿੰਦਰ ਸਿੰਘ ਵਾਸੀ ਇੰਦਰਾਬਸਤੀ ਸੁਨਾਮ ਕਥਿਤ ਤੌਰ 'ਤੇ ਮੋਟਰਸਾਈਕਲ ਚੋਰੀ ਕਰਨ ਦੇ ਆਦੀ ਹਨ ਤੇ ਉਨ੍ਹਾਂ ਪਾਸ ਚੋਰੀ ਕੀਤੇ ਮੋਟਰਸਾਈਕਲ ਮੌਜੂਦ ਹਨ।ਇਸ ਸੂਚਨਾ ਦੇ ਆਧਾਰ 'ਤੇ ਥਾਣਾ ਸਿਟੀ ਸੁਨਾਮ ਵਿਖੇ ਤਿੰਨਾਂ ਮੁਲਜ਼ਮਾਂ ਖ਼ਿਲਾਫ਼ ਮੁਕੱਦਮਾ ਨੰਬਰ 176 ਮਿਤੀ 26.09.2026 ਅਧੀਨ ਧਾਰਾ 303(2) ਬੀਐਨਐਸ ਦਰਜ ਕੀਤਾ ਗਿਆ।ਪੁਲਸ ਨੇ ਤਿੰਨਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੀ ਨਿਸ਼ਾਨਦੇਹੀ 'ਤੇ ਵੱਖ-ਵੱਖ ਥਾਵਾਂ ਤੋਂ ਚੋਰੀ ਕੀਤੇ ਕੁੱਲ 6 ਮੋਟਰਸਾਈਕਲ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।ਪੁਲਸ ਮੁਤਾਬਕ ਲੱਕੀ ਖੰਨਾ ਉਰਫ਼ ਲੱਕੀ ਨੂੰ ਮਾਣਯੋਗ ਇਲਾਕਾ ਮੈਜਿਸਟ੍ਰੇਟ ਸੁਨਾਮ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ, ਜਦਕਿ ਬਾਕੀ ਮੁਲਜ਼ਮਾਂ ਸਬੰਧੀ ਕਾਨੂੰਨੀ ਕਾਰਵਾਈ ਜਾਰੀ ਹੈ।

## ਕਾਤਰਾਂ

### ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ 3 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਜ਼ਿਲ੍ਹਾ ਪੈਨਸ਼ਨਰਜ਼ ਭਵਨ ਤਹਿਸੀਲ ਕੰਪਲੈਕਸ ਵਿਖੇ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਤੇ ਜਨਰਲ ਸਕੱਤਰ ਦਰਸ਼ਨ ਸਿੰਘ ਨੌਰਥ ਨੇ ਦੱਸਿਆ ਕਿ ਪੰਜਾਬ ਮੁਲਾਜ਼ਮ ਸਾਂਝਾ ਮੰਚ ਅਤੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਸਾਂਝੀ ਤਾਲਮੇਲ ਕਮੇਟੀ ਵੱਲੋਂ 10 ਅਕਤੂਬਰ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਵਿਸ਼ਾਲ ਹੱਲਾ ਬੋਲ ਰੈਲੀ ਦੀ ਤਿਆਰੀ ਲਈ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਨਾਲ ਸਬੰਧਤ ਸਮੂਹ ਅਹੁਦੇਦਾਰਾਂ ਤੇ ਕਾਰਜਕਾਰੀ ਮੈਂਬਰਾਂ ਨੇ ਇਕ ਅਹਿਮ ਮੀਟਿੰਗ ਜ਼ਿਲ੍ਹਾ ਪੈਨਸ਼ਨਰਜ਼ ਭਵਨ ਤਹਿਸੀਲ ਕੰਪਲੈਕਸ ਵਿਖੇ 3 ਅਕਤੂਬਰ ਨੂੰ ਸਵੇਰੇ 10-30 ਵਜੇ ਹੋਵੇਗੀ।ਇਸ ਮੀਟਿੰਗ ਵਿੱਚ ਚੱਲ ਰਹੇ ਸੰਘਰਸ਼ਾਂ ਤੇ ਮੰਗਾਂ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ ਜਾਵੇਗਾ।ਇਸ ਮੌਕੇ ਤੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਆਰ ਐੱਲ ਪਾਂਧੀ, ਵਿੱਤ ਸਕੱਤਰ ਸ੍ਰੀ ਕਰਨੈਲ ਸਿੰਘ ਸੇਖੋਂ, ਦਫ਼ਤਰ ਸਕੱਤਰ ਸ੍ਰੀ ਸੁਰਿੰਦਰ ਸਿੰਘ ਸੋਢੀ ਆਦਿ ਮੌਜੂਦ ਸਨ।

### ਮਾਲਵਾ ਲਿਖਾਰੀ ਸਭਾ ਵੱਲੋਂ ਗੋਸ਼ਟੀ 4 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ ਵੱਲੋਂ ਲੇਖਕ ਭਵਨ ਸੰਗਰੂਰ ਵਿਖੇ 4 ਅਕਤੂਬਰ ਨੂੰ ਸਵੇਰੇ ਸਹੀ 10:00 ਵਜੇ ਮਹੀਨਾਵਾਰ ਸਾਹਿਤਕ ਸਮਾਗਮ ਹੋ ਰਿਹਾ ਹੈ, ਜਿਸ ਵਿੱਚ ਉੱਘੇ ਸਾਹਿਤਕਾਰ ਤੇ ਅਧਿਆਤਮ ਖੋਜੀ ਡਾ. ਰਾਕੇਸ਼ ਸ਼ਰਮਾ ਉਰਫ਼ ਸਵਾਮੀ ਆਨੰਦ ਗਣਤਵ 'ਪ੍ਰਤੀਕੂਲ ਪ੍ਰਸਥਿਤੀਆਂ ਵਿੱਚ ਪ੍ਰਸੰਨ ਰਹਿਣ ਦੀ ਕਲਾ' ਵਿਸ਼ੇ ਉੱਪਰ ਖੁੱਲ੍ਹ ਕੇ ਗੱਲਬਾਤ ਕਰਨਗੇ।ਸਮਾਗਮ ਦੀ ਪ੍ਰਧਾਨਗੀ ਡਾ. ਨਿਰਮਲ ਅੰਗਰੇਜ਼ੀ ਵਿਭਾਗ ਸਰਕਾਰੀ ਰਣਬੀਰ ਕਾਲਜ ਸੰਗਰੂਰ ਕਰਨਗੇ।ਵਿਚਾਰ-ਚਰਚਾ ਵਿੱਚ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ, ਸੁਖਦੇਵ ਧੂਰੀ, ਜੰਗੀਰ ਸਿੰਘ ਰਤਨ, ਮਨੀਸ਼ਾ ਰਾਣੀ ਤੇ ਹਾਜ਼ਰ ਵਿਦਵਾਨ ਹਿੱਸਾ ਲੈਣਗੇ।ਇਸ ਮੌਕੇ ਕਵੀ ਦਰਬਾਰ ਵੀ ਹੋਵੇਗਾ।

### ਸਾਬਕਾ ਫ਼ੌਜੀ ਕੋਲੋਂ 7 ਪਿਸਤੌਲ ਬਰਾਮਦ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੁਲਿਸ ਨੇ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਦੋ ਕਥਿਤ ਸਰਗਰਮ ਮੈਂਬਰਾਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 7 ਪਿਸਤੌਲ ਅਤੇ 23 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਪੁਲਿਸ ਅਨੁਸਾਰ ਮੁਲਜ਼ਮ ਲਾਰੈਂਸ ਬਿਸ਼ਨੋਈ ਗੈਂਗ ਤੋਂ ਗੈਰ ਕਾਨੂੰਨੀ ਹਥਿਆਰ ਲਿਆ ਕੇ ਅਪਰਾਧ ਕਰਨ ਵਾਲਿਆ ਨੂੰ ਵੇਚਦੇ ਹਨ। ਐੱਸ ਐੱਸ ਪੀ ਹਰਮਨਦੀਪ ਸਿੰਘ ਹੰਸ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਚੱਲ ਰਹੀ 'ਗੈਂਗਸਟਰਾਂ ਖ਼ਿਲਾਫ਼ ਜੰਗ' ਮੁਹਿੰਮ ਤਹਿਤ ਇਹ ਗ੍ਰਿਫਤਾਰੀਆਂ ਹੋਈਆਂ ਹਨ। ਮੁਲਜ਼ਮਾਂ ਦੀ ਪਛਾਣ ਤੇਜਿੰਦਰ ਸਿੰਘ ਉਰਫ਼ ਫੌਜੀ ਵਾਸੀ ਪਿੰਡ ਦੌਣ ਕਲਾਂ ਅਤੇ ਰਾਹੁਲ ਉਰਫ਼ ਦਾਨਾ ਵਾਸੀ ਹਰੀਦਾਸ ਕਲੋਨੀ, ਨਾਭਾ ਵਜੋਂ ਹੋਈ ਹੈ। ਪੁਲਿਸ ਅਨੁਸਾਰ ਤੇਜਿੰਦਰ ਕੋਲੋਂ ਛੇ 32 ਬੋਰ ਪਿਸਤੌਲ ਅਤੇ 19 ਕਾਰਤੂਸ, ਜਦ ਕਿ ਇਕ 30 ਬੋਰ ਪਿਸਤੌਲ ਅਤੇ ਚਾਰ ਕਾਰਤੂਸ ਬਰਾਮਦ ਹੋਏ ਹਨ।

# ਵਿਅਕਤੀ ਦੀ ਘਰ 'ਚ ਬੰਨ੍ਹ ਕੇ ਕੀਤੀ ਕੁੱਟਮਾਰ, ਹੋਈ ਮੌਤ

## 4 ਵਿਰੁੱਧ ਕਤਲ ਦਾ ਪਰਚਾ ਦਰਜ



ਮ੍ਰਿਤਕ ਹੰਸਾ ਸਿੰਘ ਦੀ ਫਾਇਲ ਫੋਟੋ ਤੇ ਮ੍ਰਿਤਕ ਦੀ ਕੁੱਟਮਾਰ ਕਰਦੇ ਹੋਏ।

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਪਿੰਡ ਸਵਾਹ ਵਾਲਾ ਵਿਖੇ ਸੋਮਵਾਰ ਨੂੰ ਇਕ ਵਿਅਕਤੀ ਨੂੰ ਘਰ ਵਿੱਚ ਬੰਨ੍ਹ ਕੇ ਬੇਰਹਿਮੀ ਦੇ ਨਾਲ ਕੁੱਟਮਾਰ ਕਰਕੇ ਕਤਲ ਕਰਨ ਦੇ ਦੋਸ਼ ਵਿੱਚ 4 ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਇਸ ਸਬੰਧੀ ਤਫਤੀਸ਼ੀ ਅਫਸਰ ਐੱਸ.ਐੱਚ.ਓ. ਸ਼ਿਮਲਾ ਰਾਣੀ ਨੇ ਦੱਸਿਆ ਕਿ ਮੁਦੱਈ ਫੁੰਮਣ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਸੁਆਹ ਵਾਲਾ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸ ਦੇ ਛੋਟੇ ਭਰਾ ਹੰਸਾ ਸਿੰਘ ਨੇ ਬਿੱਟੂ ਸਿੰਘ ਪੁੱਤਰ ਸੁਰੈਣ ਸਿੰਘ ਵਾਸੀ ਸੁਆਹਵਾਲਾ ਨੂੰ ਕਰੀਬ 6 ਮਹੀਨੇ ਪਹਿਲਾਂ 50 ਹਜ਼ਾਰ ਰੁਪਏ ਵਿਆਜ 'ਤੇ ਦਿੱਤੇ ਹੋਏ ਸੀ, ਜੋਕਿ ਇਹ ਪੈਸੇ ਬਿੱਟੂ ਸਿੰਘ ਉਸ ਦੇ ਭਰਾ ਨੂੰ ਵਾਪਸ ਨਹੀਂ ਕਰ ਰਿਹਾ ਸੀ, ਜਦੋਂਕਿ ਮੇਰੇ ਭਰਾ ਹੰਸਾ ਸਿੰਘ ਨੇ ਕਈ ਵਾਰ ਪੈਸਿਆਂ ਦੀ ਮੰਗ ਕੀਤੀ ਸੀ।

ਬੀਤੀ 28 ਸਤੰਬਰ ਨੂੰ ਦੁਪਹਿਰ ਬਾਅਦ ਉਸ ਦਾ ਭਰਾ ਹੰਸਾ ਸਿੰਘ ਆਪਣੇ ਘਰ ਤੋਂ ਬਾਹਰ ਫਿਰਨੀ ਨੂੰ ਜਾ ਰਿਹਾ ਸੀ ਅਤੇ ਜਦੋਂ ਬਿੱਟੂ ਸਿੰਘ ਦੇ ਘਰ ਦੇ ਨਜ਼ਦੀਕ ਪੁੱਜਾ ਤਾਂ ਉਸ ਦੇ ਭਰਾ ਹੰਸਾ ਸਿੰਘ ਨੂੰ ਖਿੱਚ ਕੇ ਆਪਣੇ ਘਰ ਲਿਜਾ ਕੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ, ਲੋਕਾਂ ਦਾ ਇਕੱਠ ਹੁੰਦਾ ਵੇਖ ਕੇ ਬਿੱਟੂ ਸਿੰਘ ਵਗੈਰਾ ਨੇ ਉਸ ਦੇ ਭਰਾ ਹੰਸਾ ਸਿੰਘ ਨੂੰ ਕੁੱਟਣਾ ਬੰਦ ਕਰ ਦਿੱਤਾ। ਉਨ੍ਹਾਂ ਨੇ ਜਲਦੀ ਨਾਲ ਆਪਣੇ ਭਰਾ ਹੰਸਾ ਸਿੰਘ ਨੂੰ ਖੋਲ੍ਹ ਕੇ ਇਲਾਜ ਲਈ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਲੈ ਗਏ, ਜਿੱਥੇ ਡਾਕਟਰਾਂ ਨੇ ਹੰਸਾ ਸਿੰਘ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਮੁਦੱਈ ਨੇ ਬਿਆਨ ਦਿੱਤਾ ਕਿ ਉਸ ਦੇ ਭਰਾ ਹੰਸਾ ਸਿੰਘ ਦੀ ਮੌਤ ਬਿੱਟੂ ਸਿੰਘ ਵਗੈਰਾ ਵੱਲੋਂ ਆਪਣੇ ਘਰ ਵਿੱਚ ਬੰਨ੍ਹ ਕੇ ਬੇਰਹਿਮੀ ਦੇ ਨਾਲ ਕੁੱਟਮਾਰ ਕਰਨ ਕਰਕੇ ਹੋਈ ਹੈ। ਪੁਲਸ ਵੱਲੋਂ ਮੁਦਈ ਫੁੰਮਣ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਆਰੋਪੀ ਬਿੱਟੂ ਸਿੰਘ ਪੁੱਤਰ ਸੁਰੈਣ ਸਿੰਘ, ਰਾਜ ਰਾਣੀ ਪਤਨੀ ਬਿੱਟੂ ਸਿੰਘ, ਜੱਗਾ ਸਿੰਘ ਪੁੱਤਰ ਬਿੱਟੂ ਸਿੰਘ ਤੇ ਗੀਤਾ ਰਾਣੀ ਬੇਟੀ ਬਿੱਟੂ ਸਿੰਘ ਵਾਸੀਆਨ ਸੁਆਹ ਵਾਲਾ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਸ ਦਾ ਕਹਿਣਾ ਹੈ ਕਿ ਮ੍ਰਿਤਕ ਹੰਸਾ ਸਿੰਘ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਉਪਰੰਤ ਪੀੜਤ ਪਰਵਾਰ ਨੂੰ ਦਿੱਤੀ ਜਾਵੇਗੀ ਤੇ ਇਸ ਮੁਕੱਦਮੇ ਵਿੱਚ ਨਾਮਜ਼ਦ ਵਿਅਕਤੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਚੰਨੋ ਦੇ ਵਿਕਾਸ ਤੇ ਭਵਿੱਖੀ ਯੋਜਨਾਵਾਂ ਨੂੰ ਲੈ ਕੇ ਡਾ. ਜਵੰਧਾ ਵੱਲੋਂ ਲੋਕਾਂ ਨਾਲ ਚਰਚਾ

**ਭਵਾਨੀਗੜ੍ਹ (ਰਾਜ ਖੁਰਮੀ)**

ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ 'ਮਿੰਕੂ' ਜਵੰਧਾ ਵੱਲੋਂ ਪਿੰਡ ਚੰਨੋ ਦਾ ਦੌਰਾ ਕਰਕੇ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਪਿੰਡ ਦੇ ਵਿਕਾਸ, ਲੋਕਾਂ ਦੀਆਂ ਲੋੜਾਂ ਤੇ ਭਵਿੱਖ ਵਿੱਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਸਬੰਧੀ ਪਿੰਡ ਵਾਸੀਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ।

ਇਸ ਮੌਕੇ ਪਿੰਡ ਦੇ ਬਜ਼ੁਰਗਾਂ, ਸੂਝਵਾਨ ਨਾਗਰਿਕਾਂ ਤੇ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਡਾ. ਜਵੰਧਾ ਨਾਲ ਮੁਲਾਕਾਤ ਕਰਦਿਆਂ ਪਿੰਡ ਨਾਲ ਸਬੰਧਤ ਵੱਖ-ਵੱਖ ਮਸਲਿਆਂ ਤੇ ਲੋੜਾਂ ਬਾਰੇ ਆਪਣੇ ਸੁਝਾਅ ਸਾਂਝੇ ਕੀਤੇ।ਡਾ. ਜਵੰਧਾ ਨੇ ਲੋਕਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਦਿਆਂ ਕਿਹਾ ਕਿ ਕਿਸੇ ਵੀ ਪਿੰਡ ਦੇ ਸਰਵਪੱਖੀ ਵਿਕਾਸ ਲਈ ਸਥਾਨਕ ਲੋਕਾਂ ਦੀ ਰਾਏ ਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਦੀ ਤਰੱਕੀ ਸਿਰਫ਼ ਸਰਕਾਰੀ ਯੋਜਨਾਵਾਂ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਸਗੋਂ ਲੋਕਾਂ ਦੀ ਸਰਗਰਮ ਭਾਗੀਦਾਰੀ ਤੇ ਸਾਂਝੇ ਯਤਨਾਂ ਨਾਲ ਹੀ ਵਿਕਾਸ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਣ ਨਾਲ ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ ਤੇ ਲੋੜਾਂ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ ਤੇ ਇਸੇ ਅਨੁਸਾਰ ਭਵਿੱਖ ਦੀ ਯੋਜਨਾਬੰਦੀ ਕੀਤੀ ਜਾ ਸਕਦੀ ਹੈ।

ਮੁਲਾਕਾਤ ਦੌਰਾਨ ਪਿੰਡ ਵਾਸੀਆਂ ਵੱਲੋਂ ਇਲਾਕੇ ਨਾਲ ਸਬੰਧਤ ਵੱਖ-ਵੱਖ ਮੁੱਦੇ ਡਾ. ਜਵੰਧਾ ਦੇ ਧਿਆਨ ਵਿੱਚ ਲਿਆਂਦੇ ਗਏ।ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਦਿੱਤੇ ਜਾਣ ਵਾਲੇ ਸੁਝਾਅ ਵਿਕਾਸ ਕਾਰਜਾਂ ਦੀ ਤਰਜੀਹ ਤੈਅ ਕਰਨ ਤੇ ਭਵਿੱਖੀ ਯੋਜਨਾਵਾਂ ਨੂੰ ਜ਼ਮੀਨੀ ਲੋੜਾਂ ਅਨੁਸਾਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।ਇਸ ਮੌਕੇ ਪਿੰਡ ਦੇ ਬਜ਼ੁਰਗਾਂ ਅਤੇ ਸੂਝਵਾਨ ਨਾਗਰਿਕਾਂ ਵੱਲੋਂ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਪਿੰਡ ਵਾਸੀਆਂ ਨੇ ਵੀ ਡਾ. ਜਵੰਧਾ ਨਾਲ ਅਜਿਹੀਆਂ ਮਿਲਣੀਆਂ ਤੇ ਵਿਚਾਰ-ਚਰਚਾਵਾਂ ਭਵਿੱਖ ਵਿੱਚ ਵੀ ਜਾਰੀ ਰਹਿਣ ਦੀ ਉਮੀਦ ਪ੍ਰਗਟਾਈ।



# ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ, ਡਵੀਜ਼ਨ ਰਾਜਪੁਰਾ ਵੱਲੋਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਜਨਮ ਦਿਹਾੜਾ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮਨਾਇਆ ਗਿਆ।ਸਮਾਗਮ ਦੀ ਪ੍ਰਧਾਨਗੀ ਵਰਕਿੰਗ ਪ੍ਰਧਾਨ ਸਾਥੀ ਹਰਦੀਪ ਸਿੰਘ ਨੇ ਕੀਤੀ।ਇਸ ਮੌਕੇ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ, ਸੂਬਾ ਸਕੱਤਰ ਸਾਥੀ ਬਲਜੀਤ ਕੁਮਾਰ, ਸਰਕਲ ਪਟਿਆਲਾ ਦੇ ਪ੍ਰਧਾਨ ਸਾਥੀ ਗੁਰਦਿਆਲ ਸਿੰਘ ਬੱਬੂ ਤੋਂ ਇਲਾਵਾ ਪਾਵਰਕੌਮ-ਟਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ, ਡਵੀਜ਼ਨ ਰਾਜਪੁਰਾ ਦੇ ਸਾਥੀਆਂ ਨੇ ਵੀ ਸ਼ਮੂਲੀਅਤ ਕੀਤੀ।ਪੰਜਾਬ ਦੇ ਆਗੂ ਸਾਥੀ ਰਜਿੰਦਰ ਸਿੰਘ ਦੀ ਅਗਵਾਈ ਹੇਠ ਸਾਥੀ ਜਸਪਾਲ ਸਿੰਘ ਅਤੇ ਹੋਰ ਪੈਨਸ਼ਨਰਾਂ ਤੇ ਆਗੂਆਂ ਨੇ ਸਮਾਗਮ ਵਿੱਚ ਹਾਜ਼ਰੀ ਭਰੀ।ਇਸ ਮੌਕੇ ਪ੍ਰਧਾਨ ਸਾਥੀ ਹਰਭਜਨ ਸਿੰਘ ਪਿਲਖਣੀ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ, ਉਨ੍ਹਾਂ ਦੇ ਵਿਚਾਰਾਂ ਤੇ ਦੇਸ਼ ਦੀ ਆਜ਼ਾਦੀ ਲਈ ਪਾਏ ਯੋਗਦਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਨੌਜਵਾਨ ਲੀਡਰਸ਼ਿਪ ਨੂੰ ਸ਼ਹੀਦ ਭਗਤ ਸਿੰਘ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਰਕਾਰਾਂ ਦੀਆਂ ਨੀਤੀਆਂ ਕਾਰਨ ਪੈਦਾ ਹੋਣ ਵਾਲੀਆਂ ਚੁਣੌਤੀਆਂ ਦੇ ਵਿਰੁੱਧ ਸੰਘਰਸ਼ ਲਈ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਇਕਜੁੱਟ ਹੋ ਕੇ ਤਿਆਰ ਰਹਿਣਾ ਚਾਹੀਦਾ ਹੈ।ਇਸ ਸਮਾਗਮ ਵਿੱਚ ਸਰਕਲ ਪਟਿਆਲਾ ਦੇ ਸੀਨੀਅਰ ਮੀਤ ਪ੍ਰਧਾਨ ਸਾਥੀ ਸੁਖਦੇਵ ਸਿੰਘ, ਐੱਸ.ਡੀ.ਓ. ਸਾਥੀ ਸਤਨਾਮ ਸਿੰਘ, ਸਾਥੀ ਜੀਵਨ ਲਾਲ, ਸਾਥੀ ਸੁੱਚਾ ਸਿੰਘ, ਸਾਥੀ ਬਲਵੀਰ ਸਿੰਘ ਤੇ ਹੋਰ ਆਗੂਆਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ।ਸਮਾਗਮ ਦੇ ਅੰਤ 'ਚ ਪਹੁੰਚੇ ਸਾਰੇ ਸਾਥੀਆਂ ਦਾ ਵਰਕਿੰਗ ਪ੍ਰਧਾਨ ਸਾਥੀ ਹਰਦੀਪ ਸਿੰਘ ਵੱਲੋਂ ਧੰਨਵਾਦ ਕੀਤਾ ਗਿਆ।ਪੈਨਸ਼ਨਰ ਆਗੂ ਸਾਥੀ ਸੁੰਦਰ ਵੱਲੋਂ ਸਮਾਗਮ ਵਿੱਚ ਆਏ ਸਾਥੀਆਂ ਲਈ ਖਾਣ-ਪੀਣ ਦਾ ਵਧੀਆ ਪ੍ਰਬੰਧ ਕੀਤਾ ਗਿਆ।

# ਏ ਪੀ ਰਿਫਾਇਨਰੀ ਦੇ ਹੱਕ 'ਚ ਨਿੱਤਰੇ ਸ਼ਹਿਰ ਵਾਸੀ, ਵਿਧਾਇਕਾ ਨੂੰ ਸੌਂਪਿਆ ਮੰਗ ਪੱਤਰ



**ਜਗਰਾਉਂ (ਅਮਿਤ ਖੰਨਾ)**-ਜਗਰਾਉਂ ਇਲਾਕੇ ਦੇ ਪਿੰਡ ਤੱਪੜ ਹਰਨੀਆਂ 'ਚ ਸਥਿਤ ਏਪੀ ਰਿਫਾਇਨਰੀ ਦੇ ਮਾਲਕਾਂ ਖ਼ਿਲਾਫ਼ ਦਰਜ ਮੁਕੱਦਮੇ ਨੂੰ ਝੂਠਾ ਕਰਾਰ ਦਿੰਦਿਆਂ ਮੰਗਲਵਾਰ ਸ਼ਹਿਰ ਉਨ੍ਹਾਂ ਦੇ ਹੱਕ 'ਚ ਨਿੱਤਰ ਪਿਆ।ਜਗਰਾਉਂ ਦੇ ਏਐੱਸ ਆਟੋਮੋਬਾਈਲਜ਼ ਵਿਖੇ ਏਪੀ ਰਿਫਾਇਨਰੀ ਦੇ ਮਾਲਕਾਂ ਖ਼ਿਲਾਫ਼ ਦਰਜ ਮੁਕੱਦਮੇ ਨੂੰ ਰੱਦ ਕਰਵਾਉਣ ਲਈ ਉਮੜੇ ਸ਼ਹਿਰ ਵਾਸੀਆਂ ਨੇ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੂੰ ਮੰਗ ਪੱਤਰ ਸੌਂਪਿਆ, ਜਿਸ 'ਤੇ ਵਿਧਾਇਕਾ ਨੇ ਸ਼ਹਿਰ ਦੇ ਇਕੱਠ ਨੂੰ ਵਿਸ਼ਵਾਸ ਦੁਆਇਆ ਕਿ ਇਸ ਮਾਮਲੇ 'ਚ ਮੁੜ ਜਾਂਚ ਕਰਵਾਈ ਜਾਵੇਗੀ।

ਜ਼ਿਕਰਯੋਗ ਹੈ ਕਿ ਏਪੀ ਰਿਫਾਇਨਰੀ ਦੇ ਮਾਲਕਾਂ ਖ਼ਿਲਾਫ਼ ਪਿਛਲੇ ਦਿਨੀਂ ਇੱਕ ਮੁਕੱਦਮਾ ਦਰਜ ਹੋਇਆ ਹੈ।ਹਾਲਾਂਕਿ ਇਹ ਮਾਮਲਾ 16 ਸਾਲ ਪੁਰਾਣਾ ਹੈ, ਜਿਸ 'ਚ ਏਪੀ ਰਿਫਾਇਨਰੀ ਦੇ ਮਾਲਕਾਂ ਦਾ ਕੋਈ ਲੈਣਾ ਦੇਣਾ ਨਹੀਂ।ਇਸ ਮੁੱਦੇ ਨੂੰ ਲੈ ਕੇ ਅੱਜ ਜਗਰਾਉਂ ਸ਼ਹਿਰ ਦੀ ਇੰਡਸਟਰੀਇਸਟ, ਵਪਾਰੀ, ਦੁਕਾਨਦਾਰ, ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਜਥੇਬੰਦੀਆਂ, ਵਪਾਰਕ ਐਸੋਸੀਏਸ਼ਨ, ਸ਼ੈਲਰ ਐਸੋਸੀਏਸ਼ਨ, ਰਾਈਸ ਮਿੱਲਰ ਐਸੋਸੀਏਸ਼ਨ, ਵਕੀਲ ਤੇ ਹੋਰ ਵਰਗਾਂ ਨਾਲ ਸਬੰਧਤ ਵੱਡੇ ਇਕੱਠ ਨੇ ਵਿਧਾਇਕਾ ਨੂੰ ਮੰਗ ਪੱਤਰ ਸੌਂਪਦਿਆਂ ਕਿਹਾ ਕਿ ਉਨ੍ਹਾਂ ਸਮੇਤ ਸ਼ਹਿਰ ਨਹੀਂ, ਪੂਰਾ ਪੰਜਾਬ ਏਪੀ ਰਿਫਾਇਨਰੀ ਦੇ ਮਾਲਕਾਂ ਦੀ ਧਾਰਮਿਕ ਤੇ ਸਮਾਜ ਸੇਵੀ ਸ਼ਖਸੀਅਤ ਤੋਂ ਬਾਖੂਬੀ ਵਾਕਫ਼ ਹਨ।ਇਨ੍ਹਾਂ ਵੱਲੋਂ ਹਮੇਸ਼ਾ ਸਮਾਜ ਸੇਵਾ ਤੇ ਧਾਰਮਿਕ ਕਾਰਜਾਂ ਵਿੱਚ ਅੱਗੇ ਵੱਧ ਕੇ ਯੋਗਦਾਨ ਪਾਉਣ 'ਤੇ ਹਰ ਸਮੇਂ ਮਦਦ ਲਈ ਹੱਥ ਅੱਗੇ ਵਧਾਉਣ ਦੀ ਸੋਚ ਕਦੇ ਕਿਸੇ ਦਾ ਮਾੜਾ ਸੋਚਣਾ ਦੂਰ ਦੀ ਗੱਲ ਹੈ। ਅਜਿਹੇ 'ਚ ਇਹ ਤਾਂ ਸਾਫ ਹੈ ਕਿ ਉਨ੍ਹਾਂ ਖ਼ਿਲਾਫ਼ ਇੱਕ ਸਾਜ਼ਿਸ਼ ਤਹਿਤ ਇਹ ਮਾਮਲਾ ਦਰਜ ਹੋਇਆ ਹੈ, ਅੱਜ ਨਹੀਂ ਤਾਂ ਕੱਲ੍ਹ ਇਸ ਦੀ ਸੱਚਾਈ ਸਾਹਮਣੇ ਆ ਜਾਵੇਗੀ।

ਉਨ੍ਹਾਂ ਕਿਹਾ ਏਪੀ ਰਿਫਾਇਨਰੀ ਦੇ ਮਾਲਕਾਂ ਖ਼ਿਲਾਫ਼ ਦਰਜ ਹੋਏ ਇਸ ਝੂਠੇ ਮੁਕੱਦਮੇ ਦਾ ਮਾਮਲਾ ਉਹ ਮੁੱਖ ਮੰਤਰੀ ਕੋਲ ਰੱਖਣ 'ਤੇ ਇਸ ਦੀ ਜਾਂਚ ਕਰਵਾ ਕੇ ਇਸ ਨੂੰ ਜਲਦ ਰੱਦ ਕਰਵਾਇਆ ਜਾਵੇ।ਇਸ 'ਤੇ ਵਿਧਾਇਕਾ ਨੇ ਸਾਰੇ ਇਕੱਠ ਨੂੰ ਭਰੋਸਾ ਦਿੱਤਾ ਕਿ ਉਹ ਵੀ ਉਨ੍ਹਾਂ ਦੇ ਨਾਲ ਹਨ ਤੇ ਇਸ ਮਾਮਲੇ ਦੀ ਨਿਰਪੱਖਤਾ ਨਾਲ ਜਾਂਚ ਕਰਵਾਈ ਜਾਵੇਗੀ।ਇਸ ਮੌਕੇ ਏ ਐੱਸ ਆਟੋਮੋਬਾਈਲਜ਼ ਦੇ ਗੁਰਿੰਦਰ ਸਿੰਘ ਸਿੱਧੂ, ਆੜ੍ਹਤੀਆ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਭੱਲਾ, ਸ੍ਰੀ ਕ੍ਰਿਸ਼ਨਾ ਗਊਸ਼ਾਲਾ ਦੇ ਨਵੀਨ ਗੋਇਲ, ਡੀਏਵੀ ਕਾਲਜ ਦੇ ਪ੍ਰਿੰਸੀਪਲ ਡਾ. ਅਨੁਜ ਸ਼ਰਮਾ, ਰਾਈਸ ਮਿੱਲਰ ਐਸੋਸੀਏਸ਼ਨ ਦੇ ਅੰਕੁਰ ਗੁਪਤਾ, ਸ਼ੈਲਰ ਐਸੋਸੀਏਸ਼ਨ ਦੇ ਹਰੀ ਓਮ, ਕਪਤਾਨ ਨਰੇਸ਼ ਵਰਮਾ, ਸਵਰਨਕਾਰ ਐਸੋਸੀਏਸ਼ਨ ਦੇ ਦੇ ਲੱਡੂ ਲੱਖੇ ਵਾਲੇ, ਲੋਕ ਸੇਵਾ ਸੁਸਾਇਟੀ ਦੇ ਕਮਲ ਕੱਕੜ, ਸੁਨੀਲ ਬਜਾਜ, ਐਡ. ਮੂਨ ਝਾਂਜੀ, ਸੁਸ਼ੀਲ ਕੁਮਾਰ ਪੱਪੂ, ਸਤੀਸ਼ ਬਾਂਸਲ, ਕੰਚਨ ਗੁਪਤਾ, ਕੇਵਲ ਮਲਹੋਤਰਾ, ਮਨੀਸ਼ ਬਾਂਸਲ, ਪੰਕਜ ਗਰੋਵਰ ਆਦਿ ਹਾਜ਼ਰ ਸਨ।

### ਦਰਜ ਮੁਕੱਦਮੇ ਦੀ ਜਾਂਚ ਦਿੱਤੇ ਸਮੇਂ 'ਚ ਪੂਰੀ ਕੀਤੀ ਜਾਵੇ : ਰਾਜਿੰਦਰ ਜੈਨ

ਕੁਦਰਤ ਦੇ ਰਾਖੇ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਰਾਜਿੰਦਰ ਜੈਨ ਕਾਕਾ ਨੇ ਮੰਗ ਕੀਤੀ ਕਿ ਏਪੀ ਰਿਫਾਇਨਰੀ ਦੇ ਮਾਲਕਾਂ



ਖ਼ਿਲਾਫ਼ ਦਰਜ ਮੁਕੱਦਮੇ ਦੀ ਜਾਂਚ ਸਮੇਂ ਸੀਮਾ ਤੈਅ ਕੀਤੀ ਜਾਵੇ ਤਾਂ ਕਿ ਇਸ ਦਾ ਸੱਚ ਜਲਦ ਸਾਹਮਣੇ ਆਵੇ ਤੇ ਏਪੀ ਰਿਫਾਇਨਰੀ ਦੇ ਮਾਲਕਾਂ ਖ਼ਿਲਾਫ਼ ਸਾਜ਼ਿਸ਼ ਬੇਨਕਾਬ ਹੋਵੇ।ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ 16 ਸਾਲ ਪੁਰਾਣੇ ਉਸ ਮਾਮਲੇ 'ਚ ਫਸਾਇਆ ਗਿਆ ਹੈ, ਜਿਸ ਨਾਲ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ।

# ਕੋਤਵਾਲੀ ਥਾਣੇ ਦੇ ਲਾਕ-ਅੱਪ 'ਚ ਮੁਲਜ਼ਮ ਵੱਲੋਂ ਖੁਦਕੁਸ਼ੀ



**ਨਾਭਾ (ਅਮਨ ਗਰਗ)**-ਐੱਨਡੀਪੀਐੱਸ ਮਾਮਲੇ ਦੇ ਇੱਕ ਮੁਲਜ਼ਮ ਨੇ ਨਾਭਾ ਕੋਤਵਾਲੀ ਪੁਲਸ ਸਟੇਸ਼ਨ ਦੇ ਲਾਕ-ਅੱਪ ਵਿੱਚ ਖੁਦਕੁਸ਼ੀ ਕਰ ਲਈ।27 ਸਤੰਬਰ ਨੂੰ ਕੋਤਵਾਲੀ ਪੁਲਸ ਨੇ ਮੋਟਰਸਾਈਕਲ 'ਤੇ ਸਵਾਰ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਤੇ 80 ਗ੍ਰਾਮ 'ਚਿੱਟਾ' (ਹੈਰੋਇਨ) ਬਰਾਮਦ ਕੀਤਾ।ਸੋਮਵਾਰ ਨੂੰ ਪੁਲਸ ਨੇ ਦੋਵਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ, ਜਿਸ ਨੇ ਉਨ੍ਹਾਂ ਨੂੰ ਦੋ ਦਿਨਾਂ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ।ਮੰਗਲਵਾਰ ਸਵੇਰੇ ਲਗਭਗ 6:45 ਵਜੇ, ਲਕਸ਼ਮਣ ਨੀਂਦ ਤੋਂ ਜਾਗਿਆ ਤੇ ਪੰਜ ਮਿੰਟ ਸੋਚਿਆ, ਫਿਰ ਲਾਕ-ਅੱਪ ਟਾਇਲਟ ਵਿੱਚ ਗਿਆ, ਜਦੋਂ ਕਿ ਉਸ ਦਾ ਸਾਥੀ ਫਰਸ਼ 'ਤੇ ਪਿਆ ਰਿਹਾ। ਲਗਭਗ ਅੱਧੇ ਘੰਟੇ ਬਾਅਦ, ਜਦੋਂ ਉਸ ਦਾ ਸਾਥੀ ਬਿਰਜੂ ਲਾਕ-ਅੱਪ ਦੇ ਅੰਦਰ ਟਾਇਲਟ ਗਿਆ, ਤਾਂ ਉਸ ਨੇ ਪੀੜਤ ਨੂੰ ਚੀਕਦੇ ਦੇਖਿਆ ਅਤੇ ਜਦੋਂ ਪੁਲਸ ਅਧਿਕਾਰੀ ਲਾਕ-ਅੱਪ ਵਿੱਚ ਦਾਖਲ ਹੋਏ, ਤਾਂ ਉਸ ਨੇ ਟਾਇਲਟ ਦੇ ਪਾਣੀ ਦੇ ਪਾਈਪ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ, ਜੋ ਕਿ ਜ਼ਮੀਨ ਤੋਂ ਲਗਭਗ 2-3 ਫੁੱਟ ਉੱਪਰ ਸੀ।ਸ਼ੁਰੂ ਵਿੱਚ, ਮ੍ਰਿਤਕ ਦਾ ਪਰਿਵਾਰ ਇਸ ਘਟਨਾ ਤੋਂ ਪ੍ਰੇਸ਼ਾਨ ਸੀ।ਹਾਲਾਂਕਿ, ਪੁਲਸ ਅਧਿਕਾਰੀਆਂ ਨਾਲ ਮੁਲਾਕਾਤ ਕਰਨ ਤੇ ਸੀਸੀਟੀਵੀ ਫੁਟੇਜ ਦੇਖਣ ਤੋਂ ਬਾਅਦ, ਉਨ੍ਹਾਂ ਦਾ ਮੰਨਣਾ ਸੀ ਕਿ ਲਕਸ਼ਮਣ ਨੇ ਸੱਚਮੁੱਚ ਖੁਦਕੁਸ਼ੀ ਕੀਤੀ ਹੈ।ਹਾਲਾਂਕਿ, ਪਰਵਾਰ ਨੇ ਪੁਲਸ ਵੱਲੋਂ ਮੌਤ ਦੀ ਸੂਚਨਾ ਦੇਣ ਵਿੱਚ ਦੇਰੀ 'ਤੇ ਨਾਰਾਜ਼ਗੀ ਪ੍ਰਗਟ ਕੀਤੀ ਹੈ।ਇੱਕ ਸਮੇਂ, ਕੋਤਵਾਲੀ ਪੁਲਸ ਸਟੇਸ਼ਨ ਦੇ ਬਾਹਰ ਸਥਿਤੀ ਤਣਾਅਪੂਰਨ ਹੋ ਗਈ, ਜਦੋਂ ਵੱਡੀ ਗਿਣਤੀ ਵਿੱਚ ਨੌਜਵਾਨ ਇਕੱਠੇ ਹੋ ਗਏ ਤੇ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਹਾਲਾਂਕਿ, ਪਟਿਆਲਾ ਦੇ ਐੱਸਪੀ ਰਾਜੇਸ਼ ਛਿੱਬਰ, ਨਾਭਾ ਡੀਐੱਸਪੀ ਗੁਰਿੰਦਰ ਸਿੰਘ ਬੱਲ ਤੇ ਕੋਤਵਾਲੀ ਪੁਲਸ ਸਟੇਸ਼ਨ ਦੇ ਇੰਚਾਰਜ ਗੁਰਪਿੰਦਰ ਸਿੰਘ ਨੇ ਪਰਿਵਾਰ ਨੂੰ ਸ਼ਾਂਤ ਕੀਤਾ ਤੇ ਸਥਿਤੀ ਨੂੰ ਕਾਬੂ ਵਿੱਚ ਲਿਆਂਦਾ।ਪੁਲਸ ਨੇ ਲਾਸ਼ ਨੂੰ ਸਿਵਲ ਹਸਪਤਾਲ, ਨਾਭਾ ਦੇ ਮੁਰਦਾਘਰ ਵਿੱਚ ਭੇਜ ਦਿੱਤਾ ਹੈ, ਜਿੱਥੇ ਡਾਕਟਰਾਂ ਦਾ ਇੱਕ ਬੋਰਡ ਇੱਕ ਜੱਜ ਦੀ ਨਿਗਰਾਨੀ ਹੇਠ ਪੋਸਟਮਾਰਟਮ ਕਰੇਗਾ।

# ਵੋਟਾਂ ਕੱਟ ਕੇ ਸੰਵਿਧਾਨਕ ਢਾਂਚੇ ਨੂੰ ਤਬਾਹ ਕਰ ਰਿਹੈ ਚੋਣ ਕਮਿਸ਼ਨ : ਨਿਸ਼ਾਂਤ ਅਖ਼ਤਰ

## ਕਾਂਗਰਸ ਵੱਲੋਂ 'ਵੋਟ ਚੋਰੀ' ਖ਼ਿਲਾਫ਼ ਵਿਸ਼ਾਲ ਰੋਸ ਪ੍ਰਦਰਸ਼ਨ




**ਮਾਲੇਰਕੋਟਲਾ (ਅਸਗਰ ਪਰਿਹਾਰ)**-ਦੇਸ਼ ਵਿੱਚ 'ਵੋਟ ਚੋਰੀ' ਤੇ ਆਮ ਨਾਗਰਿਕਾਂ ਦੇ ਸੰਵਿਧਾਨਕ ਅਧਿਕਾਰਾਂ ਨਾਲ ਵੱਡੇ ਪੱਧਰ 'ਤੇ ਖਿਲਵਾੜ ਕਰਨ ਦੇ ਗੰਭੀਰ ਮੁੱਦੇ ਨੂੰ ਲੈ ਕੇ ਜ਼ਿਲ੍ਹਾ ਕਾਂਗਰਸ ਕਮੇਟੀ ਮਾਲੇਰਕੋਟਲਾ ਵੱਲੋਂ ਇਤਿਹਾਸਕ ਗੁਰਦੁਆਰਾ 'ਹਾ ਦਾ ਨਾਅਰਾ ਸਾਹਿਬ' ਤੋਂ ਲੈ ਕੇ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਇੱਕ ਵਿਸ਼ਾਲ ਰੋਸ ਮਾਰਚ ਕੱਢਿਆ ਗਿਆ।ਇਹ ਮਾਰਚ ਜ਼ਿਲ੍ਹਾ ਕਾਂਗਰਸ ਕਮੇਟੀ ਦੀ ਪ੍ਰਧਾਨ ਬੀਬਾ ਨਿਸ਼ਾਤ ਅਖ਼ਤਰ ਦੀ ਅਗਵਾਈ ਹੇਠ ਕੱਢਿਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪਾਰਟੀ ਆਗੂਆਂ ਤੇ ਵਰਕਰਾਂ ਨੇ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਦੀਆਂ ਤਾਨਾਸ਼ਾਹੀ ਨੀਤੀਆਂ ਵਿਰੁੱਧ ਰੋਸ ਪ੍ਰਗਟਾਉਂਦਿਆਂ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਇਸ ਰੋਸ ਮਾਰਚ ਦੌਰਾਨ ਪ੍ਰਦਰਸ਼ਨਕਾਰੀਆਂ 'ਚ ਕੇਂਦਰ ਸਰਕਾਰ ਤੇ ਚੋਣ ਕਮਿਸ਼ਨ ਪ੍ਰਤੀ ਭਾਰੀ ਗੁੱਸਾ ਦੇਖਣ ਨੂੰ ਮਿਲਿਆ।ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।ਮਾਰਚ ਦੇ ਡੀ.ਸੀ. ਦਫ਼ਤਰ ਪਹੁੰਚਣ 'ਤੇ ਪ੍ਰਦਰਸ਼ਨਕਾਰੀਆਂ ਵੱਲੋਂ ਰੋਹ ਵਿੱਚ ਆ ਕੇ ਮੁੱਖ ਚੋਣ ਕਮਿਸ਼ਨਰ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬੀਬਾ ਨਿਸ਼ਾਤ ਅਖ਼ਤਰ ਨੇ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਸਖ਼ਤ ਸ਼ਬਦਾਂ ਵਿੱਚ ਆਖਿਆ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਮੌਜੂਦਾ ਸਰਕਾਰ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੇ ਹਨ ਤੇ ਦੇਸ਼ ਦੀ ਲੋਕਤੰਤਰੀ ਮਰਿਆਦਾ ਨੂੰ ਢਾਹ ਲਾ ਰਹੇ ਹਨ।ਉਨ੍ਹਾਂ ਕਿਹਾ ਕਿ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਦੀਆਂ ਵੋਟਾਂ ਕੱਟ ਕੇ ਦੇਸ਼ ਦੇ ਸੰਵਿਧਾਨਕ ਢਾਂਚੇ ਨੂੰ ਜਾਣਬੁੱਝ ਕੇ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।ਪ੍ਰਦਰਸ਼ਨ ਦੇ ਅੰਤ ਵਿੱਚ ਕਾਂਗਰਸੀ ਆਗੂਆਂ ਦੇ ਵਫ਼ਦ ਨੇ ਏ.ਡੀ.ਸੀ. ਰਾਹੀਂ ਭਾਰਤ ਦੇ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਦੇ ਨਾਂ ਮੰਗ ਪੱਤਰ ਸੌਂਪਿਆ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਲੋਕਤੰਤਰ ਵਿਰੁੱਧ ਹੋ ਰਹੀਆਂ ਇਨ੍ਹਾਂ ਧੱਕੇਸ਼ਾਹੀਆਂ ਦਾ ਨੋਟਿਸ ਨਾ ਲਿਆ ਗਿਆ ਤਾਂ ਕਾਂਗਰਸ ਪਾਰਟੀ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ।

# ਮਾਤਾ ਗੁਜਰੀ ਕਾਲਜ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਮੌਕੇ ਵਿਸ਼ੇਸ਼ ਲੈਕਚਰ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮਾਤਾ ਗੁਜਰੀ ਕਾਲਜ ਦੇ ਇਤਿਹਾਸ ਵਿਭਾਗ ਅਤੇ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਵੱਲੋਂ ਸ਼ਹੀਦ ਭਗਤ ਸਿੰਘ ਦੇ 119ਵੇਂ ਜਨਮ ਦਿਵਸ ਦੇ ਮੌਕੇ ਵਿਸ਼ੇਸ਼ ਲੈਕਚਰ ਦਾ ਆਯੋਜਨ ਕਰਵਾਇਆ ਗਿਆ ਜਿਸ ਵਿੱਚ ਕਾਲਜ ਦੇ ਇਤਿਹਾਸ ਵਿਭਾਗ ਦੇ ਮੁਖੀ ਡਾ. ਹਰਬਿੰਦਰ ਸਿੰਘ ਨੇ ਸ਼ਹੀਦ ਭਗਤ ਸਿੰਘ: ਜੀਵਨ ਅਤੇ ਵਿਚਾਰਧਾਰਾ ਵਿਸ਼ੇ 'ਤੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ।

ਕਾਲਜ ਦੇ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਕਿਹਾ ਕਿ ਮਹਾਨ ਸ਼ਹੀਦ ਕਿਸੇ ਵੀ ਕੌਮ ਦੀ ਅਣਖ, ਸਵੈਮਾਣ ਅਤੇ ਪ੍ਰੇਰਣਾ ਦੇ ਸਦੀਵੀ ਸਰੋਤ ਹੁੰਦੇ ਹਨ, ਇਸ ਲਈ ਸਾਨੂੰ ਆਪਣੇ ਸ਼ਹੀਦਾਂ ਦੇ ਜਨਮ ਦਿਵਸ ਪੂਰੀ ਸ਼ਰਧਾ-ਸਤਿਕਾਰ ਨਾਲ ਮਨਾਉਣੇ ਚਾਹੀਦੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਉਨ੍ਹਾਂ ਦੇ ਜੀਵਨ, ਸੰਘਰਸ਼ ਅਤੇ ਬੇਮਿਸਾਲ ਕੁਰਬਾਨੀਆਂ ਤੋਂ ਪ੍ਰੇਰਣਾ ਪ੍ਰਾਪਤ ਕਰ ਸਕੇ।ਆਪਣੇ ਸੰਬੋਧਨ ਦੌਰਾਨ ਡਾ. ਹਰਬਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਦੇ ਜੀਵਨ, ਵਿਚਾਰਧਾਰਾ, ਦੇਸ਼-ਭਗਤੀ ਅਤੇ ਅਦੁੱਤੀ ਕੁਰਬਾਨੀ ਤੋਂ ਜਾਣੂ ਕਰਵਾਉਂਦਿਆਂ ਉਨ੍ਹਾਂ ਦੇ ਸੰਘਰਸ਼ਮਈ ਜੀਵਨ ਅਤੇ ਦੇਸ਼ ਦੀ ਆਜ਼ਾਦੀ ਲਈ ਪਾਏ ਅਣਮੁੱਲੇ ਯੋਗਦਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।ਸਮਾਗਮ ਦੇ ਅਖੀਰ ਵਿੱਚ ਪੱਤਰਕਾਰੀ ਵਿਭਾਗ ਦੇ ਮੁਖੀ ਡਾ. ਹਰਗੁਣਪ੍ਰੀਤ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਕਲਮ ਨੇ ਸੁੱਤੀ ਹੋਈ ਚੇਤਨਾ ਨੂੰ ਜਗਾਇਆ, ਕ੍ਰਾਂਤੀਕਾਰੀ ਸੋਚ ਨੇ ਨੌਜਵਾਨਾਂ ਨੂੰ ਬਦਲਾਅ ਦਾ ਰਾਹ ਦਿਖਾਇਆ ਅਤੇ ਕੁਰਬਾਨੀ ਨੇ ਆਜ਼ਾਦੀ ਦੇ ਸੰਘਰਸ਼ ਨੂੰ ਨਵੀਂ ਊਰਜਾ ਦਿੱਤੀ।ਇਸ ਮੌਕੇ ਪੱਤਰਕਾਰੀ ਵਿਭਾਗ ਦੇ ਵਿਦਿਆਰਥੀਆਂ ਰੱਜੀ, ਕ੍ਰਿਸ਼ਨਾ, ਦਲਜੀਤ ਸਿੰਘ, ਵੈਦੇਹੀ ਅਤੇ ਹਰਜੱਸ ਸਿੰਘ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ, ਵਿਚਾਰਧਾਰਾ ਅਤੇ ਦੇਸ਼-ਪ੍ਰੇਮ ਨਾਲ ਸਬੰਧਿਤ ਪ੍ਰੇਰਨਾਦਾਇਕ ਕਵਿਤਾਵਾਂ ਅਤੇ ਰਚਨਾਵਾਂ ਪੇਸ਼ ਕੀਤੀਆਂ।ਇਸ ਮੌਕੇ ਇਤਿਹਾਸ ਵਿਭਾਗ ਦੇ ਡਾ. ਰਮਨਦੀਪ ਕੌਰ, ਪੱਤਰਕਾਰੀ ਵਿਭਾਗ ਦੇ ਪ੍ਰੋ. ਲਵਨੀਤ ਵਸ਼ਿਸ਼ਠ, ਪ੍ਰੋ. ਨਾਦਿਸ਼, ਪ੍ਰੋ. ਹਰਪ੍ਰੀਤ ਕੌਰ ਅਤੇ ਪ੍ਰੋ. ਭਵਨੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਜਹਾਂਗੀਰ ਮੋਰਚੇ ਵੱਲੋਂ ਪ੍ਰਦੂਸ਼ਣ ਬੋਰਡ ਦਫ਼ਤਰ ਅੱਗੇ ਧਰਨੇ ਦੀ ਚੇਤਾਵਨੀ

## ਜਲਦੀ ਹੀ ਫੈਕਟਰੀ ਨੂੰ ਜਾਰੀ ਹੋਵੇਗਾ ਨੋਟਿਸ-ਐਕਸੀਅਨ ਪ੍ਰਦੂਸ਼ਣ ਬੋਰਡ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)**

ਧੂਰੀ-ਸ਼ੇਰਪੁਰ ਮੁੱਖ ਮਾਰਗ 'ਤੇ ਸਥਿਤ ਈਥਾਨੋਲ ਫੈਕਟਰੀ ਵੱਲੋਂ ਫੈਲਾਏ ਜਾ ਰਹੇ ਕਥਿਤ ਹਵਾ ਤੇ ਪਾਣੀ ਦੇ ਪ੍ਰਦੂਸ਼ਣ ਖ਼ਿਲਾਫ਼ ਸੰਘਰਸ਼ ਕਰ ਰਹੀ 'ਜਹਾਂਗੀਰ ਸਾਂਝਾ ਮੋਰਚਾ ਕਮੇਟੀ' ਦੇ ਆਗੂਆਂ ਨੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਸੰਗਰੂਰ ਦੇ ਦਫ਼ਤਰ ਅੱਗੇ ਧਰਨਾ ਦੇਣ ਦੀ ਸਪੱਸ਼ਟ ਚੇਤਾਵਨੀ ਦਿੱਤੀ ਹੈ।ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਮੋਰਚੇ ਦੇ ਮੁੱਖ ਕਾਰਕੁੰਨਾਂ ਜਸਪਾਲ ਸਿੰਘ ਘਨੌਰ ਕਲਾਂ, ਬਿਨੈਪਾਲ ਸਿੰਘ ਘਨੌਰ ਕਲਾਂ, ਗੁਰਕੀਰਤਨ ਸਿੰਘ ਬਮਾਲ, ਗੁਰਸੇਵਕ ਸਿੰਘ ਘਨੌਰ ਖੁਰਦ, ਨਰਿੰਦਰ ਸਿੰਘ ਕਾਲਾਬੂਲਾ ਤੇ ਲਖਬੀਰ ਸਿੰਘ ਜਹਾਂਗੀਰ ਨੇ ਦੱਸਿਆ ਕਿ ਲੰਘੀ 18 ਸਤੰਬਰ ਨੂੰ ਤਹਿਸੀਲਦਾਰ ਧੂਰੀ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਐਕਸੀਅਨ ਦੀ ਮੌਜੂਦਗੀ ਵਿੱਚ ਧਰਨਾਕਾਰੀਆਂ ਨੇ ਫੈਕਟਰੀ ਵਿੱਚੋਂ ਨਿਕਲ ਰਹੇ ਸਵਾਹ ਨਾਲ ਭਰੇ ਇੱਕ ਟਿੱਪਰ ਨੂੰ ਮੌਕੇ 'ਤੇ ਹੀ ਘੇਰ ਲਿਆ ਸੀ।ਉਸ ਸਮੇਂ ਆਗੂਆਂ ਨੇ ਪ੍ਰਸ਼ਾਸਨ ਤੇ ਬੋਰਡ ਅਧਿਕਾਰੀਆਂ ਨੂੰ 'ਜ਼ੀਰੋ ਲਿਕਵਿਡ ਡਿਸਚਾਰਜ' ਦੇ ਸਰਕਾਰੀ ਨਿਯਮਾਂ ਅਨੁਸਾਰ ਫੈਕਟਰੀ ਖ਼ਿਲਾਫ਼ ਤੁਰੰਤ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਸੀ।ਮੋਰਚਾ ਆਗੂਆਂ ਨੇ ਦੋਸ਼ ਲਾਇਆ ਕਿ ਉਸ ਦਿਨ ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਨੇ ਪਾਣੀ ਦੇ ਸੈਂਪਲ ਭਰ ਕੇ ਮਹਿਜ਼ ਖਾਨਾਪੂਰਤੀ ਕਰ ਦਿੱਤੀ।ਅੱਜ ਤੱਕ ਨਾ ਤਾਂ ਸੈਂਪਲਾਂ ਦੀ ਜਾਂਚ ਰਿਪੋਰਟ ਜਨਤਕ ਕੀਤੀ ਗਈ ਹੈ ਤੇ ਨਾ ਹੀ ਫੈਕਟਰੀ ਪ੍ਰਬੰਧਕਾਂ ਖ਼ਿਲਾਫ਼ ਕੋਈ ਠੋਸ ਕਾਨੂੰਨੀ ਕਾਰਵਾਈ ਕੀਤੀ ਗਈ ਹੈ।ਜਦੋਂ ਵੀ ਕਮੇਟੀ ਵੱਲੋਂ ਅਧਿਕਾਰੀਆਂ ਤੋਂ ਰਿਪੋਰਟ ਬਾਰੇ ਪੁੱਛਿਆ ਜਾਂਦਾ ਹੈ, ਤਾਂ ਉਹ ਇੱਕੋ ਟਾਲ-ਮਟੋਲ ਵਾਲਾ ਜਵਾਬ ਦਿੰਦੇ ਹਨ ਕਿ ਰਿਪੋਰਟ ਆਨਲਾਈਨ ਉੱਚ ਅਧਿਕਾਰੀਆਂ ਨੂੰ ਭੇਜ ਦਿੱਤੀ ਗਈ ਹੈ।ਧਰਨਾਕਾਰੀਆਂ ਨੇ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਸਥਾਨਕ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ 'ਜ਼ੀਰੋ ਲਿਕਵਿਡ ਡਿਸਚਾਰਜ' ਨਿਯਮਾਂ ਦੀ ਉਲੰਘਣਾ ਕਰਨ ਬਦਲੇ ਫੈਕਟਰੀ 'ਤੇ ਤੁਰੰਤ ਕਾਨੂੰਨੀ ਸ਼ਿਕੰਜਾ ਨਾ ਕੱਸਿਆ ਗਿਆ, ਤਾਂ ਜਹਾਂਗੀਰ ਸਾਂਝਾ ਮੋਰਚਾ ਵੱਲੋਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਸੰਗਰੂਰ ਸਥਿਤ ਮੁੱਖ ਦਫ਼ਤਰ ਦਾ ਘਿਰਾਓ ਕਰਕੇ ਧਰਨਾ ਦਿੱਤਾ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

ਜਦੋਂ ਇਸ ਸਬੰਧੀ ਪ੍ਰਦੂਸ਼ਣ ਬੋਰਡ ਦੇ ਐਕਸੀਅਨ ਰੋਹਿਤ ਸਿੰਗਲਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦਾ ਕਹਿਣਾਂ ਸੀ ਕਿ ਸਾਡੇ ਵੱਲੋਂ ਕੋਈ ਦੇਰੀ ਨਹੀਂ ਤੇ ਅਸੀਂ ਸੈਂਪਲ ਲੈਬੋਰੇਟਰੀ ਨੂੰ ਭੇਜੇ ਹੋਏ ਹਨ, ਜਿਸ ਦੀ ਰਿਪੋਰਟ ਜਲਦੀ ਹੀ ਆਉਣ ਦੀ ਸੰਭਾਵਨਾ ਹੈ ਤੇ ਇਸ ਸਬੰਧੀ ਬੋਰਡ ਵੱਲੋਂ ਮੁੱਖ ਦਫ਼ਤਰ ਨੂੰ ਆਨਲਾਈਨ ਕਾਰਵਾਈ ਭੇਜੀ ਗਈ ਹੈ ਅਤੇ ਉਮੀਦ ਹੈ ਅੱਜਕਲ੍ਹ 'ਚ ਫੈਕਟਰੀ ਨੂੰ ਨੋਟਿਸ ਹੋਵੇਗਾ ਤੇ ਉਸ ਦੀ ਕਾਪੀ ਧਰਨਾਕਾਰੀਆਂ ਨੂੰ ਮੁਹੱਈਆਂ ਕਰਵਾ ਦਿੱਤੀ ਜਾਵੇਗੀ।

# ਇੰਜੀ. ਸਤਵਿੰਦਰ ਸੈਣੀ ਚੌਥੀ ਵਾਰ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਬਣੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਆੜ੍ਹਤੀ ਐਸੋਸੀਏਸ਼ਨ ਨਵੀਂ ਅਨਾਜ ਮੰਡੀ ਦੀ ਪ੍ਰਧਾਨਗੀ ਦੀ ਚੋਣ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਅਤੇ ਸਰਪ੍ਰਸਤ ਹਰਜੀਤ ਸਿੰਘ ਸ਼ੇਰੂ ਦੀ ਮੌਜੂਦਗੀ ਵਿਚ ਹੋਈ।ਇਸ 'ਚ ਇੰਜੀ: ਸਤਵਿੰਦਰ ਸਿੰਘ ਸੈਣੀ ਨੂੰ ਚੌਥੀ ਵਾਰ ਸਰਬਸੰਮਤੀ ਨਾਲ ਪ੍ਰਧਾਨ ਬਣਾਇਆ ਗਿਆ ਅਤੇ ਪ੍ਰਧਾਨ ਬਣਨ ਤੋਂ ਬਾਅਦ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਗੁਰਨਾਮ ਸਿੰਘ ਨੂੰ ਸਰਪ੍ਰਸਤ ਅਤੇ ਵਿਜੇ ਕੁਮਾਰ ਨੂੰ ਮੀਤ ਪ੍ਰਧਾਨ ਵੀ ਚੁਣਿਆ ਗਿਆ ਅਤੇ ਬਾਕੀ ਬਾਡੀ ਦਾ ਬਾਅਦ ਵਿਚ ਐਲਾਨ ਕਰਨ ਦਾ ਫੈਸਲਾ ਵੀ ਕੀਤਾ।

ਇਸ ਮੌਕੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਨੇ ਕਿਹਾ ਕਿ ਪ੍ਰਧਾਨ ਇੰਜੀ: ਸਤਵਿੰਦਰ ਸਿੰਘ ਸੈਣੀ ਨੇ ਆੜ੍ਹਤੀਆਂ ਦੇ ਹਿੱਤਾਂ 'ਤੇ ਠੋਕ ਕੇ ਪਹਿਰਾ ਦਿੱਤਾ ਹੈ।ਉਨ੍ਹਾਂ ਦੀ ਅਗਵਾਈ ਹੇਠ ਮੰਡੀ ਦੇ ਗੇਟ ਲੱਗੇ, ਲਾਈਟਾਂ ਲੱਗੀਆਂ ਅਤੇ ਰਹਿੰਦੇ ਫੜ ਨੂੰ ਪੱਕਾ ਕੀਤਾ ਗਿਆ, ਜਿਸ ਨਾਲ ਚੋਰੀਆਂ ਬੰਦ ਹੋ ਗਈਆਂ।ਉਨ੍ਹਾਂ ਇੰਜੀ: ਸੈਣੀ ਦੀ ਕਾਰਗੁਜਾਰੀ ਕਾਰਨ ਹੀ ਉਨ੍ਹਾਂ ਨੂੰ ਮੰਡੀ ਬੋਰਡ ਦੀ ਸਟੈਂਡਿੰਗ ਕਮੇਟੀ ਦਾ ਮੈਂਬਰ ਬਣਾਇਆ ਗਿਆ।ਜਿੱਥੇ ਉਨ੍ਹਾਂ ਆੜ੍ਹਤੀਆਂ ਦਾ ਪੱਖ ਰੱਖਿਆ ਅਤੇ ਬਾਅਦ 'ਚ ਹੀ ਆੜ੍ਹਤੀਆਂ ਦੇ ਲੇਬਰ ਰੇਟਾਂ ਵਿਚ ਵਾਧਾ ਕੀਤਾ ਗਿਆ ਹੈ।ਨਿਯੁਕਤੀ ਤੋਂ ਬਾਅਦ ਪ੍ਰਧਾਨ ਸੈਣੀ ਨੇ ਕਿਹਾ ਕਿ ਲਗਾਤਾਰ ਚੌਥੀ ਵਾਰ ਉਨ੍ਹਾਂ ਨੂੰ 2 ਸਾਲ ਲਈ ਪ੍ਰਧਾਨ ਬਣਾਇਆ ਗਿਆ ਹੈ। ਉਨ੍ਹਾਂ ਸਾਰੇ ਆੜ੍ਹਤੀ ਸਾਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਜਨਰਲ ਸਕੱਤਰ ਨਰੇਸ਼ ਮਿੱਤਲ ਭੋਲਾ, ਜਨਰਲ ਸਕੱਤਰ ਦੀਪਕ ਬਾਂਸਲ ਡਕਾਲਾ, ਅਸ਼ੋਕ ਕੁਮਾਰ ਮੋਢੀ, ਚਰਨ ਦਾਸ ਗੋਇਲ, ਖਰਦਮਨ ਰਾਏ ਗੁਪਤਾ, ਹਰਦੇਵ ਸਿੰਘ ਨੰਦਪੁਰਕੇਸ਼ੋ, ਗੁਰਨਾਮ ਸਿੰਘ ਲਚਕਾਣੀ, ਵਿਜੇ ਗਰਗ, ਦਰਬਾਰਾ ਸਿੰਘ ਜਾਹਲਾਂ, ਦਵਿੰਦਰ ਕੁਮਾਰ ਬੱਗਾ, ਪਰਮਜੀਤ ਸਿੰਘ ਮਿਰਜ਼ਾਪੁਰ, ਰਣਧੀਰ ਨਲੀਨਾ, ਵਿਸ਼ਵ ਗੋਇਲ ਕਾਕੂ, ਰਾਕੇਸ਼ ਸਿੰਗਲਾ, ਮਹੇਸ਼,ਕਰਮ ਚੰਦ ਬਾਂਸਲ, ਸੋਹਨ ਲਾਲ ਕਾਂਸਲ, ਸ਼ਿਵ ਮੰਦਿਰ ਕਮੇਟੀ ਦੇ ਚੇਅਰਮੈਨ ਕਮਲ ਗੋਇਲ, ਸ਼ਿਵ ਮੰਦਿਰ ਕਮੇਟੀ ਦੇ ਪ੍ਰਧਾਨ ਸੁਰੇਸ਼ ਬਾਂਸਲ ਡਕਾਲਾ, ਸੰਜੀਵਨ ਮਿੱਤਲ, ਮਾਧਵ ਸਿੰਗਲਾ, ਬਲਰਾਮ ਬਾਂਸਲ, ਕਰਨ ਬਾਂਸਲ, ਓਮ ਪ੍ਰਕਾਸ਼ ਟੌਹੜਾ, ਜਤਿੰਦਰ ਕੁਮਾਰ ਟੀਨੂੰ, ਤੀਰਥ ਬਾਂਸਲ, ਰਾਕੇਸ਼ਭਨਰਾ, ਰਾਜ ਕੁਮਾਰ ਜਿੰਦਲ, ਕੁਲਵਿੰਦਰ ਸਿੰਘ ਮਾਜਰੀਕਾਲੀਆਂ, ਗੁਰਵਿੰਦਰ ਸਿੰਘ ਕੌਰਜੀਵਾਲ, ਐੱਚ. ਐੱਸ. ਰਟੌਲ, ਨਾਹਰ ਸਿੰਬੜ ਆਦਿ ਵਿਸ਼ੇਸ਼ ਤੌਰ 'ਤੇ ਪਹੁੰਚੇ।

# ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦਾ ਜਨਰਲ ਅਜਲਾਸ

## ਹਰਚੰਦਪੁਰੀ ਪ੍ਰਧਾਨ ਤੇ ਡਾ. ਨਿਰਾਲਾ ਜਨਰਲ ਸਕੱਤਰ ਬਣੇ

ਲੁਧਿਆਣਾ (ਰੈਕਟਰ ਕਥੂਰੀਆ) ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਨਵੇਂ ਚੁਣੇ ਗਏ ਜਨਰਲ ਸਕੱਤਰ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸਭਾ ਦਾ ਜਨਰਲ ਅਜਲਾਸ ਵੱਡੀ ਪੱਧਰ 'ਤੇ ਲੇਖਕਾਂ ਦੀ ਹਾਜ਼ਰੀ ਵਿੱਚ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਇਆ, ਜਿਸ ਦੀ ਪ੍ਰਧਾਨਗੀ ਪ੍ਰੋ. ਪ੍ਰੇਮ ਤਿਵਾੜੀ ਡਿਪਟੀ ਜਨਰਲ ਸਕੱਤਰ, ਜਨਵਾਦੀ ਲੇਖਕ ਸੰਘ ਭਾਰਤ ਦੇ ਕੌਮੀ/ਸਾਹਿਤ ਰਤਨ ਸ੍ਰੀ ਓਮ ਪ੍ਰਕਾਸ਼ ਗਾਸੋ, ਪ੍ਰਗਤੀਸ਼ੀਲ ਲੇਖਕ ਸੰਘ ਭਾਰਤ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਡਾ. ਸਵਰਾਜ ਸਿੰਘ, ਪ੍ਰੋ. ਗੁਰਭਜਨ ਗਿੱਲ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸ੍ਰੀ ਦਰਸ਼ਨ ਬੁੱਟਰ ਤੇ ਸ੍ਰੀ ਪਵਨ ਹਰਚੰਦਪੁਰੀ ਨੇ ਕੀਤੀ।ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਵੱਲੋਂ ਦੋ ਕੰਮਾਂ ਦੀ ਰਿਪੋਰਟ ਪੇਸ਼ ਕੀਤੀ, ਜੋ ਸਰਬਸੰਮਤੀ ਨਾਲ ਪਾਸ ਕੀਤੀ ਗਈ।ਉਪਰੰਤ ਸ਼ਾਇਰ ਅਵਤਾਰਜੀਤ ਵੱਲੋਂ ਸੰਪਾਦਤ ਰਸਾਲਾ 'ਅੱਖਰ' ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤਾ ਗਿਆ।ਸਭਾ ਦੇ ਫ਼ੈਸਲੇ ਅਨੁਸਾਰ ਸਾਹਿਤ ਨਾਲ ਸਬੰਧਤ ਰਸਾਲਿਆਂ ਦੇ ਸੰਪਾਦਕਾਂ, ਲੋਕ ਗਾਇਕਾਂ, ਨਾਟ ਮੰਡਲੀਆਂ, ਕਵੀਸ਼ਰੀ ਜਥਿਆਂ, ਲੋਕ ਸੰਗੀਤ ਮੰਡਲੀਆਂ, ਢਾਡੀ ਜਥਿਆਂ ਦਾ ਦੋਸ਼ਾਲਾ ਤੇ ਮਾਣ ਪੱਤਰ ਦੇ ਕੇ ਸਨਮਾਨ ਕੀਤਾ ਗਿਆ।ਸ੍ਰੀ ਜਗਦੀਸ਼ ਰਾਣੇ ਕੁਲਰੀਆਂ ਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ ਅਨੁਵਾਦ ਪੁਰਸਕਾਰ ਮਿਲਣ ਤੇ ਡਾ. ਸੁਖਵਿੰਦਰ ਰਿਸ਼ੀ ਨੂੰ ਨਿਰਦੇਸ਼ਕ ਯੁਵਕ ਸੇਵਾਵਾਂ ਪੰਜਾਬ ਯੂਨੀਵਰਸਿਟੀ ਬਣਨ 'ਤੇ, ਬਾਜ ਸਿੰਘ ਮਹਿਲੀਆਂ ਨੂੰ ਸ੍ਰਬ ਪੱਧਰ 'ਤੇ ਸਨਮਾਨ ਮਿਲਣ 'ਤੇ ਸਨਮਾਨਤ ਕੀਤਾ ਗਿਆ।ਡਾ. ਸੰਪਾਲ ਹੀਰਾ, ਡਾ. ਕੰਵਲ ਢਿੱਲੋਂ, ਮੋਹੀ ਅਮਰਜੀਤ ਨੂੰ ਨਾਟਕ ਖੇਤਰ ਵਿੱਚ ਸ਼ਲਾਘਾਯੋਗ ਕਾਰਜ ਕਰਨ ਹਿਤ ਤੇ ਸ਼੍ਰੋਮਣੀ ਲੋਕ ਗਾਇਕ ਪਾਲੀ ਦੇਤਵਾਲੀਆ ਨੂੰ ਸਾਫ਼ ਸੁਥਰੀ ਗਾਇਕੀ ਲਈ ਸਨਮਾਨਤ ਕੀਤਾ ਗਿਆ।ਅਗਲੇ ਤਿੰਨ ਸਾਲ ਲਈ ਪਵਨ ਹਰਚੰਦਪੁਰੀ ਦੁਬਾਰਾ ਪ੍ਰਧਾਨ, ਡਾ. ਜੋਗਿੰਦਰ ਸਿੰਘ ਨਿਰਲਾ ਜਨਰਲ ਸਕੱਤਰ, ਪ੍ਰੋ. ਸੰਧੂ ਵਰਿਆਣਵੀ, ਡਾ. ਗੁਰਚਰਨ ਕੌਰ ਕੋਚਰ ਅਤੇ ਇਕਬਾਲ ਘਾਰੂ ਸੀਨੀਅਰ ਮੀਤ ਪ੍ਰਧਾਨ, ਡਾ. ਭਗਵੰਤ ਸਿੰਘ, ਭੁਪਿੰਦਰ ਸੰਧੂ, ਡਾ. ਸੁਰਜੀਤ ਬਰਾੜ, ਜਗਦੀਸ਼ ਰਾਣਾ, ਲਖਵਿੰਦਰ ਬਾਜਵਾ, ਡਾ. ਸੁਦਰਸ਼ਨ ਗਾਸੋ, ਡਾ. ਗੁਰਚਰਨ ਸਿੰਘ ਨੂਰਪੁਰ, ਸੁਰਿੰਦਰ ਪਾਲ ਕੌਰ ਰਸੀਆ, ਡਾ. ਦਰਸ਼ਨ ਸਿੰਘ ਆਸ਼ਟ, ਡਾ. ਮੋਹਨ ਸਿੰਘ ਅਤੇ ਜਗਰਾਜ ਧੌਲਾ ਮੀਤ ਪ੍ਰਧਾਨ, ਕੇ. ਸਾਧੂ ਸਿੰਘ, ਡਾ. ਨਾਇਬ ਸਿੰਘ ਮੰਡੇਰ, ਸਰਬਜੀਤ ਸਿੰਘ ਢੁੱਡੀਕੇ, ਲਾਲ ਮਿਸਤਰੀ, ਦਰਸ਼ਨ ਸਿੰਘ ਪ੍ਰੀਤੀਮਾਨ, ਡਾ. ਵੀਰਪਾਲ ਕੌਰ ਕਮਲ, ਡਾ. ਦਵਿੰਦਰ ਬੀਬੀਪੁਰ, ਡਾ. ਗੁਰਵਿੰਦਰ ਅਮਨ, ਭੁਪਿੰਦਰ ਪੰਨੀਵਾਲੀਆ, ਅਮਰੀਕ ਸਿੰਘ ਤਲਵੰਡੀ ਤੇ ਜਤਿੰਦਰ ਸਿੰਘ ਬਰਾੜ, ਡਾ. ਅਮਨ ਦੀਪ ਸਿੰਘ ਟੱਲੇਵਾਲੀਆ, ਸੁਖਦੇਵ ਔਲਖ, ਕਰਮ ਸਿੰਘ ਜ਼ਖ਼ਮੀ, ਬਸ਼ਬੀਰ ਕੌਰ ਰਾਏਕੋਟੀ, ਚੇਤਨ ਪਟਿਆਲਵੀ, ਸੁਰਿੰਦਰ ਸ਼ਰਮਾ ਨਾਗਰਾ, ਬਲਵਿੰਦਰ ਸਿੰਘ ਸੰਧੂ, ਡਾ. ਕੰਵਲ ਭੱਲਾ, ਤਰਲੋਚਨ ਨੀਰ, ਰਤਨ ਸਿੰਘ ਪੱਡਾ, ਨਕਾਸ਼ ਚਿੱਤੇਵਾਣੀ ਤੇ ਜਸਵਿੰਦਰ ਸਿੰਘ ਜੱਸੀ ਸੰਯੁਕਤ ਸਕੱਤਰ ਚੁਣੇ ਗਏ।ਚੋਣ ਪ੍ਰਕ੍ਰਿਆ ਪ੍ਰੋ. ਰਵਿੰਦਰ ਸਿੰਘ ਭੱਠਲ ਤੇ ਡਾ. ਗੁਰਇਕਬਾਲ ਸਿੰਘ ਵੱਲੋਂ ਕੀਤੀ ਗਈ।

ਅਜਲਾਸ ਦੇ ਅਖ਼ੀਰ 'ਚ ਸਭਾ ਦੇ ਪ੍ਰਧਾਨ ਸ੍ਰੀ ਪਵਨ ਹਰਚੰਦਪੁਰੀ ਨੇ ਨਵੀਆਂ ਤਰਜੀਹਾਂ ਦੱਸਦਿਆਂ ਸਭ ਨੂੰ ਧੰਨਵਾਦੀ ਸ਼ਬਦ ਕਹੇ।ਮੰਚ ਸੰਚਾਲਨ ਪ੍ਰੋ. ਸੰਧੂ ਵਰਿਆਣਵੀ ਤੇ ਜਗਦੀਸ਼ ਰਾਣਾ ਨੇ ਬਾਖ਼ੂਬੀ ਨਿਭਾਇਆ।

# ਸਾਹਿਤ ਸਭਾ ਭੈਣੀ ਸਾਹਿਬ ਦੀ ਮੀਟਿੰਗ 'ਚ ਸਾਹਿਤ ਵਿਧਾਵਾਂ 'ਤੇ ਚਰਚਾ



ਸਮਰਾਲਾ (ਸੁਰਜੀਤ ਸਿੰਘ)-ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੀ ਮਾਸਿਕ ਮੀਟਿੰਗ ਹਰਬੰਸ ਸਿੰਘ ਰਾਏ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਰਚਨਾਵਾਂ ਦੇ ਦੌਰ ਤੋਂ ਇਲਾਵਾ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ 'ਤੇ ਗੰਭੀਰ ਚਰਚਾ ਕੀਤੀ ਗਈ।ਇਸ ਮੌਕੇ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਕਿਹਾ ਕਿ ਸਾਹਿਤ ਦੀ ਕੋਈ ਵੀ ਵਿਧਾ ਹੋਵੇ, ਉਸ ਉੱਤੇ ਲਿਖਣ ਲਈ ਇੱਕ ਕਠੋਰ ਸਾਧਨਾ ਦੀ ਲੋੜ ਹੁੰਦੀ ਹੈ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸੁਨਿਆਰ ਦੀ ਠੁਠਾਲੀ ਵਿੱਚੋਂ ਤਪ ਕੇ ਸੋਨਾ ਖਰਾ ਹੋ ਜਾਂਦਾ ਹੈ, ਉਸੇ ਤਰ੍ਹਾਂ ਸਖ਼ਤ ਮਿਹਨਤ ਤੇ ਸਾਧਨਾ ਤੋਂ ਬਾਅਦ ਪੈਦਾ ਹੋਈ ਰਚਨਾ ਆਪਣਾ ਇੱਕ ਸਥਾਈ ਮੁਕਾਮ ਬਣਾ ਲੈਂਦੀ ਹੈ।ਉਨ੍ਹਾਂ ਕਿਹਾ ਕਿ ਲੇਖਕ ਨੂੰ ਲਿਖਣ ਤੋਂ ਪਹਿਲਾਂ ਸਾਹਿਤ ਨੂੰ ਪੜ੍ਹਨਾ ਬਹੁਤ ਲਾਜ਼ਮੀ ਹੈ।ਸਾਹਿਤਕਾਰ ਨੂੰ ਸਾਹਿਤ ਦੀ ਹਰ ਵਿਧਾ ਦਾ ਗਿਆਨ ਹੋਣਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ, ਜਿਸ ਵਿੱਚੋਂ ਸਮੁੱਚੇ ਸਮਾਜ ਦੀ ਹਕੀਕਤ ਲੋਕਾਂ ਸਾਹਮਣੇ ਆਉਂਦੀ ਹੈ।ਲੇਖਕ ਸਮਾਜ ਦਾ ਰਾਹ ਦਸੇਰਾ ਹੁੰਦਾ ਹੈ, ਜੋ ਸਮੇਂ ਦੇ ਹਾਣ ਦਾ ਹੋ ਕੇ ਨਵੀਂ ਦਿਸ਼ਾ ਦੇਣ ਵਿਚ ਸਮਰੱਥ ਹੁੰਦਾ ਹੈ।ਇਸ ਤੋਂ ਪਹਿਲਾਂ ਮੀਟਿੰਗ ਵਿੱਚ ਉੱਘੇ ਗੀਤਕਾਰ ਅਵਤਾਰ ਸਿੰਘ ਉਟਾਲਾਂ, ਮਾਛੀਵਾੜਾ ਸਾਹਿਤ ਸਭਾ ਦੇ ਸਾਬਕਾ ਪ੍ਰਧਾਨ ਟੀ ਲੋਚਨ, ਮਾਲਵਿੰਦਰ ਸ਼ਾਇਰ, ਪੰਜਾਬੀ ਲਿਖਾਰੀ ਸਭਾ ਮੰਡੀ ਗੋਬਿੰਦਗੜ੍ਹ ਦੇ ਸਾਬਕਾ ਪ੍ਰਧਾਨ ਅਨੂਪ ਸਿੰਘ ਖਾਨਪੁਰੀ ਦੇ ਸਦੀਵੀ ਵਿਛੋੜੇ 'ਤੇ ਸਭਾ ਵੱਲੋਂ ਸ਼ੋਕ ਮਤਾ ਪਾਇਆ ਗਿਆ।

ਹਾਜ਼ਰ ਸ਼ਾਇਰਾਂ ਵਿੱਚ ਉੱਘੇ ਪੱਤਰਕਾਰ ਤੇ ਲੇਖਕ ਬਲਬੀਰ ਸਿੰਘ ਬੱਬੀ, ਗੀਤਕਾਰ ਕਰਨੈਲ ਸਿੰਘ ਸਿਵੀਆ, ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਲੁਧਿਆਣਾ ਦੇ ਜਨਰਲ ਸਕੱਤਰ ਜਸਵੀਰ ਸਿੰਘ ਝੱਜ, ਹਰਬੰਸ ਸਿੰਘ ਸ਼ਾਨ ਬਗਲੀ ਕਲਾਂ, ਕਰਮਜੀਤ ਸਿੰਘ ਅਜ਼ਾਦ, ਹਰਪ੍ਰੀਤ ਸਿੰਘ, ਚਮਕੌਰ ਸਿੰਘ ਮਕਸੂਦੜਾ, ਜਗਦੇਵ ਮਕਸੂਦੜਾ, ਜਗਵੀਰ ਸਿੰਘ ਵਿੱਕੀ, ਲਖਵੀਰ ਸਿੰਘ ਲੱਭਾ, ਹਰਬੰਸ ਸਿੰਘ ਰਾਏ, ਬਲਵੰਤ ਸਿੰਘ ਵਿਰਕ, ਮਨਜੀਤ ਸਿੰਘ ਰਾਗੀ, ਰਜਿੰਦਰ ਕੌਰ ਪੰਨੂ ਆਦਿ ਨੇ ਰਚਨਾਵਾਂ ਸਾਂਝੀਆਂ ਕੀਤੀਆਂ।ਮੀਟਿੰਗ ਦੀ ਕਾਰਵਾਈ ਨੂੰ ਜਗਵੀਰ ਸਿੰਘ ਵਿੱਕੀ ਨੇ ਬਹੁਤ ਹੀ ਸੁਚਾਰੂ ਢੰਗ ਨਾਲ ਚਲਾਇਆ ਤੇ ਹਰਬੰਸ ਸਿੰਘ ਰਾਏ ਨੇ ਹਾਜ਼ਰ ਸ਼ਾਇਰਾਂ ਦਾ ਧੰਨਵਾਦ ਕੀਤਾ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦਾਂ ਨੂੰ ਸਹਾਇਤਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੁਜਾ)-ਡਾਕਟਰ ਐਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 19 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਉਨ੍ਹੀ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੁੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਮਰੀਜ਼ ਵੱਖ ਵੱਖ ਬਿਮਾਰੀਆਂ ਤੋਂ ਪੀੜਤ ਹਨ, ਕੰਮ ਕਰਨ ਤੋਂ ਅਸਮਰਥ ਹਨ ਅਤੇ ਦਵਾਈਆਂ ਖਰੀਦਣ ਤੋਂ ਵੀ ਅਸਮਰੱਥ।ਅਜਿਹੀ ਸਥਿਤੀ ਵਿਚ ਇਨ੍ਹਾਂ ਲੋੜਵੰਦ ਮਰੀਜ਼ਾਂ ਦੇ ਕੇਸ ਡਾਕਟਰ ਐਸ ਪੀ ਸਿੰਘ ਓਬਰਾਏ ਨੂੰ ਭੇਜੇ ਜਾਂਦੇ ਹਨ ਅਤੇ ਉਨ੍ਹਾਂ ਵੱਲੋਂ ਤੁਰੰਤ ਹੀ ਡਾਕਟਰ ਦੀ ਪਰਚੀ ਅਨੁਸਾਰ ਦਵਾਈਆਂ ਖਰੀਦਣ ਲਈ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਨਿਰੋਗ ਜੀਵਨ ਜਿਊਣ ਦੇ ਸਮਰੱਥ ਹੋ ਰਹੇ ਹਾਂ।ਇਸ ਮੌਕੇ ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਜੀਤ ਸਿੰਘ ਮਾਨ ਰਿਟਾ ਪ੍ਰਿੰਸੀਪਲ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

# ਵੋਟ ਚੋਰੀ ਦੇ ਦੋਸ਼ਾਂ ਨੂੰ ਲੈ ਕੇ ਕਾਂਗਰਸ ਵੱਲੋਂ ਫ਼ਿਰੋਜ਼ਪੁਰ 'ਚ ਪ੍ਰਦਰਸ਼ਨ

## ਮੋਦੀ ਤੇ ਮੁੱਖ ਚੋਣ ਅਫ਼ਸਰ ਦੇ ਫੂਕੇ ਪੁਤਲੇ



ਫਿਰੋਜ਼ਪੁਰ (ਅਸ਼ੋਕ ਸ਼ਰਮਾ) ਜ਼ਿਲ੍ਹਾ ਕਾਂਗਰਸ ਕਮੇਟੀ ਫ਼ਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਦੀ ਅਗਵਾਈ ਹੇਠ ਚੋਣ ਪ੍ਰਕਿਰਿਆ ਵਿੱਚ ਕਥਿਤ ਧਾਂਦਲੀਆਂ ਤੇ ਵੋਟ ਚੋਰੀ ਦੇ ਦੋਸ਼ਾਂ ਨੂੰ ਲੈ ਕੇ ਦਫ਼ਤਰ ਦੇ ਬਾਹਰ ਜ਼ੋਰਦਾਰ ਧਰਨਾ ਦਿੱਤਾ ਗਿਆ। ਇਸ ਵਿਸ਼ੇਸ਼ ਰੋਸ ਪ੍ਰਦਰਸ਼ਨ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਜ਼ਿਲ੍ਹੇ ਦੇ ਚਾਰੇ ਵਿਧਾਨ ਸਭਾ ਹਲਕਿਆਂ ਤੋਂ ਬਹੁਤ ਵੱਡੀ ਗਿਣਤੀ ਵਿੱਚ ਕਾਂਗਰਸੀ ਅਹੁਦੇਦਾਰਾਂ ਤੇ ਵਰਕਰਾਂ ਨੇ ਧਰਨੇ ਵਿੱਚ ਸ਼ਿਰਕਤ ਕੀਤੀ। ਧਰਨੇ ਤੋਂ ਬਾਅਦ ਕਾਂਗਰਸੀ ਨੇਤਾਵਾਂ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਤੋਂ ਪਾਇਲਟ ਚੌਕ ਤੱਕ ਰੋਸ ਮਾਰਚ ਕੱਢਿਆ ਗਿਆ ਤੇ ਮੁੱਖ ਚੋਣ ਅਫ਼ਸਰ ਗਿਆਨੇਸ਼ ਕੁਮਾਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕ ਕੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਕਾਂਗਰਸ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਚੋਣ ਕਮਿਸ਼ਨ 'ਤੇ ਵੋਟ ਚੋਰੀ ਦੇ ਗੰਭੀਰ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਜਨਤਾ ਦੀ ਵੋਟ ਹੀ ਸਭ ਤੋਂ ਵੱਡਾ ਅਧਿਕਾਰ ਹੈ ਤੇ ਇਸ ਅਧਿਕਾਰ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਮੰਗ ਕੀਤੀ ਕਿ ਜਿਨ੍ਹਾਂ ਖੇਤਰਾਂ ਵਿੱਚ ਵੋਟਾਂ ਨੂੰ ਲੈ ਕੇ ਸਵਾਲ ਉੱਠੇ ਹਨ, ਉੱਥੇ ਐੱਸ.ਆਈ.ਆਰ. ਦੀ ਪ੍ਰਕਿਰਿਆ ਦੁਬਾਰਾ ਕਰਵਾਈ ਜਾਵੇ, ਤਾਂ ਜੋ ਵੋਟਰ ਸੂਚੀਆਂ ਦੀ ਨਿਰਪੱਖ ਜਾਂਚ ਹੋ ਸਕੇ ਤੇ ਕਿਸੇ ਵੀ ਯੋਗ ਵੋਟਰ ਦਾ ਨਾਂ ਲਿਸਟ ਵਿੱਚੋਂ ਨਾ ਕੱਟਿਆ ਜਾਵੇ। ਇਸ ਦੌਰਾਨ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਪੰਜਾਬ ਦੀ ਕਾਨੂੰਨ-ਵਿਵਸਥਾ ਤੇ ਗੈਂਗਵਾਰ ਦੇ ਮੁੱਦੇ 'ਤੇ ਸੂਬਾ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾਂ ਪੰਜਾਬ ਸਰਕਾਰ 'ਤੇ ਸਰਕਾਰੀ ਸਾਧਨਾਂ ਦੀ ਦੁਰਵਰਤੋਂ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਆਮ ਲੋਕਾਂ ਨੂੰ ਹਸਪਤਾਲਾਂ ਤੇ ਬੁਨਿਆਦੀ ਸਹੂਲਤਾਂ ਲਈ ਖੱਜਲ-ਖੁਆਰ ਹੋਣਾ ਪੈ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਪੰਜਾਬ ਦੇ ਲੋਕਾਂ ਦੇ ਅਧਿਕਾਰਾਂ ਤੇ ਲੋਕਤੰਤਰੀ ਸੰਸਥਾਵਾਂ ਦੀ ਰੱਖਿਆ ਲਈ ਆਪਣਾ ਸੰਘਰਸ਼ ਲਗਾਤਾਰ ਜਾਰੀ ਰੱਖੇਗੀ। ਇਸ ਮੌਕੇ ਸੁਖਵਿੰਦਰ ਅਟਾਰੀ, ਤਿਲਕ ਰਾਜ, ਰਾਜ ਆੜ੍ਹਤੀਆ, ਗੋਂਗੀ ਪਿਆਰੇਆਣਾ, ਰਜਨੀਸ਼ ਗੋਇਲ, ਗੁਰਪ੍ਰੀਤ ਓਲਖ, ਸਤਨਾਮ ਸਿੰਘ ਢਿੱਲੋਂ ਸਮੇਤ ਬਹੁਤ ਸਾਰੇ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

# ਪਰਿੰਦਿਆਂ ਦਾ ਫਿਕਰ ਕਰਨ ਵਾਲਾ ਲੇਖਕ ਬਿੱਟੂ ਲਹਿਰੀ ਫਾਨੀ ਸੰਸਾਰ ਤੋਂ ਹੋਇਆ ਰੁਖ਼ਸਤ



ਜ਼ੀਰਾ (ਨਰਿੰਦਰ ਅਨੇਜਾ)-ਬਹੁਤ ਹੀ ਵਿਲੱਖਣ ਲਿਖਤਾਂ ਲਿਖਣ ਵਾਲੇ, ਵਾਤਾਵਰਨ ਤੇ ਪੰਛੀ ਪ੍ਰੇਮੀ ਬਿੱਟੂ ਲਹਿਰੀ ਦੀ ਪਿਛਲੇ ਦਿਨੀਂ ਲਿਵਰ ਦੇ ਕੈਂਸਰ ਦੀ ਭਿਆਨਕ ਬਿਮਾਰੀ ਨਾਲ ਜੂਝਦਾ ਹੋਇਆ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬੀ ਦੇ ਪ੍ਰਸਿੱਧ ਲੇਖਕ ਗੁਰਚਰਨ ਸਿੰਘ ਨੂਰਪੁਰ, ਨਿਰਮਲ ਸਿੰਘ ਪੰਜਾਬੀ ਸੱਥ ਲਾਂਬੜਾ, ਮੋਤਾ ਸਿੰਘ ਸਰਾਏ, ਸਾਹਿਤ ਸਭਾ ਜ਼ੀਰਾ ਦੇ ਪ੍ਰਧਾਨ ਦਲਜੀਤ ਰਾਏ ਕਾਲੀਆ, ਨਾਮਵਰ ਕਵੀ ਅਸ਼ੋਕ ਆਰਜ਼ੂ ,ਪਰਮਜੀਤ ਬਰਾੜ, ਦਲਜੀਤ ਸਿੰਘ ਨੂਰਪੁਰ, ਅਤੇ ਲੈਕਚਰਾਰ ਨਰਿੰਦਰ ਸਿੰਘ ਨੇ ਦੱਸਿਆ ਕਿ ਬਿੱਟੂ ਲਹਿਰੀ ਇਕ ਬਹੁਤ ਹੀ ਜ਼ਹੀਨ ਕਿਸਮ ਦਾ ਲੇਖਕ ਸਾਹਿਤਕਾਰ ਸੀ, ਜਿਸ ਦਾ ਲਿਖਿਆ ਕਿੱਸਾ 'ਜੱਲੇ ਦਾ ਛੱਲਾ' ਬੇਹੱਦ ਮਕਬੂਲ ਹੋਇਆ।ਉਸ ਦੀ ਇਸ ਲਿਖਤ 'ਤੇ 'ਜੱਲੇ ਦਾ ਛੱਲਾ' ਪੰਜਾਬੀ ਫਿਲਮ ਵੀ ਬਣੀ।ਉਸ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਚਾਰ ਕਿਤਾਬਾਂ ਪਾਈਆਂ, ਜਿਨ੍ਹਾਂ ਵਿੱਚ 'ਜੱਲੇ ਦਾ ਛੱਲਾ' ਤੇ 'ਸਿੱਲੀਆਂ ਹਵਾਵਾਂ' ਉਨ੍ਹਾਂ ਦੀਆਂ ਬਹੁ-ਚਰਚਿਤ ਕਿਤਾਬਾਂ ਹਨ।ਉਸ ਦੇ ਗੀਤਾਂ ਨੂੰ ਪੰਜਾਬੀ ਦੇ ਨਾਮਵਰ ਗਾਇਕ ਸੁਰਿੰਦਰ ਸ਼ਿੰਦਾ ਤੋਂ ਇਲਾਵਾ ਕਈ ਹੋਰ ਗਾਇਕਾਂ ਨੇ ਵੀ ਆਵਾਜ਼ ਦਿੱਤੀ।ਬਿੱਟੂ ਲਹਿਰੀ, ਜਿਸ ਦਾ ਅਸਲ ਨਾਮ ਦਰਸ਼ਨ ਲਾਲ ਸੀ, ਜੰਡ ਵਾਲਾ ਭੀਮੇ ਸ਼ਾਹ ਜ਼ਿਲ੍ਹਾ ਫਾਜ਼ਿਲਕਾ ਦਾ ਜੰਮਪਲ ਸੀ ਤੇ ਇਸ ਸਮੇਂ ਉਹ ਆਪਣੀ ਪਤਨੀ ਨੀਤੂ ਬਾਲਾ ਤੇ ਇਕਲੌਤੀ ਬੇਟੀ ਸਾਰਿਤਾ ਕੰਬੋਜ ਨਾਲ ਪਿੰਡ ਲੱਖੋਵਾਲੀ ਜ਼ਿਲ੍ਹਾ ਮੁਕਤਸਰ ਵਿਖੇ ਰਹਿ ਰਿਹਾ ਸੀ।ਬਿੱਟੂ ਲਹਿਰੀ ਦੀ ਵਧੀਆ ਲੇਖਣੀ ਤੇ ਮਾਨਵਵਾਦੀ ਸੋਚ ਕਾਰਨ ਉਸ ਨੂੰ ਬਹੁਤ ਸਾਰੇ ਮਾਣ ਸਨਮਾਨ ਮਿਲੇ।ਬਿੱਟੂ ਲਹਿਰੀ ਦਾ ਬੇਵਕਤ ਚਲੇ ਜਾਣਾ ਜਿੱਥੇ ਪਰਵਾਰ ਲਈ ਬਹੁਤ ਵੱਡੇ ਘਾਟੇ ਵਾਲੀ ਗੱਲ ਹੈ, ਉਥੇ ਪੰਜਾਬੀ ਸਾਹਿਤ ਜਗਤ ਨੂੰ ਵੀ ਉਸ ਦੇ ਜਾਣ ਨਾਲ ਵੱਡਾ ਘਾਟਾ ਪਿਆ ਹੈ।ਇਸ ਮੌਕੇ ਹਰਚਰਨ ਚੋਹਲਾ, ਮੁਖਤਿਆਰ ਸਿੰਘ ਬਰਾੜ, ਹਰੀਦਾਸ ਚੌਹਾਨ, ਸੁਖਰਾਜ ਜੀਰਾ, ਰੱਬੀ ਸ਼ਾਇਰ, ਹੀਰਾ ਲਾਲ ਮਰਖਾਈ, ਪ੍ਰਿਤਪਾਲ ਸਿੰਘ ਮੇਹਰ ਸਿੰਘ ਵਾਲਾ, ਜੀਵਨ ਸਿੰਘ ਹਾਨੀ, ਹਰਭਿੰਦਰ ਸਿੰਘ ਪ੍ਰਧਾਨ ਲਿਖਾਰੀ ਸਭਾ ਪੀਰ ਮੁਹੰਮਦ, ਗੁਰਮੀਤ ਸਿੰਘ ਭੁੱਲਰ, ਗੁਰਮੁਖ ਸਿੰਘ ਪੰਜਾਬ ਲੈਬ, ਜਰਨੈਲ ਸਿੰਘ ਭੁੱਲਰ ਪ੍ਰਧਾਨ ਪ੍ਰਕਿਰਤੀ ਕਲੱਬ ਜ਼ੀਰਾ, ਕਾਲਾ ਬੇਰੀ ਵਾਲਾ, ਬਲਜੀਤ ਬਾਦਸ਼ਾਹ ਆਦਿ ਸਾਹਿਤਕਾਰਾਂ ਨੇ ਬਿੱਟੂ ਲਹਿਰੀ ਦੇ ਉਮਰ ਦੀ ਵਾਟ ਨੂੰ ਅਧਵਾਟੇ ਛੱਡ ਕੇ ਤੁਰ ਜਾਣ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ।

# ਮਾਡਰਨ ਕਾਲਜ ਬੀਰ ਕਲਾਂ ਦਾ ਨਤੀਜਾ ਸ਼ਾਨਦਾਰ ਰਿਹਾ



ਚੀਮਾ ਮੰਡੀ (ਰਵਿੰਦਰ ਚੀਮਾ)-ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ ਸੀ ਏ ਭਾਗ ਤੀਜਾ ਸਮੈਸਟਰ ਪੰਜਵਾਂ ਦੇ ਨਤੀਜਿਆ ਵਿੱਚੋਂ ਮਾਡਰਨ ਕਾਲਜ ਬੀਰ ਕਲਾਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਹਾਸਲ ਕਰਕੇ ਕਾਲਜ ਦਾ ਨਾਮ ਰੋਸ਼ਨ ਕੀਤਾ ।ਪ੍ਰੋ ਪ੍ਰਿਤਪਾਲ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀ ਰੁਪਿੰਦਰ ਸ਼ਰਮਾਂ ਨੇ 700 ਵਿੱਚੋਂ 541ਅੰਕ ਹਾਸਲ ਕਰਕੇ ਪਹਿਲਾ ਸਥਾਨ, ਤਾਨੀਸ਼ ਨੇ 531 ਅੰਕਾਂ ਨਾਲ ਦੂਜਾ ਸਥਾਨ, ਲਵਪ੍ਰੀਤ ਕੌਰ ਨੇ 529 ਅੰਕਾਂ ਨਾਲ ਤੀਜਾ ਸਥਾਨ, ਸੁਖਪ੍ਰੀਤ ਕੌਰ 526 ਅੰਕਾਂ ਨਾਲ ਚੌਥਾ ਸਥਾਨ ਤੇ ਹਰਪ੍ਰੀਤ ਕੌਰ ਨੇ 524 ਅੰਕਾਂ ਨਾਲ ਪੰਜਵਾਂ ਸਥਾਨ ਅਤੇ ਜਸ਼ਨਦੀਪ ਸਿੰਘ 523 ਅੰਕਾਂ ਛੇਵਾਂ ਸਥਾਨ ਹਾਸਿਲ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਅਤੇ ਪ੍ਰਿੰਸੀਪਲ ਡਾ. ਵੀ ਕੇ ਰਾਏ ਵੱਲੋਂ ਇਹਨਾ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ ਅਤੇ ਇਸ ਸ਼ਾਨਦਾਰ ਪ੍ਰਾਪਤੀ ਲਈ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਧਾਈ ਵੀ ਦਿੱਤੀ।

# ਸਾਥੀ ਹਰਬੰਸ ਸਿੰਘ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਇਜ਼ਹਾਰ

ਲੁਧਿਆਣਾ (ਐੱਮ ਐੱਸ ਭਾਟੀਆ)-ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਲੁਧਿਆਣਾ ਵੱਲੋਂ ਕੈਨੇਡਾ ਤੋਂ ਛਪਦੇ ਮਾਸਿਕ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ, ਸਾਬਕਾ ਵਿਦਿਆਰਥੀ ਤੇ ਨੌਜਵਾਨ ਆਗੂ ਤੇ ਪਿਛਲੇ ਦਹਾਕਿਆਂ ਤੋਂ ਕੈਨੇਡਾ ਵਿੱਚ ਸਰਗਰਮ ਲੋਕ ਪੱਖੀ ਸ਼ਖ਼ਸੀਅਤ ਸਾਥੀ ਹਰਬੰਸ ਸਿੰਘ ਦੇ ਅੱਜ ਹੋਏ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ।ਜਥੇਬੰਦੀਆਂ ਦੇ ਆਗੂਆਂ ਪ੍ਰੋ. ਜਗਮੋਹਨ ਸਿੰਘ, ਜਸਵੰਤ ਜ਼ੀਰਖ, ਡਾ. ਹਰਬੰਸ ਗਰੇਵਾਲ, ਡਾ. ਦਰਸ਼ਨ ਖੇੜੀ, ਬਲਵਿੰਦਰ ਸਿੰਘ, ਸਤੀਸ਼ ਸੱਚਦੇਵਾ ਨੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਅਦਾਰਾ ਸਰੋਕਾਰਾਂ ਦੀ ਆਵਾਜ਼ ਭਾਰਤ ਦੇ ਦੱਬੇ ਕੁਚਲੇ ਮਿਹਨਤਕਸ਼ ਲੋਕਾਂ, ਧਾਰਮਿਕ ਘੱਟਗਿਣਤੀਆਂ, ਦਲਿਤਾਂ ਦੇ ਸੰਘਰਸ਼ਾਂ, ਵਿਗਿਆਨਕ ਵਿਚਾਰਾਂ ਦੇ ਹੱਕ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਆ ਰਿਹਾ ਹੈ।ਖ਼ਾਸ ਕਰਕੇ ਰਾਜ ਵੱਲੋਂ ਕੀਤੇ ਜਾ ਰਹੇ ਜਬਰ ਵਿਰੁੱਧ ਆਵਾਜ਼ ਉਠਾਉਣ ਵਿਚ ਬਹੁਤ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ।ਇਹ ਸਾਥੀ ਹਰਬੰਸ ਦੇ ਪ੍ਰਪੱਕ ਇਨਕਲਾਬੀ ਜਮਹੂਰੀ ਨਜ਼ਰੀਏ ਤੇ ਫਰਾਖ਼ਦਿਲ ਸੋਚ ਕਾਰਨ ਹੀ ਸੰਭਵ ਹੋ ਸਕਿਆ।ਉਸ ਦੀ ਯਾਦ ਹਮੇਸ਼ਾ ਸਾਡੇ ਚੇਤਿਆਂ ਵਿੱਚ ਰਹੇਗੀ।ਉਸ ਦੇ ਬੇਵਕਤੀ ਵਿਛੋੜੇ ਨਾਲ ਅਗਾਂਹਵਧੂ ਹਲਕਿਆਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ।


## ☛ ਰੇਲਯਾਤਰੀ ਕਿਰਪਾ ਧਿਆਨ ਦੇਣ! ☚

## ਮਹੱਤਵਪੂਰਨ ਜਾਣਕਾਰੀ

### ਪੂਜਾ ਤਿਉਹਾਰ ਵਿਸ਼ੇਸ਼ ਰੇਲਗੱਡੀਆਂ-2026 ਵਿਚ ਵਾਧਾ

ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਪਹਿਲਾਂ ਐਲਾਨ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦੇ ਨਾਲ-ਨਾਲ ਰੇਲਵੇ ਦੁਆਰਾ ਹੇਠਾਂ ਲਿਖਤ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਵੀ ਹੇਠਾਂ ਦਿਤੇ ਗਏ ਟਾਈਮ-ਟੇਬਲ ਦੇ ਅਨੁਸਾਰ ਸੰਚਾਲਿਤ ਕੀਤੀਆਂ ਜਾਣਗੀਆਂ:-

**ਰੇਲਗੱਡੀ ਨੰਬਰ 05005/05006 ਬੜਨੀ-ਜਲੰਧਰ ਸ਼ਹਿਰ - ਬੜਨੀ ਅਣਰੀਜ਼ਰਵ ਵਿਸ਼ੇਸ਼ ਰੇਲਗੱਡੀ (ਹਫਤਾਵਾਰੀ) — 16 ਫੇਰੇ**

| ਰੇਲਗੱਡੀ ਨੰ. 05005 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 05006 ਪਹੁੰਚ | ਰਵਾਨਗੀ |
|---|---|---|---|---|
| -- | 15:10 | ਬੜਨੀ | 04:45 | -- |
| 08:30 | -- | ਜਲੰਧਰ ਸ਼ਹਿਰ | -- | 10:50 |

ਚੱਲਣ ਦੇ ਦਿਨ: 05005 ਬੜਨੀ ਤੋਂ ਹਰੇਕ ਬੁਧਵਾਰ ਨੂੰ ਮਿਤੀ 07.10.2026 ਤੋਂ 25.11.2026 ਤਕ ਅਤੇ 05006 ਜਲੰਧਰ ਸ਼ਹਿਰ ਤੋਂ ਹਰੇਕ ਵੀਰਵਾਰ ਨੂੰ ਮਿਤੀ 08.10.2026 ਤੋਂ 26.11.2026 ਤਕ।
ਸਥਾਨ: ਸਲੀਪਰ ਅਤੇ ਜਨਰਲ।
ਠਹਿਰਾਓ: ਤੁਲਸੀਪੁਰ, ਬਲਰਾਮਪੁਰ, ਗੋਂਡਾ ਜੰ., ਬੁੜਵਲ, ਸੀਤਾਪੁਰ ਜੰ., ਬਰੇਲੀ, ਮੁਰਾਦਾਬਾਦ, ਸਹਾਰਨਪੁਰ ਜੰ., ਯਮੁਨਾਨਗਰ ਜਗਾਧਰੀ, ਅੰਬਾਲਾ ਕੈਂਟ ਅਤੇ ਢੰਡਾਰੀ ਕਲਾਂ ਸਟੇਸ਼ਨ।

**ਰੇਲਗੱਡੀ ਨੰਬਰ 05101/05102 ਗੋਰਖਪੁਰ ਜੰ. - ਸ਼ਕੂਰਬਸਤੀ - ਗੋਰਖਪੁਰ ਜੰ. ਵਿਸ਼ੇਸ਼ ਰੇਲਗੱਡੀ (ਹਫਤਾਵਾਰੀ) — 16 ਫੇਰੇ**

| ਰੇਲਗੱਡੀ ਨੰ. 05101 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 05102 ਪਹੁੰਚ | ਰਵਾਨਗੀ |
|---|---|---|---|---|
| -- | 16:00 | ਗੋਰਖਪੁਰ ਜੰ. | 08:30 | -- |
| 11:05 | -- | ਸ਼ਕੂਰਬਸਤੀ | -- | 13:15 |

ਚੱਲਣ ਦੇ ਦਿਨ: 05101 ਗੋਰਖਪੁਰ ਜੰ. ਤੋਂ ਹਰੇਕ ਐਤਵਾਰ ਨੂੰ ਮਿਤੀ 11.10.2026 ਤੋਂ 29.11.2026 ਤਕ ਅਤੇ 05102 ਸ਼ਕੂਰਬਸਤੀ ਤੋਂ ਹਰੇਕ ਸੋਮਵਾਰ ਨੂੰ ਮਿਤੀ 12.10.2026 ਤੋਂ 30.11.2026 ਤਕ।
ਸਥਾਨ: ਫਸਟ ਏਸੀ., 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਆਨੰਦ ਨਗਰ ਜੰ., ਸਿਧਾਰਥ ਨਗਰ, ਬੜਨੀ, ਤੁਲਸੀਪੁਰ, ਬਲਰਾਮਪੁਰ, ਗੋਂਡਾ ਜੰ., ਸੀਤਾਪੁਰ ਜੰ., ਸ਼ਾਹਜਹਾਂਪੁਰ, ਬਰੇਲੀ, ਮੁਰਾਦਾਬਾਦ, ਗਾਜੀਅਬਾਦ ਜੰ. ਅਤੇ ਦਿੱਲੀ ਜੰ. ਸਟੇਸ਼ਨ।

**ਰੇਲਗੱਡੀ ਨੰਬਰ 05048/05047 ਬਨਾਰਸ - ਕੋਲਕਾਤਾ - ਬਨਾਰਸ ਵਿਸ਼ੇਸ਼ ਰੇਲਗੱਡੀ (ਹਫਤਾਵਾਰੀ) — 16 ਫੇਰੇ**

| ਰੇਲਗੱਡੀ ਨੰ. 05048 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 05047 ਪਹੁੰਚ | ਰਵਾਨਗੀ |
|---|---|---|---|---|
| -- | 10:45 | ਬਨਾਰਸ | 04:15 | -- |
| 10:55 | 11:00 | ਵਾਰਾਨਸੀ ਜੰ. | 03:55 | 04:00 |
| 06:15 | -- | ਕੋਲਕਾਤਾ | -- | 08:25 |

ਚੱਲਣ ਦੇ ਦਿਨ: 05048 ਬਨਾਰਸ ਤੋਂ ਹਰੇਕ ਮੰਗਲਵਾਰ ਨੂੰ ਮਿਤੀ 06.10.2026 ਤੋਂ 24.11.2026 ਤਕ ਅਤੇ 05047 ਕੋਲਕਾਤਾ ਤੋਂ ਹਰੇਕ ਬੁਧਵਾਰ ਨੂੰ ਮਿਤੀ 07.10.2026 ਤੋਂ 25.11.2026 ਤਕ।
ਸਥਾਨ: 3 ਟੀਯਰ ਏਸੀ.।
ਠਹਿਰਾਓ: ਵਾਰਾਨਸੀ ਜੰ., ਔੜਿਹਾਰ ਜੰ., ਗਾਜੀਪੁਰ ਸਿਟੀ, ਬਲਿਯਾ, ਰੇਵਤੀ, ਸੁਰੇਮਨਪੁਰ, ਛਪਰਾ ਜੰ., ਦਿਘਵਾਰਾ, ਸੋਨਪੁਰ ਜੰ., ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੋਨੀ ਜੰ., ਕਿਊਲ ਜੰ., ਝਾਝਾ ਜਸੀਡੀਹ ਜੰ., ਮਧੁਪੁਰ ਜੰ. ਚਿਤਰੰਜਨ, ਆਸਨਸੋਲ ਜੰ., ਦੁਰਗਪੁਰ, ਬਰਧਮਾਨ ਜੰ., ਬੈਨਡੇਲ ਜੰ. ਅਤੇ ਨੈਹਾਟੀ ਜੰ. ਸਟੇਸ਼ਨ।

**ਰੇਲਗੱਡੀ ਨੰਬਰ 01123/01124 ਲੋਕਮਾਨਯ ਤਿਲਕ (ਟ) - ਮਊ ਜੰ. - ਲੋਕਮਾਨਯ ਤਿਲਕ (ਟ) ਵਿਸ਼ੇਸ਼ ਰੇਲਗੱਡੀ (ਹਫਤੇ ਵਿਚ ਦੋ ਦਿਨ) — 24 ਫੇਰੇ**

| ਰੇਲਗੱਡੀ ਨੰ. 01123 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 01124 ਪਹੁੰਚ | ਰਵਾਨਗੀ |
|---|---|---|---|---|
| -- | 12:15 | ਲੋਕਮਾਨਯ ਤਿਲਕ (ਟ) | 16:45 | -- |
| 15:50 | 16:00 | ਵਾਰਾਨਸੀ ਜੰ. | 09:50 | 10:00 |
| 21:30 | -- | ਮਊ ਜੰ. | -- | 04:15 |

ਚੱਲਣ ਦੇ ਦਿਨ: 01123 ਲੋਕਮਾਨਯ ਤਿਲਕ (ਟ) ਤੋਂ ਹਰੇਕ ਸ਼ੁਕਰਵਾਰ ਤੇ ਐਤਵਾਰ ਨੂੰ ਮਿਤੀ 11.10.2026 ਤੋਂ 20.11.2026 ਤਕ ਅਤੇ 01124 ਮਊ ਜੰ. ਤੋਂ ਹਰੇਕ ਐਤਵਾਰ ਤੇ ਮੰਗਲਵਾਰ ਨੂੰ ਮਿਤੀ 13.10.2026 ਤੋਂ 22.11.2026 ਤਕ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ
ਠਹਿਰਾਓ: ਠਾਣੇ, ਕਲਯਾਨ ਜੰ., ਇਗਤਪੁਰੀ ਨਾਸਿਕ ਰੋਡ, ਜਲਗਾਂਵ ਜੰ., ਭੁਸਾਵਲ ਜੰ., ਖੰਡਵਾ, ਇਟਾਰਸੀ ਜੰ., ਪਿਪਰਿਯਾ, ਨਰਸਿੰਘਪੁਰ, ਮਦਨ ਮਹਲ, ਕਟਨੀ ਜੰ., ਮੈਹਰ ਸਤਨਾ ਜੰ., ਮਾਨਿਕਪੁਰ ਜੰ., ਪ੍ਰਯਾਗਰਾਜ ਛਿਵਕੀ, ਵਾਰਾਨਸੀ ਜੰ. ਜੌਨਪੁਰ ਜੰ., ਸ਼ਾਹਗੰਜ ਜੰ., ਖੋਰਾਸਨ ਰੋਡ, ਆਜਮਗੜ ਅਤੇ ਮੁਹੰਮਦਾਬਾਦ ਸਟੇਸ਼ਨ।

**ਰੇਲਗੱਡੀ ਨੰਬਰ 01431/01432 ਹਡਪਸਰ - ਗਾਜੀਪੁਰ ਸਿਟੀ- ਹਡਪਸਰ ਵਿਸ਼ੇਸ਼ ਰੇਲਗੱਡੀ (ਹਫਤੇ ਵਿਚ ਦੋ ਦਿਨ) — 24 ਫੇਰੇ**

| ਰੇਲਗੱਡੀ ਨੰ. 01431 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 01432 ਪਹੁੰਚ | ਰਵਾਨਗੀ |
|---|---|---|---|---|
| -- | 06:55 | ਹਡਪਸਰ | 16:20 | -- |
| 15:10 | 15:20 | ਵਾਰਾਨਸੀ ਜੰ. | 08:20 | 08:30 |
| 20:15 | -- | ਗਾਜੀਪੁਰ ਸਿਟੀ | -- | 04:00 |

ਚੱਲਣ ਦੇ ਦਿਨ: 01431 ਹਡਪਸਰ ਤੋਂ ਹਰੇਕ ਸ਼ੁਕਰਵਾਰ ਤੇ ਮੰਗਲਵਾਰ ਨੂੰ ਮਿਤੀ 13.10.2026 ਤੋਂ 20.11.2026 ਤਕ ਅਤੇ 01432 ਗਾਜੀਪੁਰ ਸਿਟੀ ਤੋਂ ਹਰੇਕ ਐਤਵਾਰ ਤੇ ਵੀਰਵਾਰ ਨੂੰ ਮਿਤੀ 15.10.2026 ਤੋਂ 22.11.2026 ਤਕ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ
ਠਹਿਰਾਓ: ਦੌਂਡ ਕਾਰਡ ਲਾਈਨ, ਅਹਮਦਨਗਰ, ਬੇਲਾਪੁਰ, ਕੋਪਰਗਾਂਵ, ਅੰਕਾਈ, ਮਨਮਾਡ ਜੰ., ਜਲਗਾਂਵ ਜੰ., ਭੁਸਾਵਲ ਜੰ., ਖੰਡਵਾ, ਇਟਾਰਸੀ ਜੰ., ਪਿਪਰਿਯਾ, ਨਰਸਿੰਘਪੁਰ, ਮਦਨ ਮਹਲ, ਕਟਨੀ, ਮੈਹਰ, ਸਤਨਾ, ਮਾਨਿਕਪੁਰ ਜੰ., ਪ੍ਰਯਾਗਰਾਜ ਛਿਵਕੀ, ਵਾਰਾਨਸੀ ਜੰ., ਜੌਨਪੁਰ ਜੰ. ਅਤੇ ਔੜਿਹਾਰ ਜੰ. ਸਟੇਸ਼ਨ।

**ਰੇਲਗੱਡੀ ਨੰਬਰ 01079/01080 ਛਤਰਪਤੀ ਸ਼ਿਵਾਜੀ ਮਹਾਰਾਜ (ਟ)- ਗੋਰਖਪੁਰ ਜੰ.- ਛਤਰਪਤੀ ਮਹਾਰਾਜ (ਟ) ਵਿਸ਼ੇਸ਼ ਰੇਲਗੱਡੀ (ਰੋਜ਼ਾਨਾ) — 64 ਫੇਰੇ**

| ਰੇਲਗੱਡੀ ਨੰ. 01079 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 01080 ਪਹੁੰਚ | ਰਵਾਨਗੀ |
|---|---|---|---|---|
| -- | 22:30 | ਛਤਰਪਤਿ ਸ਼ਿਵਾਜੀ ਮਹਾਰਾਜ (ਟ) | 00:40 | -- |
| 04:05 | 04:15 | ਲਖਨਊ | 19:45 | 19:55 |
| 10:00 | -- | ਗੋਰਖਪੁਰ ਜੰ. | -- | 14:30 |

ਚੱਲਣ ਦੇ ਦਿਨ: 01079 ਛਤਰਪਤੀ ਸ਼ਿਵਾਜੀ ਮਹਾਰਾਜ (ਟ) ਤੋਂ ਰੋਜਾਨਾ ਮਿਤੀ 16.10.2026 ਤੋਂ 16.11.2026 ਤਕ ਅਤੇ 01080 ਗੋਰਖਪੁਰ ਜੰ. ਤੋਂ ਰੋਜਾਨਾ ਮਿਤੀ 18.10.2026 ਤੋਂ 18.11.2026 ਤਕ। ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ
ਠਹਿਰਾਓ: ਦਾਦਰ, ਠਾਣੇ, ਕਲਯਾਨ ਜੰ., ਇਗਤਪੁਰੀ, ਨਾਸਿਕ ਰੋਡ, ਮਨਮਾਡ ਜੰ. ਜਲਗਾਂਵ ਜੰ., ਭੁਸਾਵਲ ਜੰ., ਖੰਡਵਾ ਜੰ., ਇਟਾਰਸੀ ਜੰ., ਭੋਪਾਲ ਜੰ., ਬੀਨਾ ਜੰ., ਵੀਰਾਂਗਨਾ ਲਕਸ਼ਮੀਬਾਈ ਝਾਂਸੀ, ਉਰਈ, ਕਾਨਪੁਰ ਸੈਂਟ੍ਰਲ, ਲਖਨਊ, ਗੋਂਡਾ ਜੰ., ਮਨਕਾਪੁਰ ਜੰ., ਬਸਤੀ ਅਤੇ ਖਲੀਲਾਬਾਦ ਸਟੇਸ਼ਨ।

**ਰੇਲਗੱਡੀ ਨੰਬਰ 01415/01416 ਹਡਪਸਰ-ਗੋਰਖਪੁਰ ਜੰ.- ਹਡਪਸਰ ਵਿਸ਼ੇਸ਼ ਰੇਲਗੱਡੀ (ਰੋਜ਼ਾਨਾ) — 64 ਫੇਰੇ**

| ਰੇਲਗੱਡੀ ਨੰ. 01415 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 01416 ਪਹੁੰਚ | ਰਵਾਨਗੀ |
|---|---|---|---|---|
| -- | 07:05 | ਹਡਪਸਰ | 03:30 | -- |
| 09:55 | 10:05 | ਲਖਨਊ | 22:25 | 22:35 |
| 16:00 | -- | ਗੋਰਖਪੁਰ ਜੰ. | -- | 17:30 |

ਚੱਲਣ ਦੇ ਦਿਨ: 01415 ਹਡਪਸਰ ਤੋਂ ਰੋਜਾਨਾ ਮਿਤੀ 16.10.2026 ਤੋਂ 16.11.2026 ਤਕ ਅਤੇ 01416 ਗੋਰਖਪੁਰ ਜੰ. ਤੋਂ ਰੋਜਾਨਾ ਮਿਤੀ 17.10.2026 ਤੋਂ 17.11.2026 ਤਕ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਦੌਂਡ ਕਾਰਡ ਲਾਈਨ, ਅਹਮਦਨਗਰ, ਬੇਲਾਪੁਰ, ਕੋਪਰਗਾਂਵ, ਮਨਮਾਡ ਜੰ., ਭੁਸਾਵਲ ਜੰ., ਖੰਡਵਾ ਜੰ., ਇਟਾਰਸੀ ਜੰ., ਭੋਪਾਲ ਜੰ., ਬੀਨਾ ਜੰ., ਵੀਰਾਂਗਨਾ ਲਕਸ਼ਮੀਬਾਈ ਝਾਂਸੀ, ਉਰਈ, ਕਾਨਪੁਰ ਸੈਂਟ੍ਰਲ ਲਖਨਊ, ਗੋਂਡਾ ਜੰ., ਮਨਕਾਪੁਰ ਜੰ. ਅਤੇ ਬਸਤੀ ਸਟੇਸ਼ਨ।

**ਰੇਲਗੱਡੀ ਨੰਬਰ 01052 ਲੋਕਮਾਨਯ ਤਿਲਕ (ਟ) - ਬਨਾਰਸ - ਲੋਕਮਾਨਯ ਤਿਲਕ (ਟ) ਰੀਜ਼ਰਵ ਰੇਲਗੱਡੀ (ਹਫਤੇ ਵਿਚ ਦੋ ਦਿਨ) — 24 ਫੇਰੇ**

| ਰੇਲਗੱਡੀ ਨੰ. 01051 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 01052 ਪਹੁੰਚ | ਰਵਾਨਗੀ |
|---|---|---|---|---|
| -- | 12:15 | ਲੋਕਮਾਨਯ ਤਿਲਕ (ਟ) | 04:40 | -- |
| 15:45 | 15:50 | ਵਾਰਾਨਸੀ ਜੰ. | 20:45 | 20:50 |
| 16:05 | -- | ਬਨਾਰਸ | -- | 20:30 |

ਚੱਲਣ ਦੇ ਦਿਨ: 01051 ਲੋਕਮਾਨਯ ਤਿਲਕ (ਟ) ਤੋਂ ਹਰੇਕ ਬੁਧਵਾਰ ਤੇ ਵੀਰਵਾਰ ਨੂੰ ਮਿਤੀ 14.10.2026 ਤੋਂ 19.11.2026 ਤਕ ਅਤੇ 01052 ਬਨਾਰਸ ਤੋਂ ਹਰੇਕ ਵੀਰਵਾਰ ਤੇ ਸ਼ੁਕਰਵਾਰ ਨੂੰ ਮਿਤੀ 15.10.2026 ਤੋਂ 20.11.2026 ਤਕ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਠਾਣੇ, ਕਲਯਾਨ ਜੰ., ਇਗਤਪੁਰੀ, ਨਾਸਿਕ ਰੋਡ, ਜਲਗਾਂਵ ਜੰ., ਭੁਸਾਵਲ ਜੰ., ਖੰਡਵਾ ਜੰ., ਇਟਾਰਸੀ ਜੰ., ਪਿਪਰਿਯਾ, ਨਰਸਿੰਘਪੁਰ, ਮਦਨ ਮਹਲ, ਕਾਟਨੀ ਜੰ., ਮੈਹਰ, ਸਤਨਾ ਜੰ., ਮਾਨਿਕਪੁਰ ਜੰ., ਪ੍ਰਯਾਗਰਾਜ ਛਿਵਕੀ ਅਤੇ ਵਾਰਾਨਸੀ ਜੰ. ਸਟੇਸ਼ਨ।

**ਰੇਲਗੱਡੀ ਨੰਬਰ 04829/04830 ਜੋਧਪੁਰ ਜੰ. - ਗੋਰਖਪੁਰ ਜੰ.- ਜੋਧਪੁਰ ਜੰ. ਪੂਜਾ ਵਿਸ਼ੇਸ਼ ਰੇਲਗੱਡੀ (ਹਫਤਾਵਾਰੀ) — 18 ਫੇਰੇ**

| ਰੇਲਗੱਡੀ ਨੰ. 04829 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 04830 ਪਹੁੰਚ | ਰਵਾਨਗੀ |
|---|---|---|---|---|
| -- | 16:15 | ਜੋਧਪੁਰ ਜੰ. | 05:30 | -- |
| 04:30 | 04:45 | ਦਿੱਲੀ ਜੰ. | 14:00 | 14:10 |
| 20:30 | -- | ਗੋਰਖਪੁਰ ਜੰ. | -- | 23:25 |

ਚੱਲਣ ਦੇ ਦਿਨ: 04829 ਜੋਧਪੁਰ ਜੰ. ਤੋਂ ਹਰੇਕ ਵੀਰਵਾਰ ਨੂੰ ਮਿਤੀ 01.10.2026 ਤੋਂ 26.11.2026 ਤਕ ਅਤੇ 04830 ਗੋਰਖਪੁਰ ਜੰ. ਤੋਂ ਹਰੇਕ ਸ਼ੁਕਰਵਾਰ ਨੂੰ ਮਿਤੀ 02.10.2026 ਤੋਂ 27.11.2026 ਤਕ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਮੇਡਤਾ ਰੋਡ ਜੰ., ਡੇਗਾਨਾ ਜੰ., ਛੋਟੀ ਖਾਟੂ, ਡੀਡਵਾਨਾ, ਲਾਡਨੂੰ, ਸੁਜਾਨਗੜ੍ਹ, ਰਤਨਗੜ ਜੰ., ਚੂਰੂ ਜੰ., ਸਾਦਲਪੁਰ ਜੰ., ਲੋਹਾਰੂ ਜੰ., ਮਹੇਂਦਰਗੜ, ਰੇਵਾੜੀ ਜੰ., ਗੁੜਗਾਂਵ, ਦਿੱਲੀ ਕੈਂਟ, ਦਿੱਲੀ ਜੰ., ਗਾਜੀਆਬਾਦ ਜੰ., ਮੁਰਾਦਾਬਾਦ ਜੰ., ਬਰੇਲੀ ਜੰ., ਸ਼ਾਹਜਹਾਂਪੁਰ, ਸੀਤਾਪੁਰ ਜੰ., ਗੋਂਡਾ ਜੰ. ਅਤੇ ਬਸਤੀ ਸਟੇਸ਼ਨ।

**ਰੇਲਗੱਡੀ ਨੰਬਰ 05167/05168 ਬਨਾਰਸ - ਲੋਕਮਾਨਯ ਤਿਲਕ (ਟ) - ਬਨਾਰਸ ਵਿਸ਼ੇਸ਼ ਰੇਲਗੱਡੀ (ਹਫਤਾਵਾਰੀ) — 14 ਫੇਰੇ**

| ਰੇਲਗੱਡੀ ਨੰ. 05167 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 05168 ਪਹੁੰਚ | ਰਵਾਨਗੀ |
|---|---|---|---|---|
| -- | 09:50 | ਬਨਾਰਸ | 00:50 | -- |
| 10:06 | 10:08 | ਵਾਰਾਨਸੀ ਜੰ. | 00:30 | 00:35 |
| 16:50 | -- | ਲੋਕਮਾਨਯ ਤਿਲਕ (ਟ) | -- | 18:10 |

ਚੱਲਣ ਦੇ ਦਿਨ: 05167 ਬਨਾਰਸ ਤੋਂ ਹਰੇਕ ਸ਼ਨੀਵਾਰ ਨੂੰ ਮਿਤੀ 17.10.2026 ਤੋਂ 28.11.2026 ਤਕ ਅਤੇ 05168 ਲੋਕਮਾਨਯ ਤਿਲਕ (ਟ) ਤੋਂ ਹਰੇਕ ਐਤਵਾਰ ਨੂੰ ਮਿਤੀ 18.10.2026 ਤੋਂ 29.11.2026 ਤਕ।
ਸਥਾਨ: ਫਸਟ ਏਸੀ., 2 ਟੀਯਰ ਏਸੀ., 3 ਟੀਯਰ ਏਸੀ., 3 ਟੀਯਰ ਇਕੋਨਾਮੀ, ਸਲੀਪਰ ਅਤੇ ਜਨਰਲ।
ਠਹਿਰਾਓ: ਵਾਰਾਨਸੀ ਜੰ. ਪ੍ਰਯਾਗਰਾਜ ਛਿਵਕੀ, ਮਾਨਿਕਪੁਰ ਜੰ., ਸਤਨਾ ਜੰ., ਮੈਹਰ, ਕਟਨੀ, ਜਬਲਪੁਰ, ਇਟਾਰਸੀ ਜੰ. ਖੰਡਵਾ ਜੰ., ਬੁਰਹਾਨਪੁਰ, ਭੁਸਾਵਲ ਜੰ., ਨਾਸਿਕ ਰੋਡ, ਇਗਤਪੁਰੀ ਕਲਯਾਨ ਜੰ. ਅਤੇ ਠਾਣੇ ਸਟੇਸ਼ਨ।

**ਰੇਲਗੱਡੀ ਨੰਬਰ 04731/04732 ਸ਼੍ਰੀ ਗੰਗਾ ਨਗਰ ਜੰ.-ਸਮਸਤੀਪੁਰ ਜੰ.- ਸ਼੍ਰੀ ਗੰਗਾਨਗਰ ਜੰ. ਵਿਸ਼ੇਸ਼ ਰੇਲਗੱਡੀ (ਹਫਤਾਵਾਰੀ) — 14 ਫੇਰੇ**

| ਰੇਲਗੱਡੀ ਨੰ. 04731 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 04732 ਪਹੁੰਚ | ਰਵਾਨਗੀ |
|---|---|---|---|---|
| -- | 13:25 | ਸ਼੍ਰੀਗੰਗਾਨਗਰ ਜੰ. | 12:20 | -- |
| 00:25 | 00:35 | ਦਿੱਲੀ ਜੰ. | 23:40 | 23:50 |
| 23:15 | -- | ਸਮਸਤੀਪੁਰ ਜੰ. | -- | 00:45 |

ਚੱਲਣ ਦੇ ਦਿਨ: 04731 ਸ਼੍ਰੀ ਗੰਗਾਨਗਰ ਜੰ. ਤੋਂ ਹਰੇਕ ਵੀਰਵਾਰ ਨੂੰ ਮਿਤੀ 18.10.2026 ਤੋਂ 29.11.2026 ਤਕ ਅਤੇ 04732 ਸਮਸਤੀਪੁਰ ਤੋਂ ਹਰੇਕ ਮੰਗਲਵਾਰ ਨੂੰ ਮਿਤੀ 20.10.2026 ਤੋਂ 01.12.2026 ਤਕ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਸਾਦੁਲਸ਼ਹਿਰ, ਹਨੂੰਮਾਨਗੜ ਜੰ., ਸੰਗਰਿਯਾ, ਮੰਡੀ, ਡਬਵਾਲੀ, ਰਾਮਾਂ, ਸਿਰਸਾ, ਮੰਡੀ ਆਦਮਪੁਰ, ਹਿਸਾਰ, ਹਾਂਸੀ, ਰੋਹਤਕ ਜੰ., ਦਿੱਲੀ ਜੰ., ਗਾਜੀਆਬਾਦ, ਮੁਰਾਦਾਬਾਦ, ਬਰੇਲੀ, ਸੀਤਾਪੁਰ ਜੰ., ਗੋਂਡਾ ਜੰ., ਗੋਰਖਪੁਰ, ਦੇਵਰੀਆ ਸਦਰ, ਸੀਵਾਨ ਜੰ., ਛਪਰਾ, ਸੋਨਪੁਰ ਜੰ., ਹਾਜੀਪੁਰ ਜੰ., ਅਤੇ ਮੁਜਫਰਪੁਰ ਜੰ. ਸਟੇਸ਼ਨ।

**ਰੇਲਗੱਡੀ ਨੰਬਰ 03107/03108 ਕੋਲਕਾਤਾ - ਆਲਮਨਗਰ - ਕੋਲਕਾਤਾ ਵਿਸ਼ੇਸ਼ ਰੇਲਗੱਡੀ (ਹਫਤਾਵਾਰੀ) — 14 ਫੇਰੇ**

| ਰੇਲਗੱਡੀ ਨੰ. 03107 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 03108 ਪਹੁੰਚ | ਰਵਾਨਗੀ |
|---|---|---|---|---|
| -- | 23:50 | ਕੋਲਕਾਤਾ | 22:30 | -- |
| 14:05 | 14:15 | ਵਾਰਾਨਸੀ ਜੰ. | 07:20 | 07:25 |
| 19:45 | -- | ਆਲਮਨਗਰ | -- | 01:45 |

ਚੱਲਣ ਦੇ ਦਿਨ: 03107 ਕੋਲਕਾਤਾ ਤੋਂ ਹਰੇਕ ਵੀਰਵਾਰ ਨੂੰ ਮਿਤੀ 15.10.2026 ਤੋਂ 26.11.2026 ਤਕ ਅਤੇ 03108 ਆਲਮਨਗਰ ਤੋਂ ਹਰੇਕ ਸ਼ਨੀਵਾਰ ਨੂੰ ਮਿਤੀ 17.10.2026 ਤੋਂ 28.11.2026 ਤਕ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਨੈਹਾਟੀ, ਬੰਦੇਲ, ਬਰਧਮਾਨ, ਦੁਰਗਾਪੁਰ, ਆਸਨਸੋਲ, ਧਨਬਾਦ ਜੰ., ਨੇਤਾ ਜੀ ਸੁਭਾਸ਼ ਚੰਦਰ ਬੋਸ ਜੰ., ਗੋਮੋ, ਪਾਰਸਨਾਥ, ਹਜਾਰੀਬਾਗ ਰੋਡ, ਕੋਡਰਮਾ, ਗਯਾ, ਅਨੁਗ੍ਰਹ ਨਾਰਾਯਨ ਰੋਡ, ਡੇਹਰੀ ਆਨਸੋਨ, ਸਾਸਾਰਾਮ, ਭਭੂਆ ਰੋਡ, ਪੰਡਿਤ ਦੀਨ ਦਿਆਲ ਉਪਾਧਿਆਏ ਜੰ., ਵਾਰਾਨਸੀ, ਸੁਲਤਾਨਪੁਰ ਅਤੇ ਓਤਰੇਟਿਯਾ ਜੰ. ਸਟੇਸ਼ਨ।

**ਰੇਲਗੱਡੀ ਨੰਬਰ 04076/04075 ਦਿੱਲੀ ਜੰ.-ਕਾਮਾਖਯਾ ਜੰ.- ਦਿੱਲੀ ਜੰ. ਰੀਜ਼ਰਵ ਤਿਉਹਾਰ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਹਫਤਾਵਾਰੀ) — 18 ਫੇਰੇ**

| ਰੇਲਗੱਡੀ ਨੰ. 04076 ਪਹੁੰਚ | ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 04075 ਪਹੁੰਚ | ਰਵਾਨਗੀ |
|---|---|---|---|---|
| -- | 00:30 | ਦਿੱਲੀ ਜੰ. | 20:40 | -- |
| 21:15 | -- | ਕਾਮਾਖਯਾ ਜੰ. | -- | 05:00 |

ਚੱਲਣ ਦੇ ਦਿਨ: 04076 ਦਿੱਲੀ ਜੰ. ਤੋਂ ਹਰੇਕ ਸ਼ਨੀਵਾਰ ਨੂੰ ਮਿਤੀ 03.10.2026 ਤੋਂ 28.11.2026 ਤਕ ਅਤੇ 04075 ਕਾਮਾਖਯਾ ਜੰ. ਤੋਂ ਹਰੇਕ ਸੋਮਵਾਰ ਨੂੰ ਮਿਤੀ 05.10.2026 ਤੋਂ 30.11.2026 ਤਕ।
ਸਥਾਨ: 3 ਟੀਯਰ ਏਸੀ., ਅਤੇ ਸਲੀਪਰ
ਠਹਿਰਾਓ: ਟੂੰਡਲਾ ਜੰ. ਗੋਵਿੰਦਪੁਰੀ, ਪ੍ਰਯਾਗਰਾਜ ਜੰ., ਪੰਡਿਤ ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਦਾਨਾਪੁਰ, ਪਾਟਲਿਪੁਤਰ, ਸੋਨਪੁਰ, ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੋਨੀ ਜੰ., ਬੇਗੂਸਰਾਯ, ਖਗੜਿਯਾ ਜੰ., ਮਾਨਸੀ ਜੰ., ਨੌਗਛਿਯਾ, ਕਟਿਹਾਰ ਜੰ., ਬਾਰਸੋਈ ਜੰ., ਕਿਸ਼ਨਗੰਜ, ਨਿਊ ਜਲਪਾਈਗੁੜੀ, ਨਿਊ ਕੋਚਬਿਹਾਰ, ਨਿਊ ਅਲੀਪੁਰਦਵਾਰ, ਕੋਕਰਾਝਾਰ, ਨਿਊ ਬੋਂਗਾਈਗਾਂਵ, ਬਾਰਪੇਟਾ ਰੋਡ ਅਤੇ ਰੰਗਿਯਾ ਜੰ. ਸਟੇਸ਼ਨ

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਜਾਣਕਾਰੀ ਦੇ ਰੇਲਮਦਦ ਹੈਲਪਲਾਈਨ ਨੰ.139 'ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES App ਵੇਖੋ।

'ਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਲਕਸ਼
ਸਾਨੂੰ www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਫਾਰਮ ਨੰ. 3 [ਦੇਖੋ ਰੈਗੂਲੇਸ਼ਨ-13 (1) (ਏ)]**
**ਕਰਜ਼ਾ ਵਸੂਲੀ ਟਰਬਿਊਨਲ ਚੰਡੀਗੜ੍ਹ (ਡੀ ਆਰ ਟੀ-3)**
**ਧਰਾਤਲ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ-160017**

ਮੁਕੱਦਮਾ ਨੰ. ਓ ਏ/1593/2025 ਈ ਐੱਕਸ ਐੱਚ ਨੰ. 34058

**ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2-ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ**

**ਯੈੱਸ ਬੈਂਕ ਬਨਾਮ ਮੰਜੂਸ਼ਾ ਰਾਹੁਲ ਭਾਰਗਵ ਅਤੇ ਹੋਰ**

ਸੇਵਾ 'ਚ, (1) ਮੰਜੂਸ਼ਾ ਰਾਹੁਲ ਭਾਰਗਵ ਪਤਨੀ ਸ੍ਰੀ ਰਾਹੁਲ ਅਨੰਦ ਰਾਓ ਭਾਰਗਵ ਵਾਸੀ ਫਲੈਟ ਨੰ. 802, ਟਾਵਰ ਸੀ, ਜੇ ਐੱਲ ਪੀ ਐੱਲ ਫਾਲਕੋਨ ਵਿਊ, ਸੈਕਟਰ 66-ਏ, ਡਾਕਖਾਨਾ ਮੌਲੀ ਬੈਦਵਾਨ, ਮੁਹਾਲੀ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ-140308 (2) ਰਾਹੁਲ ਅਨੰਦ ਰਾਓ ਭਾਰਗਵ ਪੁੱਤਰ ਅਨੰਦ ਗੋਬਿੰਦ ਰਾਓ ਜਾਵਾਹਾਇਰ ਵਾਸੀ ਫਲੈਟ ਨੰ. 802, ਟਾਵਰ-ਸੀ, ਜੇ ਐੱਲ ਪੀ ਐੱਲ ਫਾਲਕੋਨ ਵਿਊ, ਸੈਕਟਰ 66-ਏ, ਡਾਕਖਾਨਾ ਮੌਲੀ ਬੈਦਵਾਨ, ਮੁਹਾਲੀ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ-140308, ਦੂਜਾ ਪਤਾ : ਵਿਊਨਾਓ ਮਾਰਕਿਟਿੰਗ ਸਰਵਿਸਿਜ਼ ਲਿਮਟਿਡ, 1201, ਮੋਤੀਆਜ਼ ਰਾਇਲ ਬਿਜ਼ਨਸ ਪਾਰਕ, ਚੰਡੀਗੜ੍ਹ- ਅੰਬਾਲਾ ਹਾਈਵੇ, ਜ਼ੀਰਕਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ-140603

**ਸੰਮਨ**

ਜਦੋਂ ਕਿ ਓ ਏ/1593/2025 ਮਾਣਯੋਗ ਪ੍ਰਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 21/09/2026 ਨੂੰ ਸੂਚੀਬੱਧ ਕੀਤਾ ਗਿਆ ਸੀ।
ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 31,90,607.77/- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19 (4) (ਓ ਏ) ਤਹਿਤ ਤੁਹਾਨੂੰ ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖ਼ੁਸ਼ੀ ਪ੍ਰਾਪਤ ਕਰ ਰਿਹਾ ਹੈ।
ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ ਤੁਹਾਨੂੰ ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ : (i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ। (ii) ਅਸਲ ਅਰਜ਼ੀ ਦੇ ਲੜੀ ਨੰ. 3 ਏ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐੱਸਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ। (iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਉਰਡ ਐੱਸਟਸ ਜਾਂ ਅਜਿਹੇ ਹੋਰ ਐੱਸਟਸ, ਲੰਬਿਤ ਸੁਣਵਾਈ ਅਤੇ ਜਾਇਦਾਦਾਂ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ। (iv) ਜਿਹੜੀ ਸਕਿਉਰਿਟੀ 'ਤੇ ਹਿੱਤ ਲਾਗੂ ਹਨ ਅਤੇ/ਜਾਂ ਹੋਰ ਐੱਸਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੋਰਸ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ। (v) ਸਕਿਉਰਡ ਐੱਸਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੋਰਸ 'ਚ ਹੋਰ ਐੱਸਟਸ ਅਤੇ ਜਾਇਦਾਦਾਂ ਅਤੇ ਅਜਿਹੇ ਐੱਸਟਸ 'ਤੇ ਸਕਿਉਰਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਾਕਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ। ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 05/11/2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।
ਮੇਰੇ ਦਸਤਖਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ 22/09/2026 ਨੂੰ ਜਾਰੀ ਕੀਤਾ ਗਿਆ।

**ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ- ਡੀ ਆਰ ਟੀ-3**



YES BANK

ਰਜਿਸਟਰਡ ਅਤੇ ਕਾਰਪੋਰੇਟ ਦਫਤਰ : ਯੈੱਸ ਬੈਂਕ ਹਾਊਸ, ਆਫ ਵੈੱਸਟਰਨ ਐੱਕਸਪ੍ਰੈੱਸ ਹਾਈਵੇਅ, ਸ਼ਾਂਤਾਕਰੂਜ਼ ਈਸਟ, ਮੁੰਬਈ-400055, ਭਾਰਤ, ਵੈੱਬਸਾਈਟ www.yesbank.in

**ਕਬਜ਼ਾ ਨੋਟਿਸ**

**ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (1) ਅਧੀਨ ਕਰਜ਼ਾ ਖਾਤਾ # ਅਤੇ ਕਸਟਮਰ ਆਈ ਡੀ 33724301 'ਚ ਅਚੱਲ ਜਾਇਦਾਦ ਲਈ**

ਜਦੋਂ ਕਿ ਨਿਮਨਹਸਤਾਖਰੀ ਨੇ ਯੈੱਸ ਬੈਂਕ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਸਰਫੇਸੀ ਐਕਟ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਮੋਬਾਇਲ ਕੰਟਰੀ ਰਾਹੀਂ ਇਸ ਦੇ ਮਾਲਕ ਬਲਜਿੰਦਰ ਕੌਰ ਪਤਨੀ ਮਹਿਮਾ ਸਿੰਘ ਪਤਾ : ਬਨੂੜ-ਜ਼ੀਰਕਪੁਰ ਰੋਡ, ਨੇੜੇ ਕੇਨਰਾ ਬੈਂਕ, ਬਨੂੜ, ਐੱਸ ਏ ਐੱਸ ਨਗਰ ਪੰਜਾਬ-140610, ਨਾਲ ਹੀ : ਐੱਨ ਏ, ਸੇਖੋਂ ਮਾਜਰਾ, ਸੇਖੋਂ ਮਾਜਰਾ ਮਨੌਲੀ, ਐੱਸ ਏ ਐੱਸ ਨਗਰ, ਮੁਹਾਲੀ, ਪੰਜਾਬ-140306 (ਕਰਜ਼ਦਾਰ) (2) ਸ੍ਰੀਮਤੀ ਬਲਜਿੰਦਰ ਕੌਰ ਪਤਨੀ ਮਹਿਮਾ ਸਿੰਘ ਪਤਾ, ਐੱਨ ਏ, ਸੇਖੋਂ ਮਾਜਰਾ, ਸੇਖੋਂ ਮਾਜਰਾ, ਮਨੌਲੀ ਐੱਸ ਏ ਐੱਸ ਨਗਰ, ਮੁਹਾਲੀ, ਪੰਜਾਬ-140306 (ਗਰੰਟਰ ਅਤੇ ਰਹਿਣਕਾਰ) (3) ਸ੍ਰੀ ਮਹਿਮਾ ਸਿੰਘ ਪੁੱਤਰ ਅਰਜਨ ਸਿੰਘ ਪਤਾ : ਐੱਨ ਏ, ਸੇਖੋਂ ਮਾਜਰਾ, ਸੇਖੋਂ ਮਾਜਰਾ, ਮਨੌਲੀ, ਐੱਸ ਏ ਐੱਸ ਨਗਰ, ਮੁਹਾਲੀ, ਪੰਜਾਬ-140306 (ਗਰੰਟਰ) ਨੂੰ 2 ਜੁਲਾਈ 2026 ਨੂੰ ਨੋਟਿਸ 'ਚ ਦਰਸਾਈ ਰਕਮ ਰੁਪਏ 42,75,778/- (ਬਤਾਲੀ ਲੱਖ ਪਚੱਤਰ ਹਜ਼ਾਰ ਸੱਤ ਸੌ ਅਠੱਤਰ ਰੁਪਏ ਕੇਵਲ) ਸਮੇਤ ਇਸ 'ਤੇ ਅਗਲਾ ਵਿਆਜ, ਲਾਗਤਾਂ, ਖਰਚੇ ਅਤੇ ਚਾਰਜਿਜ਼ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਮਿਤੀ 02.07.2026 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।
ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰ, ਰਹਿਣਕਾਰ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 28 ਸਤੰਬਰ 2026 ਨੂੰ ਸੰਕੇਤਕ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ/ਰਹਿਣਕਾਰ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ ਯੈੱਸ ਬੈਂਕ ਲਿਮਟਿਡ ਨੂੰ 2 ਜੁਲਾਈ 2026 ਨੂੰ ਬਕਾਇਆ ਰਕਮ ਰੁਪਏ 42,75,778/- (ਬਤਾਲੀ ਲੱਖ ਪਚੱਤਰ ਹਜ਼ਾਰ ਸੱਤ ਸੌ ਅਠੱਤਰ ਰੁਪਏ ਕੇਵਲ) ਅਤੇ ਇਸ 'ਤੇ ਵਿਆਜ, ਲਾਗਤਾਂ, ਖਰਚੇ ਅਤੇ ਇਕਰਾਰਨਾਮੇ ਤਹਿਤ ਚਾਰਜਿਜ਼ ਦੇਣਦਾਰੀ ਦਾ ਵਿਸ਼ਾ ਹੋਵੇਗਾ।
ਕਰਜ਼ਦਾਰ/ਰਹਿਣਕਾਰ ਦਾ ਧਿਆਨ ਸਕਿਉਰਡ ਐੱਸਟ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ ਦੇ ਸੰਬੰਧ 'ਚ ਸਰਫੇਸੀ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

| ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਰਹਿਣਕਾਰ |
|---|---|
| ਸ਼ੋਰੂਮ ਰਕਬਾ 6 ਬਿਸਵੇ 4 ਬਿਸਵਾਸੀ (310 ਵਰਗ ਗਜ਼) ਕੁੱਲ ਜ਼ਮੀਨ ਰਕਬਾ 14 ਬਿਘੇ 6 ਬਿਸਵੇ 14 ਬਿਸਵਾਸੀ ਦਾ 62/867 ਹਿੱਸਾ, ਖੇਵਟ/ਖਤੌਨੀ ਨੰ. 1486/2135 ਖਸਰਾ ਨੰ. 2716 (5-1), 2720 (2-0), 9238/2723 (1-16), 9673/2721 (3-14-14), 10048/2724 (1-15), ਟੁਕੜੇ (ਕਿੱਤੇ) 5 (ਜਮ੍ਹਾਂਬੰਦੀ 2021-22), ਬਨੂੜ ਵਿਖੇ ਸਥਿਤ (ਹੱਦਬਸਤ ਨੰ. 280), ਐੱਮ ਸੀ ਅਤੇ ਤਹਿਸੀਲ ਬਨੂੜ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ। ਹੱਦਾਂ : ਪੂਰਬ : ਪਾਰਕਿੰਗ ਉਦੋਂ ਸੜਕ 30', ਪੱਛਮ : ਕੱਚਾ ਰਸਤਾ 30', ਉੱਤਰ : ਇੰਡੀਅਨ ਓਵਰਸੀਜ਼ ਬੈਂਕ 67'-6''+37', ਦੱਖਣ : ਸ੍ਰੀ ਕ੍ਰਿਸ਼ਨਾ ਪਲਾਈਵੁੱਡਜ਼ 67'-6''+37' | ਸ੍ਰੀਮਤੀ ਬਲਜਿੰਦਰ ਕੌਰ ਪਤਨੀ ਮਹਿਮਾ ਸਿੰਘ |

ਮਿਤੀ : 30 ਸਤੰਬਰ 2026 ਯੈੱਸ ਬੈਂਕ ਲਿਮਟਿਡ
ਸਥਾਨ : ਤਹਿਸੀਲ : ਬਨੂੜ, ਜ਼ਿਲ੍ਹਾ ਐੱਸ ਏ ਐੱਸ ਨਗਰ ਅਧਿਕਾਰਤ ਅਫਸਰ



**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

**ਨਿਵਿਦਾ ਸੂਚਨਾ ਨੰਬਰ 770-W/01/WA/JAT/2025 50-2026-27-PTK-DRM-JAT (to be opened on 21.10.2026)**

ਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਟਾਈਟਲ ਵਾਲੀ ਖੁਲ੍ਹੀ ਨਿਵਿਦਾਵਾਂ ਦੀ ਮੰਗ ਕਰਦੇ ਹਨ ਇਹ ਉਪਲਬਧ ਹਨ ਜਿਨ੍ਹਾਂ ਦੀ ਅੰਤਿਮ ਮਿਤੀ 21.10.2026 ਨੂੰ 15 ਵਜੇ ਤਕ ਹੈ। ਬੋਲੀਦਾਤਾ ਆਪਣੇ ਮੂਲ ਦਸਤਦੀਕਸ਼ੁਦਾ ਬੋਲੀਆਂ ਕੇਵਲ ਸਮਾਪਤੀ ਮਿਤੀ ਅਤੇ ਸਮੇਂ ਤਕ ਹੀ ਜਮ੍ਹਾ ਕਰ ਸਕਣਗੇ। ਇਨ੍ਹਾਂ ਨਿਵਿਦਾਵਾਂ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਪ੍ਰਸਤਾਵ ਨੂੰ ਅਣਦੇਖਾ ਕਰ ਦਿਤਾ ਜਾਵੇਗਾ।
ਠੇਕੇਦਾਰ ਨੂੰ ਇਸ ਨਿਵਿਦਾ ਦੇ ਵਿਰੁਧ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ (IREPS) ਪੋਰਟਲ ਤੇ ਉਪਲਬਧ ਭੁਗਤਾਨ ਵਿਧੀਆਂ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ।

| ਲ. ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | ਵਿਗਿਆਪਤ ਮੁੱਲ (ਰੁ.) | ਆਫਰ ਦੀ ਵੈਲੀਡਿਟੀ | ਸਮਾਪਤੀ ਦਾ ਸਮਾਂ |
|---|---|---|---|---|---|
| 1 | 50-2026-27-PTK-DRM-JAT | ਸਹਾਇਕ ਮੰਡਲ ਇੰਜੀਨੀਅਰ ਪਠਾਨਕੋਟ ਦੇ ਅਧਿਕਾਰ ਖੇਤਰ ਦੇ ਤਹਿਤ ਜਾਲੰਧਰ-ਪਠਾਨਕੋਟ ਸੈਕਸ਼ਨ ਵਿਚ ਬ੍ਰਿਜ ਨੰਬਰ 188 ਦੀ ਅਪਲਾਈਨ ਦੇ ਪਿਯਰ ਨੰਬਰ 6, 7 ਅਤੇ 10 ਤੋਂ 13 ਅਤੇ ਡਾਊਨ ਲਾਈਨ ਦੇ ਪਿਯਰ ਨੰਬਰ 2 ਅਤੇ 5 ਤੋਂ 13 ਦਾ ਸੰਰਖਸ਼ਣ ਅਤੇ ਮਜਬੂਤੀਕਰਨ ਦਾ ਕੰਮ। | 4,19,65,913.31 | 60 ਦਿਨ | 9 ਮਹੀਨੇ |

ਟਿਪਣੀਆਂ:-1 ਠੇਕੇਦਾਰਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਇਸ ਨਿਵਿਦਾ ਦੇ ਵਿਰੁਧ ਜਾਰੀ ਕਿਸੇ ਵੀ ਸੋਧ ਪੱਤਰ (Corrigendium) ਦੇ ਲਈ ਆਈਆਰਈਪੀਐਸ (IREPS) ਵੈਬਸਾਈਟ ਜਰੂਰ ਵੇਖਣ। 2. ਜੇਕਰ ਹਿੰਦੀ ਵਿਗਿਆਪਨ ਵਿਚ ਕੋਈ ਗਲਤੀ ਪਾਈ ਜਾਂਦੀ ਹੈ, ਤਾਂ ਅੰਗ੍ਰੇਜ਼ੀ ਵਿਗਿਆਪਨ ਮਾਨਯ ਹੋਵੇਗਾ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3379/26



**THE NAKODAR HINDU URBAN CO-OPERATIVE BANK LTD.**
**BRANCH: POST OFFICE ROAD, SABJI MANDI, NAKODAR-144040**

**[ਰੂਲ-8(1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)]**

ਜਦੋਂਕਿ ਨਿਮਨਹਸਤਾਖਰੀ ਸਕਿਉਰਿਟੀਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ 2002 (54 ਆਫ 2002) ਅਧੀਨ ਨਕੋਦਰ ਸ਼ਾਖਾ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰ ਨੂੰ ਡਿਮਾਂਡ ਨੋਟਿਸ 'ਚ ਦਰਸਾਈ ਰਕਮ ਦੀ ਅਦਾਇਗੀ ਲਈ ਨੋਟਿਸ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।
ਕਰਜ਼ਦਾਰ ਰਾਸ਼ੀ ਵਾਪਸ ਅਦਾ ਕਰਨ 'ਚ ਅਸਫਲ ਰਹੇ ਹਨ ਅਤੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਕਰਜ਼ਦਾਰ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤੀ ਗਈ ਕੋਈ ਵੀ ਸੌਦੇਬਾਜ਼ੀ ਨਕੋਦਰ ਸ਼ਾਖਾ ਨੂੰ ਰਕਮ ਉਸ 'ਤੇ ਅਗਲਾ ਵਿਆਜ, ਅਚਨਚੇਤੀ ਖਰਚੇ, ਲਾਗਤਾਂ ਅਤੇ ਚਾਰਜਿਜ਼ ਆਦਿ ਅਦਾਇਗੀ ਦਾ ਹੱਕਦਾਰ ਬਣਾਏਗੀ।
ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਵਿਵਸਥਾਵਾਂ ਅਧੀਨ ਸਕਿਉਰਡ ਐੱਸਟਸ ਨੂੰ ਪੁਨਰ ਗ੍ਰਹਿਣ ਕਰਨ ਲਈ ਦਿੱਤੇ ਗਏ ਸਮੇਂ ਵੱਲ ਦਿਵਾਇਆ ਜਾਂਦਾ ਹੈ।

| ਖਾਤੇ ਦਾ ਨਾਂਅ | ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਸ੍ਰੀਮਤੀ ਅਰਾਧਨਾ ਖੇੜਾ ਪਤਨੀ ਸ੍ਰੀ ਸੁਧੀਰ ਖੇੜਾ, ਵਾਸੀ ਮਕਾਨ ਨੰ. 6872, ਗੁਰੂ ਤੇਗ ਬਹਾਦਰ ਨਗਰ, ਨਕੋਦਰ, ਜ਼ਿਲ੍ਹਾ ਜਲੰਧਰ (ਇਸ ਤੋਂ ਬਾਅਦ 'ਕਰਜ਼ਦਾਰ' ਵਜੋਂ ਹਵਾਲਾ) 1. ਸ੍ਰੀ ਸੁਧੀਰ ਖੇੜਾ ਪੁੱਤਰ ਸ੍ਰੀ ਜਸਵੰਤ ਸਿੰਘ ਖੇੜਾ ਵਾਸੀ 6872, ਮੁਹੱਲਾ ਗੁਰੂ ਤੇਗ ਬਹਾਦਰ, ਨਕੋਦਰ 2. ਸ੍ਰੀਮਤੀ ਲੀਲਾ ਰਾਣੀ ਪਤਨੀ ਜਸਵੰਤ ਸਿੰਘ ਖੇੜਾ ਵਾਸੀ 6872, ਮੁਹੱਲਾ ਗੁਰੂ ਤੇਗ ਬਹਾਦਰ, ਨਕੋਦਰ। | ਕਬਜ਼ੇ ਵਾਲੀ ਜਾਇਦਾਦ ਦਾ ਮਾਲਕ ਸੁਧੀਰ ਖੇੜਾ ਹੈ, ਰਕਬਾ 05 ਮਰਲਾ 08 ਸਰਸਾਈ ਬੈਨਾਮਾ ਦਸਤਾਵੇਜ਼ ਨੰ. 2022/23/184/ 1/2048 ਮਿਤੀ 13.03.2023 ਅਨੁਸਾਰ ਵਿਸ਼ੇ ਅਧੀਨ ਰਜਿਸਟਰਡ ਨਕੋਦਰ 1 ਅਤੇ 2 ਵਿਖੇ ਸਥਿਤ, ਫਰਦ ਜਮ੍ਹਾਂਬੰਦੀ ਸਾਲ 2018-19 'ਚ ਦਰਜ, ਹੱਦਬਸਤ ਨੰ. 31, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ, ਜਿਸ ਦਾ ਵੇਰਵਾ ਨਿਮਨ ਅਨੁਸਾਰ ਹੈ :- 02 ਸਰਸਾਈ, ਕੁਲ ਜ਼ਮੀਨ ਰਕਬਾ 1 ਕਨਾਲ 8 ਮਰਲੇ ਦਾ 2/189 ਹਿੱਸਾ, ਖੇਵਟ ਨੰ. 84/79, ਖਤੌਨੀ ਨੰ. 91 ਅਧੀਨ ਜਿਸ ਦਾ ਖਸਰਾ ਨੰ. 87//26/1(1-8), ਨਕੋਦਰ-1 (ਸੁਧੀਰ ਖੇੜਾ) 02 ਮਰਲਾ 03 ਸਰਸਾਈ, ਕੁੱਲ ਜ਼ਮੀਨ 10 ਕਨਾਲ 15 ਮਰਲਾ ਦਾ 101/9288 ਹਿੱਸਾ, ਖੇਵਟ ਨੰ. 648/666, ਖਤੌਨੀ ਨੰ. 801 | 28.07.2026 | 28.09.2026 | 30.06.2026 ਨੂੰ ਰੁਪਏ 52,06,644.75/- (ਬਵੰਜਾ ਲੱਖ ਛੇ ਹਜ਼ਾਰ ਛੇ ਸੌ ਚੁਤਾਲੀ ਰੁਪਏ ਅਤੇ ਪੰਝੱਤਰ ਪੈਸੇ ਕੇਵਲ) ਸਮੇਤ 30.06.2026 ਤੱਕ ਗਣਨਾ ਕੀਤਾ ਵਿਆਜ ਅਤੇ ਇਸ 'ਤੇ ਹੋਰ ਚਾਰਜਿਜ਼/ਖਰਚੇ। |
| ਅਧੀਨ, ਖਸਰਾ ਨੰ. 87//8/3 (2-8), 9 (7-12), 88//7/1(0-15), ਨਕੋਦਰ-1 (ਸੁਧੀਰ ਖੇੜਾ) 03 ਮਰਲਾ 03 ਸਰਸਾਈ ਕੁੱਲ ਜ਼ਮੀਨ ਰਕਬਾ 13 ਕਨਾਲ 08 ਮਰਲਾ ਦਾ 361/28944 ਹਿੱਸਾ, ਖੇਵਟ ਨੰ. 159, ਖਤੌਨੀ ਨੰ. 183 ਅਧੀਨ, ਖਸਰਾ ਨੰ. 87//1/1 (1-1), 26/2 (2-4), 88//4/3 (4-10), 5/2 (2-8), 88//6/1 (3-5) ਨਕੋਦਰ 2 (ਸੁਧੀਰ ਖੇੜਾ) ਹੱਦਾਂ ਹੇਠ ਅਨੁਸਾਰ :- ਉੱਤਰ : ਸੁਰਿੰਦਰ ਕੈਂਥ ਦੀ ਜਾਇਦਾਦ, ਦੱਖਣ : ਸੁਧੀਰ ਖੇੜਾ ਦੀ ਜਾਇਦਾਦ, ਪੂਰਬ : ਅਜੀਤ ਪਾਲ ਮੌਂਜੀ, ਪੱਛਮ : ਲਾਂਘਾ। | | | | |
| ਸ੍ਰੀ ਸੁਧੀਰ ਖੇੜਾ ਪੁੱਤਰ ਸ੍ਰੀ ਜਸਵੰਤ ਸਿੰਘ ਖੇੜਾ ਵਾਸੀ ਮਕਾਨ ਨੰ. 6872, ਗੁਰੂ ਤੇਗ ਬਹਾਦਰ ਨਗਰ, ਨਕੋਦਰ, ਜ਼ਿਲ੍ਹਾ ਜਲੰਧਰ (ਇਸ ਤੋਂ ਬਾਅਦ 'ਕਰਜ਼ਦਾਰ' ਵਜੋ ਹਵਾਲਾ) 1. ਸ੍ਰੀਮਤੀ ਅਰਾਧਨਾ ਖੇੜਾ ਪਤਨੀ ਸ੍ਰੀ ਸੁਧੀਰ ਖੇੜਾ ਵਾਸੀ 6872, ਮੁਹੱਲਾ ਗੁਰੂ ਤੇਗ ਬਹਾਦਰ, ਨਕੋਦਰ 2. ਸ੍ਰੀਮਤੀ ਲੀਲਾ ਰਾਣੀ ਪਤਨੀ ਜਸਵੰਤ ਸਿੰਘ ਖੇੜਾ ਵਾਸੀ 6872, ਮੁਹੱਲਾ ਗੁਰੂ ਤੇਗ ਬਹਾਦਰ, ਨਕੋਦਰ। | ਜਾਇਦਾਦ ਨਾਲ ਸੰਬੰਧਤ ਸਭ ਕੁਝ ਜੋ ਕਿ ਮੁਹੱਲਾ ਗੁਰੂ ਤੇਗ ਬਹਾਦਰ ਨਗਰ ਨਕੋਦਰ 1 ਅਤੇ 2 ਵਿਖੇ ਸਥਿਤ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਫਰਦ ਜਮ੍ਹਾਂਬੰਦੀ ਸਾਲ 2018-19, ਸ੍ਰੀ ਸੁਧੀਰ ਖੇੜਾ ਪੁੱਤਰ ਜਸਵੰਤ ਸਿੰਘ ਖੇੜਾ ਅਤੇ ਸ੍ਰੀਮਤੀ ਅਰਾਧਨਾ ਖੇੜਾ ਪਤਨੀ ਸੁਧੀਰ ਖੇੜਾ ਅਤੇ ਸ੍ਰੀਮਤੀ ਲੀਲਾ ਰਾਣੀ ਪਤਨੀ ਸ੍ਰੀ ਜਸਵੰਤ ਸਿੰਘ ਖੇੜਾ ਵਾਸੀ ਮਕਾਨ ਨੰ. 6872, ਮੁਹੱਲਾ ਗੁਰੂ ਤੇਗ ਬਹਾਦਰ ਨਗਰ ਨਕੋਦਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ, ਮਕਾਨ ਜਾਇਦਾਦ ਰਕਬਾ 10 ਮਰਲਾ ਦੀ ਸਾਂਝੀ ਮਾਲਕੀ, ਜ਼ਮੀਨ ਰਕਬਾ 5 ਸਰਸਾਈ ਲਗਭਗ 3/1008 ਅਰਾਧਨਾ ਪਤਨੀ ਸੁਧੀਰ ਖੇੜਾ ਦਾ ਹਿੱਸਾ ਅਤੇ 23/1512 ਸ੍ਰੀਮਤੀ ਲੀਲਾ ਰਾਣੀ ਅਤੇ ਸੁਧੀਰ ਖੇੜਾ ਦਾ ਹਿੱਸਾ, ਜੋ | 28.07.2026 | 28.09.2026 | 30.06.2026 ਨੂੰ ਰੁਪਏ 94,79,539.75/- (ਚੁਰਾਨਵੇਂ ਲੱਖ ਉਣਾਸੀ ਹਜ਼ਾਰ ਪੰਜ ਸੌ ਉਨਤਾਲੀ ਰੁਪਏ ਅਤੇ ਪੰਝੱਤਰ ਪੈਸੇ ਕੇਵਲ) ਸਮੇਤ 30.06.2026 ਤੱਕ ਗਣਨਾ ਕੀਤਾ ਵਿਆਜ ਅਤੇ ਇਸ 'ਤੇ ਹੋਰ ਚਾਰਜਿਜ਼/ਖਰਚੇ। |
| ਕਿ ਕੁਲ ਜ਼ਮੀਨ ਰਕਬਾ 1 ਕਨਾਲ 8 ਮਰਲਾ, ਖੇਵਟ ਨੰ. 84, ਖਤੌਨੀ ਨੰ. 91 ਅਧੀਨ, ਖਸਰਾ ਨੰ 87//26/1(1-8) (ਨਕੋਦਰ-1), ਜ਼ਮੀਨ ਰਕਬਾ 4 ਮਰਲਾ 47/15480 ਅਰਾਧਨਾ ਪਤਨੀ ਸੁਧੀਰ ਖੇੜਾ ਦਾ ਹਿੱਸਾ ਅਤੇ 91/5805 ਲੀਲਾ ਰਾਣੀ ਅਤੇ ਸੁਧੀਰ ਖੇੜਾ ਦਾ ਹਿੱਸਾ, ਜੋ ਕਿ ਜ਼ਮੀਨ ਰਕਬਾ 10 ਕਨਾਲ 15 ਮਰਲਾ 'ਚੋਂ ਖੇਵਟ ਨੰ. 648, ਖਤੌਨੀ ਨੰ. 801 ਅਧੀਨ, ਖਸਰਾ ਨੰ. 87//8/3 (2-8), 9(7-12), 88//7/1 (0-15) (ਨਕੋਦਰ-1) ਜ਼ਮੀਨ ਰਕਬਾ 5 ਮਰਲਾ 4 ਸਰਸਾਈ 45/9648 ਅਰਾਧਨਾ ਖੇੜਾ ਪਤਨੀ ਸੁਧੀਰ ਖੇੜਾ ਦਾ ਹਿੱਸਾ, ਅਤੇ 113/7236 ਲੀਲਾ ਰਾਣੀ ਅਤੇ ਸੁਧੀਰ ਖੇੜਾ ਦਾ ਹਿੱਸਾ ਕੁਲ ਜ਼ਮੀਨ ਰਕਬਾ 13 ਕਨਾਲ 8 ਮਰਲਾ 'ਚੋਂ, ਖੇਵਟ ਨੰ. 159, ਖਤੌਨੀ ਨੰ. 183 ਅਧੀਨ, ਖਸਰਾ ਨੰ. 87//1/1(1-1) 26/2(2-4), 88//4/3 (4-10), 5/2 (2-8), 6/1 (3-5) ਵਿਸ਼ੇ 'ਚ ਕੁਲ ਜਾਇਦਾਦ 10 ਮਰਲਾ ਜੋ ਛੱਤਿਆ ਹੋਇਆ ਅਤੇ ਮਾਨਤਾ ਪ੍ਰਾਪਤ ਵੈਲਿਊਰ ਵੱਲੋਂ ਜਗ੍ਹਾ 'ਤੇ ਜਾ ਕੇ ਵੈਲਿਊਏਸ਼ਨ ਰਿਪੋਰਟ ਦਿੱਤੀ ਗਈ ਅਤੇ ਮੌਜੂਦਾ ਕੁੱਲ ਜਾਇਦਾਦ ਉਕਤ ਦਰਸਾਏ ਬੈਨਾਮਾ ਦਸਤਾਵੇਜ਼ ਨੰ. 66 ਮਿਤੀ 6-4-1995 ਅਨੁਸਾਰ ਅਤੇ ਫਰਦ ਜਮ੍ਹਾਂਬੰਦੀ ਸਾਲ 2018-19 ਦੇ ਆਧਾਰ 'ਤੇ। ਹੱਦਾਂ : ਉੱਤਰ : ਸੁਰਿੰਦਰ ਕੈਂਥ ਦੀ ਜਾਇਦਾਦ, ਦੱਖਣ : ਹਰਪ੍ਰੀਤ ਸਿੰਘ ਦੀ ਜਾਇਦਾਦ, ਪੂਰਬ : ਅਜੀਤ ਪਾਲ ਮੌਂਜੀ, ਪੱਛਮ : ਲਾਂਘਾ | | | | |

ਮਿਤੀ : 28.09.2026, ਸਥਾਨ : ਨਕੋਦਰ ਅਧਿਕਾਰਤ ਅਫ਼ਸਰ

# ਸਰਕਾਰ ਮੁਲਾਜ਼ਮਾਂ ਦੇ ਜਾਇਜ਼ ਮਸਲਿਆਂ ਦੇ ਹੱਲ ਲਈ ਵਚਨਬੱਧ : ਚੀਮਾ



ਚੰਡੀਗੜ੍ਹ (ਗੁਰਜੀਤ ਬਿੱਲਾ) - ਮੁਲਾਜ਼ਮਾਂ ਅਤੇ ਵੱਖ-ਵੱਖ ਵਰਗਾਂ ਦੇ ਕਾਮਿਆਂ ਦੇ ਜਾਇਜ਼ ਮਸਲਿਆਂ ਨੂੰ ਆਪਸੀ ਗੱਲਬਾਤ, ਪਾਰਦਰਸ਼ਤਾ ਅਤੇ ਏਕਤਾ ਰਾਹੀਂ ਹੱਲ ਕਰਨ ਸਬੰਧੀ ਭਗਵੰਤ ਮਾਨ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ, ਮੁਲਾਜ਼ਮਾਂ ਦੇ ਮੁੱਦਿਆਂ ਦੇ ਹੱਲ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਮੁਖੀ ਤੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਨੂੰ ਇਥੇ ਵੱਖ-ਵੱਖ ਮੁਲਾਜ਼ਮ ਯੂਨੀਅਨਾਂ ਅਤੇ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕੀਤੀਆਂ। ਮੀਟਿੰਗਾਂ ਦੌਰਾਨ ਸੰਯੁਕਤ ਦਿਵਿਆਂਗ ਮੋਰਚਾ (ਪੰਜਾਬ), ਪੰਜਾਬ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਇਨਲਿਸਟਿਡ ਕੰਟਰੈਕਟ ਵਰਕਰਜ਼ ਐਂਡ ਲੇਬਰ ਯੂਨੀਅਨ, ਮਨਰੇਗਾ ਕਰਮਚਾਰੀ ਯੂਨੀਅਨ (ਪੰਜਾਬ) ਅਤੇ ਨੇਤਰਹੀਣ ਕੋਟਾ ਪੰਜਾਬ ਐਸੋਸੀਏਸ਼ਨ ਦੇ ਵਫ਼ਦਾਂ ਨੇ ਕੈਬਨਿਟ ਸਬ-ਕਮੇਟੀ ਨੂੰ ਆਪਣੇ ਮੰਗ-ਪੱਤਰ ਸੌਂਪੇ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਆਪਣੇ ਪ੍ਰਸ਼ਾਸਨਿਕ, ਸੇਵਾ-ਮੁਕਤ/ਨੌਕਰੀ ਸਬੰਧੀ ਅਤੇ ਭਲਾਈ ਨਾਲ ਜੁੜੇ ਮਸਲਿਆਂ ਤੋਂ ਜਾਣੂ ਕਰਵਾਇਆ। ਵਿੱਤ ਮੰਤਰੀ ਚੀਮਾ ਨੇ ਹਰੇਕ ਵਫ਼ਦ ਦੇ ਨੁਮਾਇੰਦਿਆਂ ਨੂੰ ਧੀਰਜ ਨਾਲ ਸੁਣਿਆ ਅਤੇ ਉਨ੍ਹਾਂ ਵੱਲੋਂ ਉਠਾਏ ਗਏ ਮੁੱਦਿਆਂ ਨੂੰ ਗੌਰ ਨਾਲ ਦਰਜ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ 'ਖੁੱਲ੍ਹੇ ਦਰਵਾਜ਼ੇ' ਦੀ ਨੀਤੀ ਵਿੱਚ ਵਿਸ਼ਵਾਸ ਰੱਖਦੀ ਹੈ ਅਤੇ ਮੁਲਾਜ਼ਮਾਂ ਤੇ ਉਨ੍ਹਾਂ ਦੇ ਨੁਮਾਇੰਦਿਆਂ ਨਾਲ ਉਸਾਰੂ ਅਤੇ ਪਾਰਦਰਸ਼ੀ ਢੰਗ ਨਾਲ ਲਗਾਤਾਰ ਰਾਬਤਾ ਕਾਇਮ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਸੂਬੇ ਦੇ ਕੰਮਕਾਜ ਵਿੱਚ ਮੁਲਾਜ਼ਮਾਂ ਅਤੇ ਕਾਰਜਬਲ ਦੇ ਵੱਖ-ਵੱਖ ਵਰਗਾਂ ਦੇ ਯੋਗਦਾਨ ਨੂੰ ਮਾਨਤਾ ਦਿੰਦੀ ਹੈ ਅਤੇ ਜਾਇਜ਼ ਮੰਗਾਂ ਦੀ ਪੜਤਾਲ ਤੱਥ-ਪੱਖੀ ਫਰੇਮਵਰਕ ਨਾਲ ਕਰਨ ਪ੍ਰਤੀ ਵਚਨਬੱਧ ਹੈ। ਉਨ੍ਹਾਂ ਨੇ ਦੁਹਰਾਇਆ ਕਿ ਕੈਬਨਿਟ ਸਬ-ਕਮੇਟੀ ਮੁਲਾਜ਼ਮਾਂ ਦੇ ਨੁਮਾਇੰਦਿਆਂ ਨਾਲ ਲਗਾਤਾਰ ਰਾਬਤਾ ਕਾਇਮ ਰੱਖੇਗੀ।

# ਦੇਨੋਵਾਲ ਖੁਰਦ ਵਿਖੇ ਸਾਲਾਨਾ ਸਰਾਂਯਾਂ ਦਾ ਮਹਾਂ ਭੰਡਾਰਾ ਭਲਕੇ



ਆਦਮਪੁਰ (ਪਰਮਜੀਤ ਸਿੰਘ)-ਪਿੰਡ ਦੇਨੋਵਾਲ ਖੁਰਦ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਹੰਤ ਸੁਖਦੇਵ ਰਾਜ ਦੀ ਯੋਗ ਅਗਵਾਈ ਹੇਠ ਪ੍ਰਬੰਧਕ ਕਮੇਟੀ, ਸਮੂਹ ਸਾਧ ਸੰਗਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਧੰਨ-ਧੰਨ ਮਹੰਤ ਨਿਹਾਲ ਦਾਸ ਜੀ ਮਹਾਰਾਜ (ਡੇਰਾ ਦੁਧਾਧਾਰੀ) ਵਿਖੇ ਸਾਲਾਨਾ ਸਰਾਂਯਾਂ ਦੇ ਮਹਾਂ ਭੰਡਾਰੇ ਦਾ ਆਯੋਜਨ 1 ਅਕਤੂਬਰ (ਬੁੱਧਵਾਰ) ਨੂੰ ਸ਼ਰਧਾ ਨਾਲ ਕੀਤਾ ਜਾ ਰਿਹਾ ਹੈ। ਇਸ ਸਬੰਧੀ ਪ੍ਰਬੰਧਕਾਂ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਸਮਾਗਮ ਦੌਰਾਨ ਨਿਸ਼ਾਨ ਸਾਹਿਬ ਦੀ ਰਸਮ ਸਵੇਰੇ 8 ਵਜੇ, ਕਵਾਲੀ ਮਹਿਫਲ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਤੇ ਸਾਧੂ ਪੰਗਤ ਦੁਪਹਿਰ 1 ਵਜੇ ਹੋਵੇਗੀ। ਇਸ ਮੌਕੇ ਉੱਘੇ ਗਾਇਕਾਂ ਬਲਵੀਰ ਵਾਰਡ ਕਵਾਲ, ਪ੍ਰੇਮ ਕਵਾਲ ਪਟਨਾ ਵਾਲੇ, ਪ੍ਰੇਮ ਸਾਗਰ ਕਵਾਲ ਅਤੇ ਸੂਫੀ ਗਾਇਕ ਜਸਵਿੰਦਰ ਆਜ਼ਾਦ ਆਸ਼ਮ ਵੱਲੋਂ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਪ੍ਰਬੰਧਕਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਇਸ ਪਵਿੱਤਰ ਮੌਕੇ 'ਤੇ ਪਹੁੰਚ ਕੇ ਧਾਰਮਿਕ ਸਮਾਗਮ ਵਿੱਚ ਹਾਜ਼ਰੀ ਭਰਕੇ ਅਤੇ ਗੁਰੂ ਕਾ ਲੰਗਰ ਛਕ ਕੇ ਸੰਤਾਂ ਦਾ ਆਸ਼ੀਰਵਾਦ ਪ੍ਰਾਪਤ ਕਰੋ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ, ਦਰਜਾ ਦੂਜਾ-ਕਮ-ਨਾਇਬ ਤਹਿਸੀਲਦਾਰ, ਬੁਢਲਾਡਾ
ਨੋਟਿਸ ਬਰਾਏ ਆਮ ਜਨਤਾ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਖੱਤਰੀ ਸਿੰਘ ਪੁੱਤਰ ਅੰਗਰੇਜ਼ ਦਾਸ ਪੁੱਤਰ ਨਿੱਕਾ ਸਿੰਘ, ਵਾਸੀ ਬੁਢਲਾਡਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਨੇ ਇੱਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਉਸ ਨੂੰ ਪਿੰਡ ਵਿੱਚ ਦੋ ਨਾਵਾਂ ਖੱਤਰੀ ਸਿੰਘ ਅਤੇ ਕਾਲੇ ਰਾਮ ਨਾਲ ਜਾਣਿਆ ਜਾਂਦਾ ਹੈ। ਉਸ ਦੇ ਆਧਾਰ ਕਾਰਡ ਅਤੇ ਹੋਰ ਸਰਕਾਰੀ ਦਸਤਾਵੇਜ਼ਾਂ ਵਿੱਚ ਉਸ ਦਾ ਨਾਂਅ ਖੱਤਰੀ ਸਿੰਘ ਦਰਜ ਹੈ, ਜਦਕਿ ਮਾਲ ਰਿਕਾਰਡ ਜਮ੍ਹਾਂਬੰਦੀ (ਸਾਲ 2022-23) ਵਾਕਾ ਰਕਬਾ ਪਿੰਡ ਬੁਢਲਾਡਾ, ਖੇਵਟ/ਖਾਤਾ ਨੰਬਰ 277/716 ਵਿੱਚ ਉਸ ਦਾ ਨਾਂਅ ਕਾਲੇ ਰਾਮ ਦਰਜ ਹੈ। ਦਰਅਸਲ ਖੱਤਰੀ ਸਿੰਘ ਅਤੇ ਕਾਲੇ ਰਾਮ ਦੋਵੇਂ ਨਾਂਅ ਇੱਕੋ ਹੀ ਵਿਅਕਤੀ ਦੇ ਹਨ। ਇਸ ਲਈ ਉਸ ਵੱਲੋਂ ਮਾਲ ਰਿਕਾਰਡ ਵਿੱਚ ਆਪਣਾ ਨਾਂਅ ਕਾਲੇ ਰਾਮ ਉਰਫ਼ ਖੱਤਰੀ ਸਿੰਘ ਪੁੱਤਰ ਅੰਗਰੇਜ਼ ਦਾਸ ਕੀਤੇ ਜਾਣ ਦੀ ਬੇਨਤੀ ਕੀਤੀ ਗਈ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਦਰਖਾਸਤਕਰਤਾ ਦਾ ਨਾਂਅ ਮਾਲ ਰਿਕਾਰਡ ਪਿੰਡ ਬੁਢਲਾਡਾ ਵਿਖੇ ਤਬਦੀਲੀ ਸੰਬੰਧੀ ਕੋਈ ਇਤਰਾਜ਼ ਹੈ, ਤਾਂ ਉਹ ਇਸ ਇਸ਼ਤਿਹਾਰ ਦੇ ਪ੍ਰਕਾਸ਼ਿਤ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਪਾਸ ਅਦਾਲਤਨ ਜਾਂ ਵਕਾਲਤਨ ਪੇਸ਼ ਹੋ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕਿਸੇ ਵੀ ਕਿਸਮ ਦੇ ਇਤਰਾਜ਼ 'ਤੇ ਕੋਈ ਗੌਰ ਨਹੀਂ ਕੀਤੀ ਜਾਵੇਗੀ ਅਤੇ ਦਰਖਾਸਤਕਰਤਾ ਦਾ ਨਾਂਅ ਮਾਲ ਰਿਕਾਰਡ ਵਿੱਚ ਕਾਲੇ ਰਾਮ ਦੀ ਬਜਾਏ ਕਾਲੇ ਰਾਮ ਉਰਫ਼ ਖੱਤਰੀ ਸਿੰਘ ਕਰ ਦਿੱਤਾ ਜਾਵੇਗਾ।

ਇਹ ਇਸ਼ਤਿਹਾਰ ਅੱਜ ਮਿਤੀ 28.09.2026 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਰਾਹੀਂ ਜਾਰੀ ਕੀਤਾ ਗਿਆ।

ਸਹੀ/-ਸਹਾਇਕ ਕੁਲੈਕਟਰ, ਦਰਜਾ ਦੋਇਮ -ਕਮ-ਨਾਇਬ ਤਹਿਸੀਲਦਾਰ ਬੁਢਲਾਡਾ।
ਨੰਬਰ: 905 /ਰੀ-2 ਮਿਤੀ : 28/09/2026

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਮੂਨਕ ਜ਼ਿਲ੍ਹਾ ਸੰਗਰੂਰ
ਵਿਸ਼ਾ:- ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਵਾਉਣ ਸੰਬੰਧੀ ਦ/ਵ ਸਤਨਾਮ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਬਾਦਲਗੜ੍ਹ, ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ।

ਇਸ਼ਤਿਹਾਰ ਨੋਟਿਸ

ਉਪਰੋਕਤ ਵਿਸ਼ੇ ਸੰਬੰਧੀ ਦੇ ਸਬੰਧ ਵਿੱਚ ਸਤਨਾਮ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਬਾਦਲਗੜ੍ਹ, ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ ਵੱਲੋਂ ਇੱਕ ਦਰਖਾਸਤ ਪੇਸ਼ ਕੀਤੀ ਗਈ ਹੈ ਕਿ ਉਸ ਦੇ ਪਿਤਾ ਦਾ ਨਾਂਅ ਅਧਾਰ ਕਾਰਡ, ਅਤੇ ਵੋਟਰ ਕਾਰਡ ਵਿੱਚ ਸਵ. ਨਛੱਤਰ ਸਿੰਘ ਪੁੱਤਰ ਰਕਮਾ ਸਿੰਘ ਦਰਜ ਹੈ, ਪ੍ਰੰਤੂ ਮਾਲ ਰਿਕਾਰਡ ਜਮ੍ਹਾਂਬੰਦੀ ਸਾਲ 2023-24 ਵਾਕਾ ਰਕਬਾ ਬਾਦਲਗੜ੍ਹ ਦੇ ਖਾਤਾ ਨੰ. 115/171 ਵਿੱਚ ਤਿੱਤਰ ਸਿੰਘ ਪੁੱਤਰ ਰਕਮਾ ਸਿੰਘ ਅਤੇ ਖਾਤਾ ਨੰਬਰ 211/410, 218/420 ਵਿੱਚ ਨਛੱਤਰ ਸਿੰਘ ਉਰਫ ਤਿੱਤਰ ਸਿੰਘ ਪੁੱਤਰ ਰਕਮ ਸਿੰਘ ਪੁੱਤਰ ਸੀਤਾ ਸਿੰਘ ਦਰਜ ਹੈ। ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਤਿੱਤਰ ਸਿੰਘ ਉਰਫ ਨਛੱਤਰ ਸਿੰਘ ਪੁੱਤਰ ਰਕਮ ਸਿੰਘ ਉਰਫ ਰਕਮਾ ਸਿੰਘ ਪੁੱਤਰ ਸੀਤਾ ਸਿੰਘ ਦਰਜ ਕਰਨ ਵਿੱਚ ਕੋਈ ਇਤਰਾਜ਼ ਹੈ ਤਾਂ ਉਹ ਇਹ ਇਸ਼ਤਿਹਾਰ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਖੁਦ ਜਾਂ ਵਕੀਲ ਰਾਹੀਂ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਨਿਸਚਿਤ ਸਮੇਂ ਤੋਂ ਬਾਅਦ ਕਿਸੇ ਵੀ ਵਿਅਕਤੀ ਦਾ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਮਾਲ ਰਿਕਾਰਡ ਵਿੱਚ ਰੂਲ 7.28(2) ਵਿੱਚ ਦਰਸਾਏ ਮੁਤਾਬਿਕ ਪੁਰਾਣੇ ਨਾਂਅ ਦੇ ਨਾਲ-ਨਾਲ ਨਵਾਂ ਦਰਸਾਉਂਦੇ ਹੋਏ ਦਰਜ ਕੀਤਾ ਜਾਵੇਗਾ।

ਉਦਾਹਰਨ:- ਤਿੱਤਰ ਸਿੰਘ ਉਰਫ ਨਛੱਤਰ ਸਿੰਘ ਪੁੱਤਰ ਰਕਮ ਸਿੰਘ ਉਰਫ ਰਕਮਾ ਸਿੰਘ ਪੁੱਤਰ ਸੀਤਾ ਸਿੰਘ ਕੀਤਾ ਜਾਵੇਗਾ।

ਅੱਜ ਇਹ ਇਸ਼ਤਿਹਾਰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਹੇਠ ਮਿਤੀ 28.09.2026 ਨੂੰ ਜਾਰੀ ਕੀਤਾ ਗਿਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ -ਕਮ-ਨਾਇਬ ਤਹਿਸੀਲਦਾਰ ਮੂਨਕ
ਨੰਬਰ : 386/ਰੀਡਰ-2, ਮਿਤੀ : 28/09/2026

## ਆਈ ਸੀ ਆਈ ਸੀ ਆਈ ਪ੍ਰੂਡੈਂਸ਼ੀਅਲ ਲਾਈਫ ਨੇ 5,149 ਕਰੋੜ ਦੇ ਮੌਤ ਦਾਅਵੇ ਨਿਪਟਾਏ

ਜਲੰਧਰ (ਨ ਜ਼ ਸ)-ਆਈ ਸੀ ਆਈ ਸੀ ਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ ਵਿੱਤੀ ਸਾਲ 2026 ਵਿੱਚ 5,149 ਕਰੋੜ ਦੇ ਵਿਅਕਤੀਗਤ ਮੌਤ ਦਾਅਵਿਆਂ ਦਾ ਨਿਪਟਾਰਾ ਕੀਤਾ। ਕੰਪਨੀ ਮੁਤਾਬਕ ਇਸ ਦੌਰਾਨ ਔਸਤ ਵਿਅਕਤੀਗਤ ਮੌਤ ਦਾਅਵਾ ਰਕਮ ਲਗਭਗ15 ਲੱਖ ਰਹੀ, ਜੋ ਲਗਾਤਾਰ ਦੂਜੇ ਸਾਲ ਸਭ ਤੋਂ ਉੱਚੇ ਪੱਧਰ 'ਤੇ ਹੈ। ਅੰਡਰਰਾਈਟਿੰਗ ਐਂਡ ਰਿਟੇਲ ਕਲੇਮਜ਼ ਦੇ ਮੁਖੀ ਸਾਰੰਗ ਗੋਖਲੇ ਨੇ ਕਿਹਾ ਕਿ ਵਿੱਤੀ ਸਾਲ 2026 ਵਿੱਚ ਕੰਪਨੀ ਦਾ ਦਾਅਵਾ ਨਿਪਟਾਰਾ ਅਨੁਪਾਤ 99.3% ਰਿਹਾ, ਜਦਕਿ ਗੈਰ-ਜਾਂਚ ਵਾਲੇ ਦਾਅਵਿਆਂ ਵਿੱਚ ਆਖਰੀ ਦਸਤਾਵੇਜ਼ ਮਿਲਣ ਤੋਂ ਬਾਅਦ ਔਸਤ ਨਿਪਟਾਰਾ ਸਮਾਂ 1.1 ਦਿਨ ਰਿਹਾ। ਉਨ੍ਹਾਂ ਨੇ ਪਾਲਿਸੀਧਾਰਕਾਂ ਨੂੰ ਬਦਲਦੀਆਂ ਵਿੱਤੀ ਲੋੜਾਂ ਮੁਤਾਬਕ ਆਪਣੇ ਬੀਮਾ ਕਵਰ ਦੀ ਨਿਯਮਤ ਸਮੀਖਿਆ ਕਰਨ ਦੀ ਸਲਾਹ ਦਿੱਤੀ।


**St. Soldier College of Education**

Behind R.E.C (NIT), Jal-Asr Bye-Pass, Jalandhar
(Approved by NCTE & Affiliated to GNDU, Amritsar for B.Ed & Affiliated with Maharaja Bhupinder Singh Punjab Sports University Patiala for B.P.Ed)

Phone No 7009305809, Mobile: 98769-10446

**Admission In B.Ed. & B.P.Ed**
(Management Quota Seats with Normal Fee)

Students who have not Appeared in the entrance test of B.Ed are Eligible and the students who have not appeared in Physical Test of B.P.Ed can also apply.

**Counseling will be held in the college on 03 Oct, 2026 at sharp 10:00 am.**

Come with all required documents along with your passport size photos
• College is also running D.El.Ed (ETT) & B.P.E.S courses. Chairman


# ਕਲਾਸੀਫਾਈਡ ਇਸ਼ਤਿਹਾਰ

## Change of Name

I, Aakriti Thakur D/O Des Raj Thakur have changed my name Aakriti Thakur to Aakriti Gupta after my marriage with Ishan Gupta, C-302, Smart Homes, 66, Feet Road, Jalandhar Hights-2, Pholriwal Road, PO Garha, Jalandhar -144022 (Punjab). All concerned may note please.

I, Yasmit Kaur W/O Deep Singh Bhinder R/O Wachhoa, Amritsar, Punjab have changed my name from Yasmit Kaur to Yashmeet Kaur. Concerned note.

I, Harpeet Singh S/o Sh. Surjit Singh R/o H. No. 26, Bhai Ditt Singh Nagar, Jalandhar City, Punjab, 144001, India I have changed my given Name Harpreet Singh to Harpreet Gaba. Please all remitter, relative concerned note. (13873)

I, Sahil S/o Ashwani Kumar, Village Fatehpur, PO. Fatehpur Bhattlan, Tehsil Dasuya, Distt. Hoshiarpur, Punjab declare that I have my name Sahil changed to my first name Sahil and Surname as Manhas. All please note.

I, Makhan Ram S/o Ram Saroop R/o Village Bholewal, PO. Chandpur Rurki, Teh. Balachaur, Distt. SBS Nagar that I have Changed my name from Makhan Ram to Makhan Singh. All please note.

I, Mandeep Kaur W/O Manvir Singh R/O VPO. Jalalpur. Teh. Tanda. Distt. Hoshiarpur, Punjab. declare that my Given Name is Mandeep and My Surname is Kaur. Please Note.

I, Mandeep Kaur W/O Manvir Singh R/O VPO. Jalalpur, Teh. Tanda. Distt. Hoshiarpur, Punjab. I have changed my son name from Anshpreet Singh to given name is Anshpreet and Surname is Singh. Please note.

I, Mandeep Kaur W/O Manvir Singh R/O VPO. Jalalpur, Teh. Tanda. Distt. Hoshiarpur, Punjab. I have changed my son name from Aaravpreet Singh to given name is Aaravpreet and Surname is Singh. Please Note.

I, Saravpreet Singh S/o Rajinder Singh R/o 33, Friends Avenue, Plah Sahib Road, District Amritsar have changed my name from Saravpreet Singh to Saravpreet Singh Cheema.

I, Ashok S/o Komal Dhobi R/o Lerana Gauri Bazar Deoria have changed my name from Ashok to Ashok Kumar.

I, Ugesh Chander S/o Bal Krishan R/o H.No.94-A, Joshi Colony, Amritsar have changed my name from Ugesh Chander Chopra to Ugesh Chander.

I, Yashika Kaur and Yashika D/o Pawan Kumar R/o HM 852, Sector 3 Housing Board Colony Ranjit Avenue, Amritsar have declare that above both names are mine one and same person.

I, Dilsher Singh S/o Kuldip Singh R/o Village Nag Khurd, PO Nag Kalan, Block Majitha Amritsar have declare that Dilsher is my given name and Singh is my Surname.

I, Mahatam Yadav S/O Mukh Lal Yadav R/O Hno 12 Guru Teg Bahadur Nagar ,Po Khalsa College Amritsar Punjab Have Changed My Name Mahatam.

I, Palwinder Singh S/o Harbhajan Singh R/o Village Bhujjran Wala, Chabhal Kalan District Tarn Taran have declare that Palwinder is my Given name and Singh is my Surname.

I, Ramanjit Kaur W/o Palwinder Singh R/o Village Bhujjran Wala, Chabhal Kalan District Tarn Taran have declare that Ramanjit is my given name and Kaur is my Surname.

I, Sukhjinder Singh S/o Harbhajan Singh R/o Village Bhojran Wala, Chabhal Kalan District Tarn Taran have declare that Sukhjinder is my Surname and Singh is my Surname.

I, Kuldip Singh S/O Balwinder Singh R/O Vpo Begowal, Tehsil Bholath, Distt Kapurthala, Punjab 144621 declare that have changed my minor daughter name from Sehejpreet Kaur to Kaur as surname and given name is Sehejpreet. Please note.

I, Jatinder Singh S/o Jaswant Singh Sahota R/o H.No.309, V.Partappura, Lohar Po.Lohar Partapura Distt.Jalandhar have changed my name from Jatinder Singh to Jatinder Singh Sahota (Sahota as Surname). All please note.

I, Bhawna Manhas Alias Riya Malhotra wife of Vishal Malhotra resident of H. No. 5/9, Gulab Devi Hospital Road, Mohalla Shahid Babu Labh Singh Nagar, Jalandhar- 144013 have changed my name from Bhawna Manhas Alias Riya Malhotra to Riya Malhotra. All concern may note please.

I, Rishi Nanda S/o Bhupinder Kumar Nanda R/o H.No.195/5,Jaswant Nagar, P.O. Garha, Jalandhar, Punjab - 144022 have changed the name of my minor son Aaradhya Nanda aged 15 years and he shall hereafter be known as Devansh Nanda.

## Change of Name

I, Avtar Singh Ghula S/o Inder Singh R/o 2, First Floor HIG Mall Mandi G. T Road, Near Panj Peer Dhingra Complex Amritsar have changed my name from Avtar Singh Ghula to Avtar Singh.

I, Gurpreet Singh S/o Joga Singh R/o Village Charan, Po. Jadla, Distt. S.B.S Nagar - 144515, Punjab have changed my name from Gurpreet Singh to Gurpreet as given name and Singh as surname. All concerned please note.

I, Parvez Alam S/o Mohd Irfan R/o H.No. SN-7, Shastri Nagar, Nakodar Road, Distt. Jalandhar - 144001, Punjab have changed my name from Parvez Alam to Parvez as given name and Alam as surname. All concerned please note.

I, hitherto known as Nishtha Manchanda W/o Sahil Khanna R/o H.No 259, Chotti Baradari Part 1, Distt. Jalandhar-II, Punjab-144022, have changed my name and shall hereafter be known as Nishtha Khanna.

I, Sukhwinder Kaur W/o Karamjit David R/o VPO Heran, Tehsil Nakodar, Heran, Jalandhar, Punjab- 144630, have changed the name of my minor Son HARSHDEEP SABHARWAL, aged 13 years and he shall hereafter be known as HARSHDEEP DAVID.

I Harpreet son of Balwinder Singh resident of VPO Randhawa Masandan, Distt Jalandhar Punjab, India have changed my name from Harpreet to Harpreet Mahi. Harpreet as Given name & Mahi as surname. Please note.

I, Jashandeep Singh S/o Kulwant Singh R/o Village Daoke, Amritsar have declare that Jashandeep is my given name and Singh is my Surname.

I, Sahil S/o Jeet Raj, R/o WN-216, Balmiki Mohalla, Basti Danishmandan, Jalandhar city have changed my name from Sahil to Sahil Loach. (R)

I Ruhani Sharma, D/o Ankush Sharma, R/o H. No. 277, Shivala Colony, Amritsar, have changed my name from Ruhani to Ruhani Sharma.

I, Ratinder Singh S/o Avtar Singh R/o Vill. Harbanspur, Tehsil Phagwara, Distt. Kapurthala have changed my Given name as Ratinder & Surname as Singh. All Please Note.

I, Kamaljeet Kaur W/o Chaman Lal R/o Patti Rawal Ki, Po. Rurka Kalan, Distt. Jalandhar have changed my name from Kamaljeet Kaur to Kamla Devi. All Please Note.

I, Narinder Kumar S/o Des Raj R/o H.No. 1152, Tara Chand Colony, Garha, Distt. Jalandhar have changed my minor daughter name from Tanisha to Tejal Sagar. All Please Note.

I, Vishva Rani W/o Suresh kumar R/o House no 494, vpo Dakoha jalandhar punjab 144023 have changed my name from Vishva Rani to Vishwa Rani. All concerned please note.

I, Najma W/O Aslam Mohammad, R/o Sangali, Kishangarh, PO: Himtana, Dist: Malerkotla, Punjab-148023. have changed my name and shall hereafter be Known as Nazia.

I, Parveen Kumari Parbhakar W/o Rakesh Kumar Kalia R/o H.No. 44, Hargopal Sidhu Enclave, Dakoha, Jalandhar, Punjab-144023 have changed my name from Parveen Kumari Parbhakar to Deepika Kumari Kalia. All concerned please note.

I, Baljinder Kaur Ahluwalia W/o Avtar Singh R/o 2, First Floor HIG Mall Mandi G. T Road, Near Panj Peer Dhingra Complex Amritsar have changed my name from Baljinder Kaur Ahluwalia to Baljinder Kaur.

## ਨਾਂਅ ਦੀ ਬਦਲੀ

ਮੈਂ, Urmala Rani ਪਤਨੀਂ ਜਨਕ ਰਾਜ, ਵਾਸੀ ਮਕਾਨ ਨੰਬਰ 83, ਵਾਰਡ ਨੰਬਰ 12-ਏ, ਸ਼ਿਵਪੁਰੀ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ Urmila Devi ਰੱਖ ਲਿਆ ਹੈ।

ਮੈਂ, ਸੁਖਵਿੰਦਰ ਕੌਰ ਪਤਨੀ ਸ੍ਰੀ ਅਵਤਾਰ ਸਿੰਘ ਵਾਸੀ ਪਿੰਡ ਮੋਤੀਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੇ ਆਧਾਰ ਕਾਰਡ ਅਤੇ ਬਾਕੀ ਕਾਗਜਾਤ ਵਿੱਚ ਮੇਰਾ ਨਾਮ ਸੁਖਵਿੰਦਰ ਕੌਰ ਹੈ ਅਤੇ ਫਰਦ ਜਮਾਬੰਦੀ ਵਿੱਚ ਮੇਰਾ ਨਾਮ ਜਸਵਿੰਦਰ ਕੌਰ ਚੱਲ ਰਿਹਾ ਹੈ। ਸੁਖਵਿੰਦਰ ਕੌ ਰ ਅਤੇ ਜਸਵਿੰਦਰ ਕੌਰ ਦੋਵੇਂ ਨਾਮ ਮੇਰੇ ਹਨ ਅਤੇ ਮੈਨੂੰ ਦੋਵੇਂ ਨਾਮਾਂ ਨਾਲ ਜਾਣਿਆ ਜਾਂਦਾ ਹੈ।

ਮੈਂ, ਜਸਪ੍ਰੀਤ ਕੌਰ ਪੁੱਤਰੀ ਲੇਟ ਜਸਵਿੰਦਰ ਸਿੰਘ ਪਿੰਡ ਤੇ ਡਾਕਖਾਨਾ ਠੁਆਣਾ, ਤਹਿਸੀਲ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ, ਪੰਜਾਬ, ਨੇ ਆਪਣਾ ਨਾਮ ਜਸਪ੍ਰੀਤ ਕੌਰ ਤੋਂ ਬਦਲ ਕੇ ਮੀਨਾਕਸ਼ੀ ਰੱਖ ਲਿਆ ਹੈ। ਮੈਂ, ਜਸਪ੍ਰੀਤ ਕੌਰ ਅਤੇ ਮੀਨਾਕਸ਼ੀ ਦੋਨਾਂ ਨਾਮਾ ਦੀ ਇੱਕ ਹੀ ਔਰਤ ਹੈ। ਸਾਰੇ ਸਬੰਧਤ ਨੋਟ ਕਰਨ ।

ਮੈਂ, ਕਿਰਨਾ ਦੇਵੀ ਪੁੱਤਰੀ ਨਿਰਮਲ ਸਿੰਘ ਵਾਸੀ ਪਿੰਡ ਰਣਧੀਰਗੜ੍ਹ, ਡਾਕਖਾਨਾ ਨਰੂੜ, ਤਹਿਸੀਲ ਫਗਵਾੜਾ, ਜਿਲ੍ਹਾ ਕਪੂਰਥਲਾ, ਪੰਜਾਬ ਨੇ ਆਪਣਾ ਨਾਮ ਕਿਰਨਾ ਦੇਵੀ ਤੋਂ ਬਦਲ ਕੇ ਕਿਰਨਪ੍ਰੀਤ ਕੌਰ (ਪਹਿਲਾ ਨਾਮ ਕਿਰਨਪ੍ਰੀਤ ਅਤੇ ਉਪ ਨਾਮ ਕੌਰ)

ਮੈਂ, ਰਮੇਸ਼ ਕੁਮਾਰ ਪੁੱਤਰ ਗੁਰਦੇਵ ਰਾਮ ਵਾਸੀ ਪਿੰਡ ਰਾਏਪੁਰ ਡੱਬਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ, ਨਵਾਂਸ਼ਹਿਰ ਨੇ ਆਪਣਾ ਨਾਮ ਰਮੇਸ਼ ਕੁਮਾਰ ਤੋਂ ਬਦਲ ਕੇ ਰਮੇਸ਼ ਕੁਮਾਰ ਬੰਗੜ ਰੱਖ ਲਿਆ ਹੈ।

## ਬੇਦਖਲੀ ਨੋਟਿਸ

ਮੈਂ, ਮੋਹਰ ਸਿੰਘ ਪੁੱਤਰ ਸ੍ਰੀ ਅਰਜਨ ਸਿੰਘ ਵਾਸੀ ਪਿੰਡ ਧੁੜਿਆਲ ਡਾਕਖਾਨਾ ਸਾਰੋਬਾਦ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਗਰਪ੍ਰੀਤ ਸਿੰਘ ਅਤੇ ਨੂੰਹ ਰਣਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਕਸ਼ਮੀਰੋ ਦੇਵੀ ਪਤਨੀਂ ਸਵਰਨ ਰਾਮ, ਵਾਸੀ ਬਾਜੀਗਰ ਬਸਤੀ ਧੂਰੀ (ਸੰਗਰੂਰ) ਆਪਣੇ ਲੜਕੇ ਰਾਜਨ, ਨੂੰਹ ਸੋਮਾ ਨੂੰ ਆਪਣੇ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈਂ, ਸ਼ੇਕਤ ਅਲੀ ਪੁੱਤਰ ਜਾਨੀ ਖਾਂ, ਪਿੰਡ ਘਨੌਰ ਕਲਾਂ (ਸੰਗਰੂਰ) ਆਪਣੇ ਲੜਕੇ ਮੁਹੰਮਦ ਯਾਮੀਨ, ਨੂੰਹ ਰੁਬੀਆ ਅੰਸਾਰੀ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਮਿਤੀ 5 ਅਗਸਤ 2025 ਦੇ ਨਵਾਂ ਜਮਾਨਾ ਅਖ਼ਬਾਰ ਰਾਹੀਂ ਬੇਦਖਲ ਕੀਤਾ ਸੀ। ਮੈਂ ਉਕਤ ਬੇਦਖਲੀ ਤੋਂ ਉਕਤਾਨ ਨੂੰ ਫ਼ਾਰਗਤੀ ਦਿੰਦਾ ਹਾਂ, ਜੋ ਰੱਦ ਸਮਝੀ ਜਾਵੇ।

ਮੈਂ ਕੁਲਵਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਪਿੰਡ ਟੂਟੋਮਜਾਰਾ ਤਹਿਸੀਲ ਗੜ੍ਹਸੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਕਸ਼ਦੀਪ ਸਿੰਘ ਅਤੇ ਉਸਦੀ ਪਤਨੀ ਸਿਮਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜੁੰਮੇਵਾਰ ਹੋਣਗੇ।

ਮੈਂ ਸੁਖਵਿੰਦਰ ਸਿੰਘ ਪੁੱਤਰ ਨੱਥਾ ਸਿੰਘ ਵਾਸੀ 28, ਨੇੜੇ ਬਾਬਾ ਬੇਰ ਸ਼ਾਹ, ਛੇਹਰਟਾ ਘਨੂੰਪੁਰ, ਅੰਮ੍ਰਿਤਸਰ ਆਪਣੇ ਤਲਾਕਸ਼ੁਦਾ ਬੇਟੇ ਨਵਜੋਤ ਸਿੰਘ ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀਂ ਮੰਨਦਾ, ਆਪਣੀ ਮਰਜੀ ਕਰਦਾ ਹੈ ਨੂੰ ਆਪਣੀ ਚੱਲ ਅਚੱਲ, ਝੁੱਕਵੀ ਅਣਝੁਕਵੀ ਜਾਇਦਾਦ ਤੋ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਮਾੜੇ ਚੰਗੇ ਕੰਮ ਨਫੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਨਵਜੋਤ ਸਿੰਘ ਦੇ ਨਾਲ ਕੋਈ ਸਬੰਧ ਨਹੀ ਹੈ।

ਮੈਂ, ਨੀਲਮ ਪਤਨੀ ਲੇਟ ਲਖਵੀਰ ਸਿੰਘ ਵਾਸੀ ਮਕਾਨ ਨੰਬਰ ਐਲ 25, ਉਪਕਾਰ ਨਗਰ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਤਿੰਦਰ ਅਤੇ ਉਸਦੀ ਪਤਨੀ ਨੀਸ਼ੂ ਵਰਮਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ ਗੁਰਮੇਜ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਭੁੱਲਰ ਤਹਿਸੀਲ ਬਟਾਲਾ, ਜਿਲ੍ਹਾ ਗੁਰਦਾਸਪੁਰ । ਮੇਰੀਆਂ ਲੜਕੀਆਂ ਇਮਾਨਤ ਕੌਰ ਅਤੇ ਮਨੀ ਦੋਨਾ ਦੇ ਜਨਮ ਸਰਟੀਫਿਕੇਟ ਉੱਤੇ ਇਹਨਾਂ ਦੇ ਦਾਦੇ ਦਾ ਨਾਮ ਸਵਿੰਦਰ ਸਿੰਘ ਲਿਖਿਆ ਹੋਇਆ ਹੈ ਜੋ ਕਿ ਗਲਤ ਹੈ ਸਹੀ ਨਾਮ ਚੰਨਣ ਸਿੰਘ ਹੈ ਸਹੀ ਕੀਤਾ ਜਾਵੇ । ਸੰਬੰਧਤ ਨੋਟ ਕਰਨ।

ਮੈਂ, ਅਜੈ ਸਾਹਨੀ ਪੁੱਤਰ ਵੇਦ ਪ੍ਰਕਾਸ਼ ਸਾਹਨੀ ਵਾਸੀ ਮਕਾਨ ਨੰ: 33-ਏ, ਰਾਜਾ ਗਾਰਡਨ ਐਕਸਟੈਨਸ਼ਨ, ਨਜ਼ਦੀਕ ਬਸਤੀ ਪੀਰ ਦਾਦ, ਜ਼ਿਲ੍ਹਾ ਜਲੰਧਰ, ਪੰਜਾਬ-144002, ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪਿਯੂਸ਼ ਸਾਹਨੀ ਅਤੇ ਉਸ ਦੀ ਪਤਨੀ ਰਿਧਿਮਾ ਮਹਾਜਨ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਆਰ)

ਮੈਂ, ਸਰਵਨ ਸਿੰਘ ਪੁੱਤਰ ਪੰਜਾਬ ਸਿੰਘ ਵਾਸੀ ਮਕਾਨ ਨੰਬਰ 331, ਨੇੜੇ ਮੋਨਾ ਮਾਡਲ ਹਾਈ ਸਕੂਲ ਉਪਕਾਰ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਿਲਪ ਮਹਿਲ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕ੍ਰਿਸ਼ਨਾ ਪਤਨੀ ਲੇਟ ਗਿਆਨ ਚੰਦ ਵਾਸੀ ਪਿੰਡ ਕੰਗਨੀਵਾਲ, ਡਾਕਖਾਨਾ ਹਜ਼ਾਰਾ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਬੇਟਾ ਮਨਦੀਪ ਨਰ ਅਤੇ ਇਸ ਦੀ ਪਤਨੀ ਸੁਨੀਤਾ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਮੇਲ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਮਹਿਣਾ, ਤਹਿਸੀਲ ਮੋਗਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਵੀਰ ਸਿੰਘ ਅਤੇ ਉਸ ਦੀ ਪਤਨੀ ਚਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ- ਝਗੜਾ, ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ-ਵਾਸਤਾ ਨਹੀਂ ਹੈ।

ਮੈਂ, ਸਤਪਾਲ ਪੁੱਤਰ ਗੁਲਬੰਸ ਲਾਲ ਵਾਸੀ ਪਿੰਡ ਆਲਮਗੀਰ, ਡਾਕਖਾਨਾ ਕਾਲਾ ਬੱਕਰਾ, ਜਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਵਿੰਦਰ ਕੁਮਾਰ ਅਤੇ ਉਸਦੀ ਪਤਨੀ ਅੰਜੂ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਬਲਵਿੰਦਰ ਕੌਰ ਪਤਨੀ ਦਵਿੰਦਰ ਸਿੰਘ ਵਾਸੀ ਪਿੰਡ ਬੱਲੀ ਮੰਜਪੁਰ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਕਾਸ਼ਦੀਪ ਸਿੰਘ (ਕੁਆਰਾ), ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਰਾਜ ਕੁਮਾਰ ਪੁੱਤਰ ਸ੍ਰੀ ਸੋਹਨ ਲਾਲ ਅਤੇ ਸ੍ਰੀਮਤੀ ਰਾਣੀ ਪਤਨੀ ਰਾਜ ਕੁਮਾਰ ਵਾਸੀਆਨ ਮਕਾਨ ਨੰ: 6887, ਵਰਿਆਮ ਸਿੰਘ ਕਾਲੋਨੀ, ਬਾਹਰਵਾਰ ਖਜ਼ਾਨਾ ਗੇਟ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਾਹਿਲ (25 ਸਾਲ, ਕੁਆਰਾ) ਸਾਡੇ ਕਹਿਣੇ ਤੋਂ ਬਾਹਰ ਹੈ, ਸਾਨੂੰ ਤੰਗ-ਪ੍ਰੇਸ਼ਾਨ ਕਰਦਾ ਹੈ। ਅਸੀਂ ਉਸ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਅਸੀਂ ਤੇ ਸਾਡਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ, ਉਹ ਖੁਦ ਜ਼ਿੰਮੇਵਾਰ ਹੋਣਗੇ। ਸਾਡਾ ਤੇ ਸਾਡੇ ਪਰਵਾਰ ਦਾ ਉਸ ਨਾਲ ਕੋਈ ਤਲਕ-ਵਾਸਤਾ ਨਹੀਂ।

## ਬੇਦਖਲੀ ਨੋਟਿਸ

ਮੈਂ, ਰਣਬੀਰ ਸਿੰਘ ਪੁੱਤਰ ਚੈਂਚਲ ਸਿੰਘ ਵਾਸੀ ਪਿੰਡ ਭੰਬੋਈ, ਡਾਕਖਾਨਾ ਢਡਿਆਲਾ ਨਜਾਰਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਜਿੰਦਰ ਸਿੰਘ (ਜੋ ਵਿਦੇਸ਼ ਰਹਿੰਦਾ ਹੈ), ਮੇਰੀ ਨੂੰਹ ਪਾਇਲਪ੍ਰੀਤ ਕੌਰ ਅਤੇ ਪੋਤਰਾ ਸਵੀਤਾਜਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸਬੰਧਿਤ ਨੋਟ ਕਰਨ।

ਮੈਂ, ਜੱਗਾ ਪੁੱਤਰ ਸਾਈ ਦਾਸ ਵਾਸੀ ਮਕਾਨ ਨੰ: ਬੀ-1/157, ਕਾਹਨੂੰਵਾਨ ਰੋਡ, ਗਲੀ ਨੰ: 4, ਸਿੰਬਲ ਚੌਂਕ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦੀਪਕ ਉਰਫ ਸੋਨਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸਬੰਧਿਤ ਨੋਟ ਕਰਨ।

ਮੈਂ, ਦਿਲਬਾਗ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਖੁਸ਼ਹਾਲ ਸਿੰਘ ਵਾਸੀ ਪਿੰਡ ਦੇਹਰੀਵਾਲ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਹਰਸ਼ਵਿੰਦਰ ਸਿੰਘ ਧੂਤ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸਬੰਧਿਤ ਨੋਟ ਕਰਨ।

ਅਸੀਂ, ਬਲਵੰਤ ਸਿੰਘ ਪੁੱਤਰ ਨਾਜਰ ਸਿੰਘ ਅਤੇ ਮਨਜੀਤ ਕੌਰ ਪਤਨੀ ਬਲਵੰਤ ਸਿੰਘ ਵਾਸੀਆਨ 162 ਰਾਣੇ ਵਾਲੀ ਗਲੀ ਵਾਰਡ ਨੰਬਰ 30 ਦਬੁਰਜੀ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੇ ਲੜਕੇ ਨਿਸ਼ਾਨ ਸਿੰਘ, ਰਘਬੀਰ ਸਿੰਘ ਅਤੇ ਇਨ੍ਹਾਂ ਦੀਆਂ ਪਤਨੀਆਂ, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੀਆਂ ਹਨ। ਸਾਡੀ ਕੋਈ ਦੇਖ-ਭਾਲ ਨਹੀਂ ਕਰਦੇ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਨੀਲਮ ਜੈਨ ਪਤਨੀ ਲੇਟ ਹਰੀਸ਼ ਚੰਦਰ ਜੈਨ ਵਾਸੀ 18-ਸੀ, ਬ੍ਰਹਮ ਨਗਰ, ਲਾਰੰਸ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੌਤਮ ਜੈਨ ਅਤੇ ਇਸ ਦੀ ਪਤਨੀ ਵੀਬਾ ਜੈਨ ਅਤੇ ਇਨ੍ਹਾਂ ਦਾ ਬੱਚਾ ਨਿਰਣੈ ਜੈਨ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਅਮਰਜੀਤ ਕੌਰ ਪਤਨੀ ਜਸਵੰਤ ਸਿੰਘ ਵਾਸੀ ਪਿੰਡ ਤਲਵੰਡੀ ਝਿਉਰਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਵਿਸ਼ਾਲ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ, ਪ੍ਰਿਆ ਪੁੱਤਰੀ ਮਹਿੰਦਰ ਪਾਲ ਵਾਸੀ ਮਕਾਨ ਨੰ 30, ਤਕਿਆ ਫਤਿਹ ਸ਼ਾਹ ਬੁਖਾਰੀ, ਢਾਬ ਖਟੀਕਾ ਪੋਸਟ ਆਫਿਸ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੇ ਵਿਦਿਅਕ ਯੋਗਤਾ ਸਰਟੀਫਿਕੇਟਾਂ ਤੇ ਮੇਰੇ ਪਿਤਾ ਦਾ ਨਾਮ ਗਲਤ ਮਹਿੰਦਰ ਲਿਖਿਆ ਗਿਆ ਹੈ। ਮੇਰੇ ਪਿਤਾ ਦਾ ਸਹੀ ਨਾਮ ਮਹਿੰਦਰ ਪਾਲ ਹੈ। ਸੰਬੰਧਤ ਨੋਟ ਕਰਨ।

ਮੈਂ, ਹਰਦੀਪ ਸਿੰਘ ਪੁੱਤਰ ਲੇਟ ਰਤਨ ਸਿੰਘ ਵਾਸੀ ਪਿੰਡ ਤੇ ਡਾਕ. ਬੁਤਾਲਾ, ਸਬ-ਤਹਿ. ਢਿੱਲਵਾਂ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦਾ ਹਾਂ ਕਿ ਮੇਰਾ ਨਾਂਅ ਹਰਦੀਪ ਸਿੰਘ ਉਰਫ ਜਰਨੈਲ ਸਿੰਘ ਹੈ ਅਤੇ ਮੈਨੂੰ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹ ਦੋਵੇਂ ਨਾਂਅ ਇਕ ਹੀ ਵਿਅਕਤੀ ਦੇ ਹਨ।

ਮੈਂ, ਗੁਰਮੀਤ ਸਿੰਘ ਪੁੱਤਰ ਲੇਟ: ਬਾਵਾ ਸਿੰਘ ਵਾਸੀ ਪਿੰਡ ਕੌਹਜਾ, ਡਾਕਖਾਨਾ ਕੋਟਲਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਗੁਰਵਿੰਦਰ ਸਿੰਘ, ਨੂੰਹ ਸੁਰਜੀਤ ਕੌਰ ਪਤਨੀ ਗੁਰਵਿੰਦਰ ਸਿੰਘ, ਪੋਤੇ ਸੁਖਵਿੰਦਰ ਸਿੰਘ ਪੁੱਤਰ ਗੁਰਵਿੰਦਰ ਸਿੰਘ ਅਤੇ ਪੋਤੀ ਸਿਮਰਨਪ੍ਰੀਤ ਕੌਰ ਪੁੱਤਰੀ ਗੁਰਵਿੰਦਰ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਇਹ ਸਾਰੇ ਮੇਰੇ ਕਹਿਣੇ ਵਿੱਚ ਹਨ। ਇਸ ਲਈ ਮੈਂ ਆਪਣੀ ਬੇਦਖਲੀ ਵਾਪਿਸ ਲੈਂਦਾ ਹਾਂ। ਸੰਬੰਧਿਤ ਨੋਟ ਕਰਨ।

ਇਕ ਖੇਤੀਬਾੜੀ ਟਿਊਬਵੈਲ ਕੁਨੈਕਸ਼ਨ, ਜਿਸ ਦਾ ਖਾਤਾ ਨੰ ਏ ਪੀ19/0466 ਹੈ, ਜੋ ਕਿ ਸ੍ਰੀ ਕਰਤਾਰ ਸਿੰਘ ਪੁੱਤਰ ਸ੍ਰੀ ਸਾਧੂ ਸਿੰਘ ਦੇ ਨਾਂਅ 'ਤੇ ਪਿੰਡ ਜੰਡੇ ਸਰਾਏ, ਜ਼ਿਲ੍ਹਾ ਜਲੰਧਰ ਵਿਚ ਚੱਲ ਰਿਹਾ ਹੈ, ਨੂੰ ਸ੍ਰੀ ਮੰਗਲ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਵਾਸੀ ਪਿੰਡ ਜੰਡੇ ਸਰਾਏ, ਜ਼ਿਲ੍ਹਾ ਜਲੰਧਰ ਨੇ ਆਪਣੇ ਨਾਂਅ ਉਪਰ ਤਬਦੀਲ ਕਰਾਉਣ ਲਈ ਉਪ ਮੰਡਲ ਭੁਲੱਥ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ, ਭੁਲੱਥ ਵਿਖੇ ਬਿਨੈ ਪੱਤਰ ਦਿੱਤਾ ਹੈ । ਜੇਕਰ ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਲਿਖਤੀ ਰੂਪ ਵਿਚ ਇਸ ਦਫਤਰ ਵਿਚ ਪੇਸ਼ ਕਰ ਸਕਦਾ ਹੈ ।ਇਸ ਤੋਂ ਬਾਅਦ ਬਣਦੀ ਕਾਰਵਾਈ ਕਰਕੇ ਨਾਂਅ ਤਬਦੀਲ ਕਰ ਦਿੱਤਾ ਜਾਵੇਗਾ ।

ਇਕ ਖੇਤੀਬਾੜੀ ਟਿਊਬਵੈੱਲ ਕੁਨੈਕਸ਼ਨ, ਜਿਸ ਦਾ ਖਾਤਾ ਨੇ ਏ ਪੀ19/0041 ਹੈ, ਜੋ ਕਿ ਸ੍ਰੀ ਸਾਧੂ ਸਿੰਘ ਪੁੱਤਰ ਸ੍ਰੀ ਹਰੀ ਸਿੰਘ ਦੇ ਨਾਂਅ 'ਤੇ ਪਿੰਡ ਜੰਡੇ ਸਰਾਏ, ਜ਼ਿਲ੍ਹਾ ਜਲੰਧਰ ਵਿਚ ਚੱਲ ਰਿਹਾ ਹੈ, ਨੂੰ ਸ੍ਰੀ ਅਮਰਜੀਤ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਵਾਸੀ ਪਿੰਡ ਜੰਡੇ ਸਰਾਏ, ਜ਼ਿਲ੍ਹਾ ਜਲੰਧਰ ਨੇ ਆਪਣੇ ਨਾਂਅ ਉਪਰ ਤਬਦੀਲ ਕਰਾਉਣ ਲਈ ਉਪ ਮੰਡਲ ਭੁਲੱਥ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ, ਭੁਲੱਥ ਵਿਖੇ ਬਿਨੈਪੱਤਰ ਦਿੱਤਾ ਹੈ । ਜੇਕਰ ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਆਪਣੇ ਇਤਰਾਜ਼ ਲਿਖਤੀ ਰੂਪ ਵਿਚ ਇਸ ਦਫਤਰ ਵਿਚ ਪੇਸ਼ ਕਰ ਸਕਦਾ ਹੈ ।ਇਸ ਤੋਂ ਬਾਅਦ ਬਣਦੀ ਕਾਰਵਾਈ ਕਰਕੇ ਨਾਂਅ ਤਬਦੀਲ ਕਰ ਦਿੱਤਾ ਜਾਵੇਗਾ ।

ਟਿਊਬਵੈੱਲ ਖਾਤਾ ਨੰ: ਐੱਨ 13 ਏ ਪੀ 150106, ਜੋ ਕਿ ਸ੍ਰੀ ਮੰਗਤ ਸਿੰਘ ਪੁੱਤਰ ਸ੍ਰੀ ਭਗਤ ਸਿੰਘ ਪਿੰਡ ਮੱਲਸੋਢੀਆਂ ਵਿਖੇ ਸਬ ਡਵੀਜ਼ਨ ਬਹਿਰਾਮ-1 ਵਿਚ ਚੱਲਦਾ ਹੈ। ਇਸ ਦੇ ਨਾਂਅ ਦੀ ਤਬਦੀਲੀ ਲਈ ਸ੍ਰੀ ਹਰਪ੍ਰੀਤ ਸਿੰਘ ਸੰਧੂ ਪੁੱਤਰ ਸ੍ਰੀ ਬਲਦੇਵ ਸਿੰਘ ਸੰਧੂ ਵਾਸੀ ਸੰਧੂ ਕਾਲੋਨੀ ਜੀ. ਟੀ. ਰੋਡ ਛੇਹਰਟਾ ਅੰਮ੍ਰਿਤਸਰ ਰਕਬਾ ਪਿੰਡ ਮੱਲਸੋਢੀਆਂ ਨੇ ਇਸ ਦਫ਼ਤਰ ਵਿਚ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ 30 ਦਿਨਾਂ ਦੇ ਅੰਦਰ ਸਬ ਡਵੀਜ਼ਨ ਬਹਿਰਾਮ-1 ਵਿਖੇ ਸੰਪਰਕ ਕਰ ਸਕਦਾ ਹੈ।

## Lost and Found

ਮੈਂ ਸ਼ਿਵ ਕੁਮਾਰ, ਪੁੱਤਰ ਬਲਕਾਰ ਸਿੰਘ, ਵਾਸੀ ਪ੍ਰਬੋਧ ਚੰਦਰ ਨਗਰ, ਗੁਰਦਾਸਪੁਰ ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਹਾਂ । ਮੈਂ ਇਹ ਬਿਆਨ ਕਰਦਾ ਹਾਂ ਕਿ ਪਿੰਡ ਬਰਿਆਰ ਐਚ.ਬੀ. ਨੰਬਰ 321 ਵਿੱਚ ਸਥਿਤ ਉਕਤ ਜਾਇਦਾਦ ਜਿਸ ਦਾ ਪੁਰਾਣਾ ਵਿਕਰੀ-ਨਾਮਾ ਮਿਤੀ 18-07-1975 ਦਸਤਾਵੇਜ਼ ਨੰਬਰ 3063 ਤੁਲਸੀ ਰਾਮ ਪੁੱਤਰ ਗੁਰਦਿੱਤਾ ਵੱਲੋਂ ਬਲਕਾਰ ਸਿੰਘ ਪੁੱਤਰ ਬੰਤਾ ਸਿੰਘ ਦੇ ਹੱਕ ਵਿੱਚ ਤਿਆਰ ਕੀਤਾ ਗਿਆ ਸੀ ਉਹ ਮੇਰੇ ਤੋਂ ਗੁੰਮ ਹੋ ਗਈ ਹੈ, ਦੇ ਸਬੰਧ ਵਿੱਚ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਕਿਰਪਾ ਕਰਕੇ 7 ਦਿਨਾਂ ਦੇ ਅੰਦਰ-ਅੰਦਰ ਵਕੀਲ (ਰਾਜਿੰਦਰ ਕੁਮਾਰ ਗੁਰਦਾਸਪੁਰ, ਮੋਬਾਈਲ : 987-2754226) ਨਾਲ ਸੰਪਰਕ ਕਰਨ । ਇਸ ਤੋਂ ਬਾਅਦ ਕੋਈ ਵੀ ਇਤਰਾਜ਼ ਸਵੀਕਾਰ ਨਹੀਂ ਕੀਤਾ ਜਾਵੇਗਾ ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## COURT NOTICE

(U/o 5 Rule 20 CPC)
In the Court of Simranjit Kaur
Civil Judge (Junior Division), Amritsar
CNR No. PBAS02-003440-2023
Next Date:- 29-10-2026
ICICI BANK LIMITED
Vs.
Lakhan Bhanot
CS Recovery
Publication Issued To:
Lakhan Bhanot Son: Kapil Dev Bhanot
R/O H.no. 26,15, Near Gndu Gobindpura, Tehsil And Distt. Amritsar, 2nd Add-Falcon Auto World, G.T. Road Daburji, Near MG Auto, Amritsar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 29-10-2026 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 29-09-2026

## COURT NOTICE

(U/o 5 Rule 20 CPC)
In the Court of
Ms. Mehak Puri
Civil Judge Junior Division - 4, Patiala
CS-2868-2025
CNR No. PBPT02-004936-2025
Next Date:- 05-11-2026
Gurcharan Singh
Vs. General Public
Publication Issued To:
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 05-11-2026 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 4 Patiala
Dated, this day of 24-09-2026

## COURT NOTICE

(U/o 5 Rule 20 CPC)
In the Court of Mrs. Neetika Verma
Additional District and Sessions Judge-2, Mohali
CNR No. PBSA01-006610-2026
Next Date:- 03-11-2026
Puneet Kumar Vs. General Public
Petition For Probate of Last Will and Testament Smt. Neelam Deceased, U/S 276 of Indian Succession Act, 1925

Publication Issued To:
1. General Public
2. Rajneesh Bhardwaj S/o Charanjeet Kumar R/o Village 22, Mdb King's Court, SS Colony, Zirakpur, Punjab 140603.
4. Charanjeet Kumar S/o Sh. Bua Dass, R/o Vill. 22, MDB King's Court, SS Colony, Zirakpur, Punjab 140603.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 03-11-2026 at 10:00 a.m.

For details logon to https://highcourtchd.gov.in/?mod=district_notice&district=mohali

Additional District and Sessions Judge-2 Mohali
Dated, this day of 28-09-2026

## COURT NOTICE

(U/o 5 Rule 20 CPC)
In the Court of
Sh. Deepak Kumar Choudhary
Principal Judge (FC), Barnala
CNR No. PBBR01-001497-2026
Next Date:- 13-11-2026
Jaswinder Singh
Vs.
Sandeep Kaur
Publication Issued To:
Sandeep Kaur
Spouse : Jaswinder Singh
Barnala Now Residing at her Paternal home Gurmeet Singh S/o Naginder Singh R/o Happy Clinic Hathur Road Vill. Chkar, Teh. Jagraon. Distt. Ludhiana 87279-74756

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 13-11-2026 at 10:00 a.m.

For details logon to https://highcourtchd.gov.in/?mod=district_notice&rdistrict=Barnala

Principal Judge (FC), Barnala
Dated, this day of 29-09-2026

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਜਗਸੀਰ ਸਿੰਘ ਮਿੱਤਲ, ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਪਹਿਲਾ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।
ਦਾਹਵਾ: ਤਕਸੀਮ    ਤਾਰੀਖ ਪੇਸ਼ੀ: 09-10-2026
ਕੇਸ ਨੰਬਰ: 29/ਤਹਿ (Other cases/66/2025)
ਦਾਇਰ ਮਿਤੀ: 30-12-2025 ਵਾਕਿਆ ਪਿੰਡ : ਸਲੇਮਪੁਰਾ
1. ਗੁਰਪ੍ਰੀਤ ਸਿੰਘ ਪੁੱਤਰ ਸੁੱਚਾ ਸਿੰਘ ਪੁੱਤਰ ਨੱਥਾ ਸਿੰਘ 2. ਸੂਬਾ ਸਿੰਘ ਪੁੱਤਰ ਸੁੱਚਾ ਸਿੰਘ ਪੁੱਤਰ ਨੱਥਾ ਸਿੰਘ 3. ਸਵਿੰਦਰ ਕੌਰ ਪਤਨੀ ਸੁੱਚਾ ਸਿੰਘ ਪੁੱਤਰ ਨੱਥਾ ਸਿੰਘ ਵਾਸੀਆਨ ਪਿੰਡ ਸਲੇਮਪੁਰਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ। ......ਦਾਹਵਾ ਕਰਤਾ
ਬਨਾਮ
ਸੂਰਤ ਸਿੰਘ ਆਦਿ। ..... ਉੱਤਰਵਾਦੀ ਧਿਰ

ਦਰਖਾਸਤ ਤਕਸੀਮ ਖਾਤਾ ਖਤੌਨੀ ਨੰਬਰ 37 ਤੋਂ 42 ਮੁਤਾਬਿਕ ਜਮ੍ਹਾਂਬੰਦੀ ਸਾਲ 2021-22, ਵਾਕਿਆ ਰਕਬਾ ਪਿੰਡ ਸਲੇਮਪੁਰਾ, ਹ:ਬ ਨੰਬਰ 204, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।

[illegible]

ਉੱਤਰਵਾਦੀ ਧਿਰਾਂ:-

1. ਤਰਲੋਕ ਸਿੰਘ ਪੁੱਤਰ ਨੱਥਾ ਸਿੰਘ 2. ਪਲਵਿੰਦਰ ਸਿੰਘ ਪੁੱਤਰ ਲੱਖਾ ਸਿੰਘ 3. ਗੁਰਸ਼ਰਨ ਸਿੰਘ 4. ਬਲਵਿੰਦਰ ਸਿੰਘ ਪੁੱਤਰ ਜਗਤਾਰ ਸਿੰਘ 5. ਸਵਿੰਦਰ ਸਿੰਘ ਪੁੱਤਰ ਜਗਤਾਰ ਸਿੰਘ 6. ਹਰਜਿੰਦਰ ਸਿੰਘ ਪੁੱਤਰ ਜਗਤਾਰ ਸਿੰਘ, ਸਾਰੇ ਵਾਸੀਆਨ ਪਿੰਡ ਸਲੇਮਪੁਰਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ 7. ਆਈ.ਐੱਨ.ਜੀ ਵਿਯਾਸਾ ਬੈਂਕ ਬਰਾਂਚ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬਰਾਂਚ ਮੈਨੇਜਰ।

ਸਹੀ/-ਸਹਾਇਕ ਕੁਲੈਕਟਰ, ਦਰਜਾ ਪਹਿਲਾ, ਅਜਨਾਲਾ
No./Teh/Reader : 621 Date : 18/09/2026

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਜਗਸੀਰ ਸਿੰਘ ਮਿੱਤਲ, ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਪਹਿਲਾ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।
ਦਾਹਵਾ: ਤਕਸੀਮ
ਕੇਸ ਨੰਬਰ: 35/ਤਹਿ (Other cases/72/2025)

[illegible]

No./Teh/Reader : 618 Date : 18/09/2026


## ਅਦਾਲਤੀ ਇਸ਼ਤਿਹਾਰ



ਬਾ ਅਦਾਲਤ ਮੈਰਿਜ ਅਫਸਰ,ਜਲੰਧਰ
ਸਪੈਸ਼ਲ ਮੈਰਿਜ ਐਕਟ ਅਧੀਨ ਮੈਰਿਜ ਸਾਲਮਨਾਈਜ਼ ਕਰਵਾਉਣ ਸਬੰਧੀ ਨੋਟਿਸ
ਬਨਾਮ
ਜਨਰਲ ਪਬਲਿਕ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੈਰਿਨ ਬੇਗ ਹੋਰਟਰ ਪੁੱਤਰੀ ਕਾਰਲ ਹੋਰਟਰ ਵਾਸੀ 86159 AUGSBURG GOGGINGER STR 66 GERMANY ਨੇ ਇਸ ਅਦਾਲਤ ਵਿੱਚ ਸਪੈਸ਼ਲ ਮੈਰਿਜ ਐਕਟ 1954 ਅਧੀਨ ਮਨਸ਼ਰਨਦੀਪ ਸਿੰਘ ਝੰਮਟ ਪੁੱਤਰ ਮਹਿਜਾ ਸਿੰਘ, ਵਾਸੀ VILLAGE SEMI PO KHAJURLA JALANDHAR , Semi, Jalandhar-1, Jalandhar, Punjab ਨਾਲ ਮੈਰਿਜ ਸਾਲੋਮਨਾਈਜ਼ ਕਰਵਾਉਣ ਲਈ ਦਰਖਾਸਤ ਦਿੱਤੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਇਹ ਮੈਰਿਜ ਸਾਲੋਮਨਾਈਜ਼ ਹੋਣ ਵਿੱਚ ਕੋਈ ਇਤਰਾਜ ਹੋਵੇ ਤਾਂ ਉਹ ਖੁਦ ਜਾਂ ਵਕੀਲ ਰਾਹੀਂ ਆਪਣਾ ਇਤਰਾਜ ਇਸ ਇਸ਼ਤਿਹਾਰ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਇਸ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ ਇਸ ਤੋਂ ਬਾਅਦ ਵਿੱਚ ਆਏ ਇਤਰਾਜਾਂ ਤੇ ਗੌਰ ਨਹੀਂ ਕੀਤਾ ਜਾਵੇਗਾ।

ਨੰਬਰ 3/ਪਬ. //ਰੀਡਰ    ਮਿਤੀ 18-Sep-2026    ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ



## ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰ. NIQ-04-26-27 ਮਿਤੀ: 28.09.2026
ਬੰਦ ਹੋਣ ਦੀ ਮਿਤੀ/ਸਮਾਂ: 06.10.2026 15:00 ਵਜੇ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. NIQ-0426-27 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 06.10.2026 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।
ਐਨ.ਆਈ.ਟੀ

| | | | |
|---|---|---|---|
| ਕੰਮ ਦਾ ਨਾਮ | ਕੋਟੇਸ਼ਨ ਦੇ ਆਧਾਰ ਤੇ ਸਿਕ ਲਾਈਨ/CIA ਵਿਚ CCTV ਸਰਵੀਲਾਂਸ ਸਿਸਟਮ ਦਾ ਪ੍ਰਬੰਧ ਕਰਨ ਦਾ ਕੰਮ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 06/10/2026 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 28/09/2026 17:16 |
| ਅੰਦਾਜਨ ਕੀਮਤ | 943376.04 | ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 28/09/2026 |
| ਬਿਆਨਾ ਰਾਸ਼ੀ (ਰੁ.) | 18900.00 | ਕੰਮ ਪੂਰਾ ਕਰਨ ਦਾ ਸਮਾਂ | 45 ਦਿਨ |
| ਨੋਟ: | ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸੋਧ ਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। | | |

3380/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਜਗਸੀਰ ਸਿੰਘ ਮਿੱਤਲ, ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਪਹਿਲਾ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।
ਦਾਹਵਾ: ਤਕਸੀਮ ਨੰਬਰਾਨ: 13/ਤਹਿ (Other cases/52/2024), 14/ਤਹਿ (Other cases/53/2024), 15/ਤਹਿ (Other cases/54/2024), 16/ਤਹਿ (Other cases/55/2024), 17/ਤਹਿ (Other cases/56/2024), 18/ਤਹਿ (Other cases/57/2024), 19/ਤਹਿ (Other cases/57/2024), 20/ਤਹਿ (Other cases/57/2024), 21/ਤਹਿ (Other cases/60/2024), 22/ਤਹਿ (Other cases/61/2024), 23/ਤਹਿ (Other cases/62/2024), 24/ਤਹਿ (Other cases/63/2024), 25/ਤਹਿ (Other cases/64/2024), 26/ਤਹਿ (Other cases/65/2024), 27/ਤਹਿ (Other cases/66/2024), 28/ਤਹਿ (Other cases/67/2024), 29/ਤਹਿ (Other cases/68/2024)
ਦਾਇਰ ਮਿਤੀ: 05-12-2024,    ਵਾਕਿਆ ਪਿੰਡ : ਹਰੜ ਕਲਾਂ,    ਤਾਰੀਖ ਪੇਸ਼ੀ: 30-09-2026

[illegible]

ਸਿੰਘ ਪੁੱਤਰ ਬਚਨ ਸਿੰਘ 85. ਜੀਤੋ ਪੁੱਤਰੀ ਬਚਨ ਸਿੰਘ 86. ਕਸ਼ਮੀਰੋ ਪੁੱਤਰੀ ਬਚਨ ਸਿੰਘ 87. ਕੁਲਦੀਪ ਸਿੰਘ ਪੁੱਤਰ ਬਲਕਾਰ ਸਿੰਘ 88. ਦਿਲਬਾਗ ਸਿੰਘ ਪੁੱਤਰ ਸ਼ੰਗਾਰਾ ਸਿੰਘ 89. ਸੁੱਚਾ ਸਿੰਘ 90. ਪਰਮਜੀਤ ਪੁੱਤਰਾਨ ਗੁਰਬਚਨ ਸਿੰਘ 91. ਸੁਖਜੀਤ ਕੌਰ ਪਤਨੀ ਦਿਲਬਾਗ ਸਿੰਘ 92. ਮਨਦੀਪ ਕੌਰ ਪਤਨੀ ਬਗੀਚਾ ਸਿੰਘ 93. ਭਜਨ ਸਿੰਘ ਮ੍ਰਿਤਕ ਪੁੱਤਰ ਭਾਨ ਸਿੰਘ ਰਾਹੀਂ ਵਾਰਸ ੳ) ਜਸਵੰਤ ਸਿੰਘ ਅ) ਬਲਵੰਤ ਸਿੰਘ ੲ) ਹਰਵੰਤ ਸਿੰਘ ਸ) ਗੁਰਮੇਜ ਸਿੰਘ ਹ) ਹਰਜੀਤ ਸਿੰਘ ਕ) ਸੁਰਜੀਤ ਸਿੰਘ ਖ) ਦਲਬੀਰ ਕੌਰ ਗ) ਚਰਨਜੀਤ ਕੌਰ ਪੁੱਤਰ/ਪੁੱਤਰੀਆਂ ਭਜਨ ਸਿੰਘ 94. ਚਰਨ ਸਿੰਘ 95. ਸਵਰਨ ਸਿੰਘ 96. ਦਵਿੰਦਰ ਸਿੰਘ ਮ੍ਰਿਤਕ ਪੁੱਤਰ ਭਾਨ ਸਿੰਘ ਰਾਹੀਂ ਵਾਰਸ ੳ) ਹਰਜਿੰਦਰ ਸਿੰਘ ਅ) ਗੁਰਪ੍ਰੀਤ ਸਿੰਘ ੲ) ਹਰਪ੍ਰੀਤ ਸਿੰਘ ਸ) ਮਨਦੀਪ ਕੌਰ ਪੁੱਤਰ/ਪੁੱਤਰੀਆਂ ਦਵਿੰਦਰ ਸਿੰਘ, ਸਾਰੇ ਵਾਸੀ ਪਿੰਡ ਹਰੜ ਕਲਾਂ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ 97. ਪੰਜਾਬ ਗ੍ਰਾਮੀਣ ਬੈਂਕ ਬਰਾਂਚ ਅਜਨਾਲਾ ਰਾਹੀਂ ਬਰਾਂਚ ਮੈਨੇਜਰ 98. ਆਈ ਸੀ ਆਈ ਸੀ ਆਈ ਬੈਂਕ ਬਰਾਂਚ ਅਜਨਾਲਾ ਰਾਹੀਂ ਬਰਾਂਚ ਮੈਨੇਜਰ 99. ਪੰਜਾਬ ਨੈਸ਼ਨਲ ਬੈਂਕ ਬ੍ਰਾਂਚ ਚਮਿਆਰੀ ਰਾਹੀਂ ਬ੍ਰਾਂਚ ਮੈਨੇਜਰ 9. ਪੰਜਾਬ ਨੈਸ਼ਨਲ ਬੈਂਕ ਬ੍ਰਾਂਚ ਅਜਨਾਲਾ ਰਾਹੀਂ ਬ੍ਰਾਂਚ ਮੈਨੇਜਰ 100. ਬੈਂਕ ਆਫ ਇੰਡੀਆ ਬਰਾਂਚ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬਰਾਂਚ ਮੈਨੇਜਰ 101. ਕੇਨਰਾ ਬੈਂਕ ਬਰਾਂਚ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬਰਾਂਚ ਮੈਨੇਜਰ 102. ਪੰਜਾਬ ਗ੍ਰਾਮੀਣ ਬੈਂਕ ਬਰਾਂਚ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬਰਾਂਚ ਮੈਨੇਜਰ 103. ਪੰਜਾਬ ਨੈਸ਼ਨਲ ਬੈਂਕ ਬਰਾਂਚ ਤਲਵੰਡੀ ਰਾਏ ਦਾਦੂ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬਰਾਂਚ ਮੈਨੇਜਰ 104. ਯੂਨੀਅਨ ਬੈਂਕ ਆਫ ਇੰਡੀਆ ਬਰਾਂਚ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬਰਾਂਚ ਮੈਨੇਜਰ 105. ਬੈਂਕ ਆਫ ਇੰਡੀਆ ਬਰਾਂਚ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬਰਾਂਚ ਮੈਨੇਜਰ 106. ਕੇਨਰਾ ਬੈਂਕ ਬਰਾਂਚ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬਰਾਂਚ ਮੈਨੇਜਰ 107. ਪੰਜਾਬ ਐਂਡ ਸਿੰਧ ਬੈਂਕ ਬਰਾਂਚ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬਰਾਂਚ ਮੈਨੇਜਰ 108. ਬੈਂਕ ਆਫ ਬੜੌਦਾ ਬਰਾਂਚ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬਰਾਂਚ ਮੈਨੇਜਰ।

No./Teh/Reader : 578 Date : 09/09/2026    ਸਹੀ/-ਸਹਾਇਕ ਕੁਲੈਕਟਰ, ਦਰਜਾ ਪਹਿਲਾ, ਅਜਨਾਲਾ


## ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰਬਰ 770-W/01/WA/JAT/2025 55-2026-27-PTK-DRM-JAT, 57-2026-27-PTK-DRM-JAT & 58-2026-27-PTK-DRM-JAT (to be opened on 22.10.2026) ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਟਾਈਟਲ ਵਾਲੀ ਖੁਲ੍ਹੀ ਨਿਵਿਦਾਵਾਂ ਦੀ ਮੰਗ ਕਰਦੇ ਹਨ ਇਹ ਉਪਲਬਧ ਹਨ ਜਿਨ੍ਹਾਂ ਦੀ ਅੰਤਮ ਮਿਤੀ 21.10.2026 ਨੂੰ 15.00 ਵਜੇ ਤਕ ਹੈ। ਬੋਲੀਦਾਤਾ ਆਪਣੇ ਮੂਲ ਦਸਤਦੀਕਸ਼ੁਦਾ ਬੋਲੀਆਂ ਕੇਵਲ ਸਮਾਪਤੀ ਮਿਤੀ ਅਤੇ ਸਮੇਂ ਤਕ ਹੀ ਜਮ੍ਹਾ ਕਰ ਸਕਣਗੇ। ਇਨ੍ਹਾਂ ਨਿਵਿਦਾਵਾਂ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਪ੍ਰਸਤਾਵ ਨੂੰ ਅਣਦੇਖਾ ਕਰ ਦਿਤਾ ਜਾਵੇਗਾ। ਠੇਕੇਦਾਰ ਨੂੰ ਇਸ ਨਿਵਿਦਾ ਦੇ ਵਿਰੁਧ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ (IREPS) ਪੋਰਟਲ ਤੇ ਉਪਲਬਧ ਭੁਗਤਾਨ ਵਿਧੀਆਂ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ।

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | ਵਿਗਿਆਪਤ ਮੁੱਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|---|---|
| 1 | 55-2026-27-PTK-DRM-JAT | ਸਹਾਇਕ ਮੰਡਲ ਇੰਜੀਨੀਅਰ ਪਠਾਨਕੋਟ ਦੇ ਅਧਿਕਾਰ ਖੇਤਰ ਦੇ ਤਹਿਤ PTK, PTKC, BHRL, SJNP, MDPB, KNDI, MRTL, SRM और JK ਸਟੇਸ਼ਨ ਯਾਰਡਾਂ ਦੇ ਸੁਧਾਰ ਦੇ ਸਬੰਧ ਵਿਚ ਬੈਲਾਸਟ ਕੰਮ। | 5,11,23,159.87 | 60 ਦਿਨ | 12 ਮਹੀਨੇ |
| 2 | 57-2026-27-PTK-DRM-JAT | ਸਹਾਇਕ ਮੰਡਲ ਇੰਜੀਨੀਅਰ ਪਠਾਨਕੋਟ ਦੇ ਅਧਿਕਾਰ ਖੇਤਰ ਦੇ ਤਹਿਤ PTK, PTKC, BHRL, SJNP, MDPB, KNDI, MRTL SRM एवं JK ਸਟੇਸ਼ਨ ਯਾਰਡਾਂ ਦੇ ਸੁਧਾਰ ਦੇ ਕੰਮ। | 3,96,96,116.22 | 60 ਦਿਨ | 12 ਮਹੀਨੇ |
| 3 | 58-2026-27-PTK-DRM-JAT | ਸਹਾਇਕ ਮੰਡਲ ਇੰਜੀਨੀਅਰ ਪਠਾਨਕੋਟ ਦੇ ਅਧਿਕਾਰ ਖੇਤਰ ਦੇ ਤਹਿਤ PTK, PTKC BHRL SJNP MDPB KNDI MRTL SRM एवं JK ਸਟੇਸ਼ਨ ਯਾਰਡਾਂ ਦੇ ਸੁਧਾਰ ਦੇ ਸਬੰਧ ਵਿਚ ਫਲੈਸ਼ ਬਟ ਵੇਲਡਿੰਗ ਕੰਮ। | 1,52,69,151.95 | 60 ਦਿਨ | 9 ਮਹੀਨੇ |

ਟਿਪਣੀਆਂ:-1 ਠੇਕੇਦਾਰਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਇਸ ਨਿਵਿਦਾ ਦੇ ਵਿਰੁਧ ਜਾਰੀ ਕਿਸੇ ਵੀ ਸੋਧ ਪੱਤਰ (Corrigendium) ਦੇ ਲਈ ਆਈਆਰਈਪੀਐਸ (IREPS) ਵੈਬਸਾਈਟ ਜਰੂਰ ਵੇਖਣ। 2. ਜੇਕਰ ਹਿੰਦੀ ਵਿਗਿਆਪਨ ਵਿਚ ਕੋਈ ਗਲਤੀ ਪਾਈ ਜਾਂਦੀ ਹੈ, ਤਾਂ ਅੰਗ੍ਰੇਜ਼ੀ ਵਿਗਿਆਪਨ ਮਾਨਯ ਹੋਵੇਗਾ।

3387/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ੇਸ਼ ਸੈਮੀਨਾਰ



**ਫਗਵਾੜਾ, (ਡਾ. ਰਮਨ, ਜਸਵਿੰਦਰ ਢੱਡਾ)**-ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵੱਖ-ਵੱਖ ਵਿਦਿਅਕ ਅਦਾਰਿਆਂ ਵਿੱਚ ਕਰਵਾਏ ਜਾ ਰਹੇ ਸੈਮੀਨਾਰਾਂ ਦੀ ਲੜੀ ਤਹਿਤ ਸਥਾਨਕ ਜੀ ਐੱਨ ਏ ਯੂਨੀਵਰਸਿਟੀ ਵਿਖੇ ਇੱਕ ਸੈਮੀਨਾਰ ਕਰਵਾਇਆ ਗਿਆ, ਜਿੱਥੇ ਸੰਤਾਂ, ਰਾਜਨੀਤਿਕ ਸ਼ਖ਼ਸੀਅਤਾਂ ਅਤੇ ਮਾਹਿਰ ਬੁਲਾਰਿਆਂ ਨੇ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਅਪਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਗੁਰੂ ਜੀ ਵੱਲੋਂ ਚਿਤਵੇ ਸਮਾਜਿਕ ਬਰਾਬਰੀ ਦੇ ਸੰਕਲਪ ਭਾਵ ਬੇਗਮਪੁਰਾ ਨੂੰ ਲਾਗੂ ਕਰਨ ਲਈ ਸਾਂਝੇ ਯਤਨ ਕਰਨ ਦੀ ਵੀ ਅਪੀਲ ਕੀਤੀ। ਡੇਰਾ ਸੰਤ ਪ੍ਰੀਤਮ ਦਾਸ ਬਾਬੇ ਜੌੜੇ ਦੇ ਮੁਖੀ ਸੰਤ ਨਿਰਮਲ ਦਾਸ, ਸ੍ਰੀ ਵਿਨੈ ਮੁਨੀ ਜੀ (ਜੰਮੂ), ਕੈਬਨਿਟ ਮੰਤਰੀ ਮਹਿੰਦਰ ਭਗਤ, ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ, ਡੇਰਾ ਸੰਤ ਪ੍ਰੀਤਮ ਦਾਸ ਬਾਬੇ ਜੌੜੇ ਦੇ ਜਨਰਲ ਸਕੱਤਰ ਆਰਕੀਟੈਕਟ ਸੰਤੋਸ਼ ਕੁਮਾਰੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਮਨਜਿੰਦਰ ਸਿੰਘ ਨੇ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਚਾਨਣਾ ਪਾਇਆ। ਜੀ ਐੱਨ ਏ ਯੂਨੀਵਰਸਿਟੀ ਦੇ ਚਾਂਸਲਰ ਗੁਰਦੀਪ ਸਿੰਘ, ਵਾਈਸ ਚਾਂਸਲਰ ਪ੍ਰੋ. (ਡਾ.) ਹੇਮੰਤ ਸ਼ਰਮਾ, ਰਜਿਸਟਰਾਰ ਕੁਨਾਲ ਬੈਂਸ, ਡੀਨ ਸਕੂਲ ਆਫ਼ ਇੰਜਨੀਅਰਿੰਗ ਡਾ. ਵਿਕਰਾਂਤ ਅਤੇ ਡੀਨ ਸਕੂਲ ਆਫ਼ ਬਿਜ਼ਨਸ ਡਾ. ਸਮੀਰ ਵਰਮਾ ਨੇ ਪਤਵੰਤਿਆਂ ਦਾ ਸਵਾਗਤ ਕੀਤਾ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸੰਤ ਨਿਰਮਲ ਦਾਸ ਨੇ ਵਿਦਿਆਰਥੀਆਂ ਨੂੰ ਮਿੱਥੇ ਟੀਚਿਆਂ ਦੀ ਪ੍ਰਾਪਤੀ ਅਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਸਿੱਖਿਆ ਦੀ ਮਹੱਤਤਾ ਨੂੰ ਸਮਝਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਵੀ ਅਧਿਆਤਮਿਕਤਾ ਅਤੇ ਸਿਆਣਪ ਪੱਖੋਂ ਜੀਵਨ ਨੂੰ ਨਰੋਆ ਬਣਾਉਣ ਲਈ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਸੀ। ਸ੍ਰੀ ਵਿਨੈ ਮੁਨੀ ਜੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਆਪਣਾ ਸਾਰਾ ਜੀਵਨ ਸਮਾਜਿਕ ਬਰਾਬਰੀ, ਭੇਦਭਾਵ ਦੇ ਖ਼ਾਤਮੇ ਅਤੇ ਸਮਾਜਿਕ ਨਿਆਂ ਲਈ ਸਮਰਪਿਤ ਕੀਤਾ, ਜੋ ਕਿ ਮੌਜੂਦਾ ਸਮੇਂ ਵਿੱਚ ਇੱਕ ਬਹੁਤ ਹੀ ਸਾਰਥਕ ਸੰਦੇਸ਼ ਦਿੰਦਾ ਹੈ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ ਅਤੇ ਬਾਗਬਾਨੀ ਮੰਤਰੀ ਮਹਿੰਦਰ ਭਗਤ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸੈਮੀਨਾਰਾਂ, ਡਾਕੂਮੈਂਟਰੀ ਸ਼ੋਅ, ਡਰੋਨ ਸ਼ੋਅ, ਮੈਰਾਥਨ ਅਤੇ ਹੋਰ ਉਪਰਾਲਿਆਂ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 650ਵਾਂ ਪ੍ਰਕਾਸ਼ ਪੁਰਬ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਕਿਉਂਕਿ ਪੰਜਾਬ ਸਰਕਾਰ ਨੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਲਈ 100 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਆਪਣੇ ਸੰਬੋਧਨ ਵਿੱਚ ਸੰਸਦ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਇਹ ਸੈਮੀਨਾਰ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਅਧਾਰਿਤ ਹਨ ਤਾਂ ਜੋ ਵੱਧ ਤੋਂ ਵੱਧ ਨੌਜਵਾਨਾਂ ਨੂੰ ਇਸ ਬਾਰੇ ਜਾਣੂ ਕਰਵਾਇਆ ਜਾ ਸਕੇ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਡਾਕੂਮੈਂਟਰੀ ਫਿਲਮ ਦਿਖਾਈ

**ਚੰਡੀਗੜ੍ਹ (ਸੁਰਜੀਤ ਸੁਮਨ)**-ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼



ਡਾਕੂਮੈਂਟਰੀ ਫਿਲਮ ਪਿੰਡ-ਪਿੰਡ ਦਿਖਾਉਣ ਦੀ ਮੁਹਿੰਮ ਤਹਿਤ ਖਰੜ ਬਲਾਕ ਦੇ ਪਿੰਡ ਮੁੱਲਾਂਪੁਰ ਗਰੀਬਦਾਸ, ਮਿਲਖ ਅਤੇ ਸ਼ਿੰਗਾਰੀਵਾਲਾ ਵਿਖੇ ਐੱਲ ਈ ਡੀ ਸਕਰੀਨ ਰਾਹੀਂ 30 ਮਿੰਟ ਦੀ ਦਸਤਾਵੇਜ਼ੀ ਫਿਲਮ ਦਿਖਾਈ ਗਈ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਦਾ ਉਦੇਸ਼ ਗੁਰੂ ਸਾਹਿਬ ਦੇ ਜੀਵਨ, ਵਿਚਾਰਧਾਰਾ, ਸਿੱਖਿਆਵਾਂ ਅਤੇ ਮਨੁੱਖਤਾ ਨੂੰ ਦਿੱਤੇ ਬਰਾਬਰੀ ਤੇ ਭਾਈਚਾਰਕ ਸਾਂਝ ਦੇ ਸੰਦੇਸ਼ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਨੇ ਸਮਾਜ ਵਿੱਚੋਂ ਜਾਤ-ਪਾਤ, ਊਚ-ਨੀਚ ਅਤੇ ਵਿਤਕਰੇ ਨੂੰ ਦੂਰ ਕਰਨ ਦਾ ਸੰਦੇਸ਼ ਦਿੱਤਾ ਅਤੇ ਸਾਰੇ ਮਨੁੱਖਾਂ ਨੂੰ ਬਰਾਬਰ ਸਮਝਣ ਦੀ ਪ੍ਰੇਰਣਾ ਦਿੱਤੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਡਾਕੂਮੈਂਟਰੀ ਨੂੰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਦਿਖਾਉਣ ਲਈ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਤੋਂ ਲਾਭ ਪ੍ਰਾਪਤ ਕਰ ਸਕਣ।

# ਭਾਈ ਲਾਲੋ ਜੀ ਦਾ ਜਨਮ ਦਿਹਾੜਾ ਮਨਾਇਆ

**ਮੁਹਾਲੀ (ਗੁਰਜੀਤ ਬਿੱਲਾ)**-ਰਾਮਗੜ੍ਹੀਆ ਸਭਾ (ਰਜਿ) ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਦੇ ਪ੍ਰਬੰਧਕ ਕਮੇਟੀ ਮੈਂਬਰਾਂ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਭਾ ਦੇ ਪ੍ਰਧਾਨ ਗੁਰਚਰਨ ਸਿੰਘ ਨੰਨੜਾ ਦੀ ਅਗਵਾਈ ਹੇਠ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸੇਵਕ ਬ੍ਰਹਮ ਗਿਆਨੀ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਪੂਰਵਕ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਨਾਂ ਵਿੱਚ ਭਾਈ ਪੁਰਸ਼ੋਤਮ ਸਿੰਘ ਜੀ ਹਜ਼ੂਰੀ ਰਾਗੀ, ਹੈੱਡ ਗ੍ਰੰਥੀ ਭਾਈ ਬਲਿਹਾਰ ਸਿੰਘ ਇਸਤਰੀ ਸਤਿਸੰਗ ਜੱਥਾ ਰਾਮਗੜ੍ਹੀਆ ਸਭਾ ਮੁਹਾਲੀ, ਭਾਈ ਪ੍ਰੇਮ ਸਿੰਘ ਚੰਡੀਗੜ੍ਹ ਵਾਲੇ, ਭਾਈ ਕੁਲਦੀਪ ਸਿੰਘ ਜੀ ਪੰਥਕ ਕਵੀ ਨੇ ਭਾਈ ਲਾਲੋ ਜੀ ਦੇ ਜੀਵਨ ਬ੍ਰਿਤਾਂਤ ਤੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਤੋਂ ਇਲਾਵਾ ਭਾਈ ਜਰਨੈਲ ਸਿੰਘ ਕੋਹਾੜਕਾ ਜੀ ਅਤੇ ਸਾਥੀ ਹਜ਼ੂਰੀ ਰਾਗੀ ਜੱਥਾ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਸਾਹਿਬ ਵੱਲੋ ਸੰਗਤਾਂ ਨੂੰ ਇਲਾਹੀ ਬਾਣੀ ਸਰਵਣ ਕਰਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ ਜੀ। ਸਮਾਗਮ ਦੇ ਮੁੱਖ ਮਹਿਮਾਨ ਸਰਦਾਰ ਰਮਨਜੀਤ ਸਿੰਘ ਮਣਕੂ, ਵਿਸ਼ੇਸ਼ ਮਹਿਮਾਨ ਰਵਿੰਦਰ ਸਿੰਘ ਨਾਗੀ, ਮੇਜਰ ਸਿੰਘ ਭੁੱਲਰ, ਰਣਜੀਤ ਸਿੰਘ ਹੰਸਪਾਲ, ਕੁਲਵਿੰਦਰ ਸਿੰਘ ਸਹਿੰਭੀ ਅਤੇ ਐੱਮ ਸੀ ਗੁਰਮੁੱਖ ਸਿੰਘ ਸੋਹਲ ਆਦਿ ਦਾ ਸਭਾ ਦੇ ਪ੍ਰਧਾਨ ਗੁਰਚਰਨ ਸਿੰਘ ਨੰਨੜਾ ਵਲੋਂ ਸਨਮਾਨ ਕੀਤਾ ਗਿਆ। ਰਾਮਗੜ੍ਹੀਆ ਸਭਾ ਮੋਹਾਲੀ ਦੇ ਜਨਰਲ ਸਕੱਤਰ ਸ੍. ਬਿਕਰਮਜੀਤ ਸਿੰਘ ਹੁੰਝਣ ਵਲੋਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਭਾਈ ਲਾਲੋ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ। ਜਨਮ ਦਿਹਾੜੇ ਦੀ ਖੁਸ਼ ਵਿੱਚ ਵਿਸ਼ੇਸ਼ ਮੈਡੀਕਲ ਕੈਂਪ ਸੋਹਾਣਾ ਹਸਪਤਾਲ ਦੇ ਸਹਿਯੋਗ ਨਾਲ ਆਯੋਜਨ ਕੀਤਾ ਗਿਆ ਜਿਸ ਵਿੱਚ ਮਾਹਿਰ ਡਾਕਟਰਾਂ ਵਲੋ ਮਰੀਜਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਪ੍ਰਬੰਧਕ ਕਮੇਟੀ ਵਲੋਂ ਦਿੱਤੀ। ਇਸ ਮੌਕੇ ਹਲਕਾ ਮੁਹਾਲੀ ਦੇ ਵਿਧਾਇਕ ਸ ਕੁਲਵੰਤ ਸਿੰਘ, ਮੈਅਰ ਸ ਸਰਬਜੀਤ ਸਿੰਘ ਸਮਾਣਾ, ਸੀਨੀਅਰ ਡਿਪਟੀ ਮੇਅਰ ਆਰ ਪੀ ਸ਼ਰਮਾ,ਐੱਮ ਸੀ ਪਰਮਜੀਤ ਸਿੰਘ ਕਾਹਲੋਂ, ਨਸੀਬ ਸਿੰਘ ਸੰਧੂ,ਸਾਬਕਾ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ, ਅਕਾਲੀ ਲੀਡਰ ਸ ਪਰਮਿੰਦਰ ਸਿੰਘ ਸੋਹਾਣਾ, ਬੀਬੀ ਪਰਮਜੀਤ ਕੌਰ ਲਾਂਡਰਾਂ( ਐੱਸ ਜੀ ਪੀ ਸੀ ਮੈਂਬਰ),ਕਾਂਗਰਸੀ ਆਗੂ ਐਡਵੋਕੇਟ ਸ ਕੰਵਰਦੀਪ ਸਿੰਘ ਰੂਬੀ ਸਿੱਧੂ, ਕਈ ਪਤਵੰਤੇ ਸਜੱਣ ਹਾਜਰ ਸਨ। ਉਪਰੋਕਤ ਸਾਰੀ ਜਾਣਕਾਰੀ ਸਭਾ ਦੇ ਜਨਰਲ ਸਕੱਤਰ ਸ੍. ਬਿਕਰਮਜੀਤ ਸਿੰਘ ਹੁੰਝਣ ਵਲੋਂ ਦਿੱਤੀ ਗਈ।



# ਸਿੱਖਿਆ ਸਮਾਗਮ 'ਚ ਵੰਡੇ ਜਾਣਗੇ 120 ਵਿਦਿਆਰਥੀਆਂ ਨੂੰ 12 ਲੱਖ ਤੋਂ ਵੱਧ ਰੁਪਏ ਦੇ ਵਜ਼ੀਫੇ

**ਰੂਪਨਗਰ (ਰਜਿੰਦਰ ਸੈਣੀ)**-ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਸੈਣੀ ਭਵਨ ਰੂਪਨਗਰ ਵੱਲੋਂ 30 ਸਤੰਬਰ ਅਤੇ 4 ਅਕਤੂਬਰ ਨੂੰ ਸਾਲਾਨਾ ਸਿੱਖਿਆ ਸਮਾਗਮ ਕਰਵਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਦੌਰਾਨ 4 ਅਕਤੂਬਰ ਨੂੰ ਪ੍ਰੋਫ਼ੈਸ਼ਨਲ ਤਕਨੀਕੀ ਅਤੇ ਉਚੇਰੀ ਵਿਦਿਅਕ ਸੰਸਥਾਵਾਂ 'ਚ ਦਾਖ਼ਲ ਹੁਸ਼ਿਆਰ 120 ਵਿਦਿਆਰਥੀਆਂ ਨੂੰ ਸਾਲ 2026-27 ਲਈ 12 ਲੱਖ 12 ਹਜ਼ਾਰ ਰੁਪਏ ਦੇ ਵਜ਼ੀਫੇ ਵੰਡੇ ਜਾਣਗੇ। ਇਸ ਵਿੱਚ 9 ਲੱਖ 12 ਹਜ਼ਾਰ ਰੁਪਏ ਆਮ ਵਜ਼ੀਫੇ ਅਤੇ 3 ਲੱਖ ਰੁਪਏ ਦਾ ਐੱਸ ਆਰ ਮੁੰਡਰਾ ਯਾਦਗਾਰੀ ਵਜ਼ੀਫਾ ਪਿਛਲੇ ਸਾਲ ਦੇ ਉੱਚ ਕੋਟੀ ਦੀ ਸੰਸਥਾ ਆਈਆਈਐੱਸ ਰਾਉਪੜ 'ਚ ਐੱਮ ਬੀ ਏ ਕਰ ਰਹੇ ਵਿਦਿਆਰਥੀ ਤ੍ਰਿਪਤਪਾਲ ਸਿੰਘ ਨੂੰ ਦਿੱਤਾ ਜਾਵੇਗਾ। ਇਹ ਜਾਣਕਾਰੀ ਟਰੱਸਟ ਦੇ ਚੇਅਰਮੈਨ ਬਲਬੀਰ ਸਿੰਘ ਸੈਣੀ ਨੇ ਇੱਥੇ ਦਿੱਤੀ। ਉਨ੍ਹਾਂ ਦੱਸਿਆ ਕਿ 4 ਅਕਤੂਬਰ ਦੇ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਹੋਣਗੇ ਤੇ ਵਿਸ਼ੇਸ਼ ਮਹਿਮਾਨ ਰੂਪਨਗਰ ਦੇ ਵਿਧਾਇਕ ਦਿਨੇਸ਼ ਚੱਢਾ ਹੋਣਗੇ। ਇਸ ਤੋਂ ਇਲਾਵਾ 30 ਸਤੰਬਰ ਦੇ ਸਮਾਗਮ ਦੀ ਪ੍ਰਧਾਨਗੀ ਸ. ਜਤਿੰਦਰ ਸਿੰਘ ਗਿੱਲ (ਰਿਟਾ.) ਪ੍ਰਿੰਸੀਪਲ ਸਰਕਾਰੀ ਕਾਲਜ ਰੂਪਨਗਰ ਦੇ ਕਰਨਗੇ। ਸੈਣੀ ਮੱਕ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਤੇ ਸਕੱਤਰ ਅਮਰਜੀਤ ਸਿੰਘ ਨੇ ਸਾਲਾਨਾ ਸਿੱਖਿਆ ਸਮਾਗਮ ਦੀ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 30 ਸਤੰਬਰ ਨੂੰ ਵੱਖ ਵੱਖ ਸਕੂਲਾਂ ਤੇ ਕਾਲਜਾਂ 'ਚ ਪੜਾਈ ਕਰ ਰਹੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਹੋਣਗੇ। ਭਾਸ਼ਣ ਮੁਕਾਬਲੇ ਦੇ ਜੇਤੂ ਪਹਿਲੇ ਸਥਾਨ 'ਤੇ ਰਹੇ ਤਿੰਨ ਤਿੰਨ ਵਿਦਿਆਰਥੀਆਂ ਨੂੰ ਕ੍ਰਮਵਾਰ 2000/-, 1600/- ਤੇ 1200/- ਰੁਪਏ ਨਕਦ ਇਨਾਮ ਦਿੱਤੇ ਜਾਣਗੇ ਅਤੇ ਸਮੂਹ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਡਾ. ਅਜਮੇਰ ਸਿੰਘ ਤੰਬੜ ਨੇ ਦੱਸਿਆ ਕਿ ਇਸ ਦਿਨ ਟਰੱਸਟ ਵੱਲੋਂ ਜਾਰੀ ਕੀਤਾ ਜਾਂਦਾ ਤਿਮਾਹੀ ਮੈਗਜ਼ੀਨ ਸੈਣੀ ਸੰਸਾਰ ਦਾ 62ਵਾਂ ਅੰਕ ਵੀ ਜਾਰੀ ਹੋਵੇਗਾ। [illegible]

# ਭਗਤ ਵੱਲੋਂ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦੀ ਸ਼ੁਰੂਆਤ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** : ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਸਰਕਾਰੀ ਆਰਟਸ ਅਤੇ ਸਪੋਰਟ ਕਾਲਜ, ਜਲੰਧਰ ਵਿਖੇ 'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦਾ ਉਦਘਾਟਨ ਕੀਤਾ ਗਿਆ। ਖੇਡ ਪ੍ਰੇਮੀਆਂ, ਅਧਿਕਾਰੀਆਂ ਤੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਸੂਬੇ ਭਰ ਵਿੱਚ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਜ਼ਰੀਏ 'ਤੇ ਚਾਨਣਾ ਪਾਉਂਦਿਆਂ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਆਪ ਖੁਦ ਬਹੁਤ ਵੱਡੇ ਖੇਡ ਪ੍ਰੇਮੀ ਹਨ ਅਤੇ ਉਨ੍ਹਾਂ ਨੇ ਸੂਬੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਨੂੰ ਪਹਿਲੀ ਤਰਜੀਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਰ ਪੱਧਰ 'ਤੇ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। [illegible] ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਖੇਡਾਂ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਦੂਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਖੇਡਾਂ ਨਸ਼ਿਆਂ ਦੀ ਸਮੱਸਿਆ ਨੂੰ ਖ਼ਤਮ ਕਰਨ ਅਤੇ ਨੌਜਵਾਨਾਂ ਦੀ ਅਥਾਹ ਊਰਜਾ ਸ਼ਕਤੀ ਨੂੰ ਉਸਾਰੂ ਪਾਸੇ ਲਗਾਉਣ ਲਈ ਸਭ ਤੋਂ ਕਾਰਗਰ ਹਥਿਆਰ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸੂਬਾ ਸਰਕਾਰ ਵੱਲੋਂ 1800 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ। [illegible] ਇਸ ਮੌਕੇ ਹੋਰਨਾਂ ਤੋਂ ਇਲਾਵਾ ਜੁਆਇੰਟ ਕਮਿਸ਼ਨਰ ਨਗਰ ਨਿਗਮ, ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਬਾਜਵਾ, ਪ੍ਰਿੰਸੀਪਲ ਡਾ. ਸੁਰਿੰਦਰ ਸਿੰਘ [illegible] ਵੀ ਮੌਜੂਦ ਸਨ।



# ਸਾਲਾਨਾ ਜਾਗਰਣ ਕਰਵਾਇਆ



**ਫਿਲੌਰ (ਪਲਵਿੰਦਰ ਸਿੰਘ ਜੇ ਰਾਮਪੁਰ)**-[illegible] ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਾਤਾ ਰਾਣੀ ਦਾ ਸਾਲਾਨਾ ਜਾਗਰਣ ਫਿਲੌਰ ਵਿਖੇ ਬਹੁਤ ਹੀ ਸ਼ਰਧਾ ਪੂਰਵਕ ਕਰਵਾਇਆ ਗਿਆ। ਸਭ ਤੋਂ ਪਹਿਲਾਂ ਮਾਤਾ ਜੀ ਦੀ ਪੂਜਾ ਅਰਚਨਾ ਕੀਤੀ ਗਈ, ਉਪਰੰਤ ਪ੍ਰਸਿੱਧ ਗਾਇਕਾਂ ਨੇ ਮਾਤਾ ਜੀ ਦੀਆਂ ਭੇਟਾਂ ਗਾ ਕੇ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ। [illegible] ਮਾਤਾ ਜੀ ਦਾ ਲੰਗਰ ਭੰਡਾਰਾ ਅਟੁੱਟ ਵਰਤਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਰਾਜਨ ਸ਼ਰਮਾ, ਜਤਿੰਦਰ ਸ਼ਰਮਾ, ਮਨਦੀਪ, [illegible] ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਐੱਮ ਐੱਲ ਏ ਨੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਵੰਡੇ

**ਮੁਹਾਲੀ (ਗੁਰਜੀਤ ਬਿੱਲਾ)**-ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਨੇ ਮੋਹਾਲੀ ਦੇ ਸੈਕਟਰ-69 ਸਥਿਤ ਆਰੋਗਿਆ ਕੇਂਦਰ ਵਿਖੇ ਲਾਭਪਾਤਰੀਆਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਵੰਡੇ। ਉਨ੍ਹਾਂ ਨੇ ਯੋਜਨਾ ਤਹਿਤ ਨਕਦੀ ਰਹਿਤ ਸਿਹਤ ਸੇਵਾਵਾਂ ਦੀ ਵਿਆਪਕ ਪਹੁੰਚ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।



[illegible] ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਲੋੜਵੰਦ ਪਰਿਵਾਰਾਂ ਦੇ ਨਾਲ-ਨਾਲ ਆਮ ਲੋਕਾਂ ਲਈ ਵੀ ਵੱਡਾ ਸਹਾਰਾ ਸਾਬਤ ਹੋ ਰਹੀ ਹੈ। ਇਸ ਯੋਜਨਾ ਤਹਿਤ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਵੱਖ-ਵੱਖ ਬਿਮਾਰੀਆਂ ਦਾ ਨਕਦੀ ਰਹਿਤ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨੇ ਪਰਿਵਾਰਾਂ 'ਤੇ ਸਿਹਤ ਸੇਵਾਵਾਂ ਦਾ ਵਿੱਤੀ ਬੋਝ ਘਟਾਉਣ ਵਿੱਚ ਮਦਦ ਕੀਤੀ ਹੈ ਅਤੇ ਯੋਗ ਲਾਭਪਾਤਰੀਆਂ ਨੂੰ ਤੁਰੰਤ ਇਲਾਜ ਦੇ ਖ਼ਰਚਿਆਂ ਦੀ ਚਿੰਤਾ ਤੋਂ ਬਿਨਾਂ ਮਿਆਰੀ ਡਾਕਟਰੀ ਇਲਾਜ ਪ੍ਰਾਪਤ ਕਰਨ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਪੰਜਾਬ ਭਰ ਵਿੱਚ 54 ਲੱਖ ਤੋਂ ਵੱਧ ਪਰਿਵਾਰ ਇਸ ਯੋਜਨਾ ਤਹਿਤ ਰਜਿਸਟਰਡ ਹੋ ਚੁੱਕੇ ਹਨ, ਜਦਕਿ ਐੱਸ.ਏ.ਐੱਸ. ਨਗਰ ਜ਼ਿਲ੍ਹੇ ਵਿੱਚ ਲਗਭਗ 1.80 ਲੱਖ ਲਾਭਪਾਤਰੀ ਪਰਿਵਾਰਾਂ ਦੀ ਰਜਿਸਟ੍ਰੇਸ਼ਨ ਪੂਰੀ ਹੋ ਗਈ ਹੈ। [illegible]

# ਵਪਾਰੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਸਮੀਖਿਆ ਮੀਟਿੰਗ

**ਮੁਹਾਲੀ (ਗੁਰਜੀਤ ਬਿੱਲਾ)**-ਸਹਾਇਕ ਕਮਿਸ਼ਨਰ (ਜਨਰਲ) ਡਾ. ਅੰਕਿਤਾ ਕਾਂਸਲ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਪਾਰੀਆਂ ਪਾਸੋਂ ਪ੍ਰਾਪਤ ਸ਼ਿਕਾਇਤਾਂ ਦੀ ਤਾਜ਼ਾ ਸਥਿਤੀ ਅਤੇ ਨਿਪਟਾਰੇ ਲਈ ਸਬੰਧਤ ਵਿਭਾਗਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਵੱਲੋਂ ਵੱਖ-ਵੱਖ ਵਿਭਾਗਾ ਗਮਾਡਾ, ਪਾਵਰਕਾਮ, ਸਿਹਤ ਵਿਭਾਗ, ਸਥਾਨਕ ਸਰਕਾਰਾਂ ਅਤੇ ਕਾਰਪੋਰੇਸ਼ਨ ਨਾਲ ਸਬੰਧਤ ਲੰਬਿਤ ਸ਼ਿਕਾਇਤਾਂ ਦੀ ਪ੍ਰਗਤੀ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਡਾ. ਅੰਕਿਤਾ ਕਾਂਸਲ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਨ੍ਹਾਂ ਪਾਸ ਲੰਬਿਤ ਸ਼ਿਕਾਇਤਾਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ ਅਤੇ ਸਮਾਂਬੱਧ ਢੰਗ ਨਾਲ ਨਿਪਟਾਰਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਅਧਿਕਾਰੀਆਂ ਨੂੰ ਟਰੇਡਰਜ਼ ਕਮਿਸ਼ਨ ਨਾਲ ਨਿਰੰਤਰ ਤਾਲਮੇਲ ਬਣਾਈ ਰੱਖਣ ਅਤੇ ਵਿਭਾਗੀ ਕਾਰਵਾਈ ਦੀ ਸਮੇਂ ਸਿਰ ਪੈਰਵੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਅਤੇ ਲੰਬਿਤ ਸ਼ਿਕਾਇਤਾਂ ਸਬੰਧੀ ਕੀਤੀ ਜਾ ਰਹੀ ਕਾਰਵਾਈ ਦੀ ਪ੍ਰਗਤੀ ਬਾਰੇ ਕਮਿਸ਼ਨ ਨੂੰ ਨਿਯਮਿਤ ਤੌਰ 'ਤੇ ਜਾਣੂ ਕਰਵਾਇਆ ਜਾਵੇ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਵਿੱਚ ਪਾਰਦਰਸ਼ਤਾ ਅਤੇ ਪ੍ਰਭਾਵਸ਼ਾਲੀ ਕਾਰਵਾਈ ਯਕੀਨੀ ਬਣਾਈ ਜਾਵੇ।ਇਸ ਮੌਕੇ ਵਾਈਸ ਚੇਅਰਮੈਨ ਤਰਲੋਚਨ ਸਿੰਘ ਬੈਦਵਾਨ, ਮੁਹਾਲੀ ਹਲਕਾ ਚੇਅਰਮੈਨ ਅਕਵਿੰਦਰ ਸਿੰਘ ਗੋਸਲ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# ਐੱਸ ਐੱਨ ਐੱਸ ਕ੍ਰਿਕਟ ਅਕੈਡਮੀ ਨੇ ਰਾਇਲ ਅਕੈਡਮੀ ਨੂੰ 9 ਵਿਕਟਾਂ ਨਾਲ ਹਰਾਇਆ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**-ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵੱਲੋਂ ਹਦੀਆਬਾਦ ਦੀ ਗਰਾਊਂਡ ਵਿੱਚ ਐੱਸ ਐੱਨ ਐੱਸ ਕ੍ਰਿਕਟ ਅਕੈਡਮੀ ਫਗਵਾੜਾ ਅਤੇ ਰਾਇਲ ਕ੍ਰਿਕਟ ਅਕੈਡਮੀ ਜਲੰਧਰ ਵਿਚਕਾਰ ਕ੍ਰਿਕਟ ਮੈਚ ਕਰਵਾਇਆ ਗਿਆ। ਮੈਚ ਵਿੱਚ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸਕੱਤਰ ਸੰਤੋਸ਼ ਕੁਮਾਰ ਗੋਗੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੈਚ ਦੌਰਾਨ ਰਾਇਲ ਕ੍ਰਿਕਟ ਅਕੈਡਮੀ ਜਲੰਧਰ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਅਤੇ ਨਿਰਧਾਰਤ 20 ਓਵਰਾਂ ਵਿੱਚ 170 ਦੌੜਾਂ ਬਣਾਈਆਂ। ਰਾਇਲ ਕ੍ਰਿਕਟ ਅਕੈਡਮੀ ਵੱਲੋਂ ਰਾਜਵੀਰ ਨੇ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ 48 ਗੇਂਦਾਂ 'ਤੇ 58 ਦੌੜਾਂ ਬਣਾਈਆਂ। ਟੀਚੇ ਦਾ ਪਿੱਛਾ ਕਰਨ ਉਤਰੀ ਐੱਸ. ਐੱਨ. ਐੱਸ. ਕ੍ਰਿਕਟ ਅਕੈਡਮੀ ਫਗਵਾੜਾ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਿਰਫ਼ 12 ਓਵਰਾਂ ਵਿੱਚ 173 ਦੌੜਾਂ ਬਣਾਕੇ ਮੈਚ 9 ਵਿਕਟਾਂ ਨਾਲ ਆਪਣੇ ਨਾਂਅ ਕਰ ਲਿਆ। ਟੀਮ ਦੀ ਜਿੱਤ ਵਿੱਚ ਘਨਸ਼ਾਮ ਨੇ 103 ਦੌੜਾਂ ਅਤੇ ਬਲਰਾਜ ਨੇ 37 ਦੌੜਾਂ ਦੀ ਮਹੱਤਵਪੂਰਨ ਪਾਰੀ ਖੇਡੀ। ਐੱਸ. ਐੱਨ. ਐੱਸ. ਕ੍ਰਿਕਟ ਅਕੈਡਮੀ ਵੱਲੋਂ ਘਨਸ਼ਾਮ ਨੇ ਸਿਰਫ਼ 51 ਗੇਂਦਾਂ 'ਤੇ 103 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਉਸ ਦੇ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਉਸ ਨੂੰ 'ਮੈਨ ਆਫ਼ ਦਾ ਮੈਚ' ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਸੰਤੋਸ਼ ਕੁਮਾਰ ਗੋਗੀ ਨੇ ਦੋਵਾਂ ਟੀਮਾਂ ਦੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਤੰਦਰੁਸਤ ਰੱਖਣ ਦੇ ਨਾਲ-ਨਾਲ ਉਨ੍ਹਾਂ ਵਿੱਚ ਅਨੁਸ਼ਾਸਨ, ਟੀਮ ਵਰਕ ਅਤੇ ਮੁਕਾਬਲੇ ਦੀ ਭਾਵਨਾ ਪੈਦਾ ਕਰਦੀਆਂ ਹਨ।



# ਜੀਵਨਜੋਤ ਸਿੰਘ ਚੱਗਰ 'ਯੂਥ ਵਲੰਟੀਅਰ ਐਵਾਰਡ-2026' ਨਾਲ ਸਨਮਾਨਤ

**ਆਦਮਪੁਰ (ਪਰਮਜੀਤ ਸਿੰਘ)**-ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਵਿੱਚ ਸਹਾਇਕ ਪ੍ਰੋਫ਼ੈਸਰ ਵਜੋਂ ਸੇਵਾਵਾਂ ਨਿਭਾ ਰਹੇ ਇੰਜੀ. ਜੀਵਨਜੋਤ ਸਿੰਘ ਚੱਗਰ ਨੂੰ ਸਿੱਖਿਆ, ਖੋਜ ਅਤੇ ਸਮਾਜਿਕ ਖੇਤਰ ਵਿੱਚ ਸਰਗਰਮ ਯੋਗਦਾਨ ਲਈ 'ਯੂਥ ਵਲੰਟੀਅਰ ਐਵਾਰਡ-2026' ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਸਨਮਾਨ ਪ੍ਰਾਪਤ ਕਰਕੇ ਉਨ੍ਹਾਂ ਨੇ ਨਾ ਸਿਰਫ਼ ਆਪਣੇ ਪਰਵਾਰ ਅਤੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦਾ ਮਾਣ ਵਧਾਇਆ ਹੈ, ਸਗੋਂ ਆਪਣੇ ਜ਼ਿਲ੍ਹੇ ਦਾ ਨਾਂ ਵੀ ਰੌਸ਼ਨ ਕੀਤਾ ਹੈ। ਕੇਅਰਨੈਸ ਐਂਡ ਅਵੇਅਰਨੈਸ ਵੈਲਫੇਅਰ ਸੋਸਾਇਟੀ ਅਤੇ ਰਿਸ਼ੀ ਫਾਊਂਡੇਸ਼ਨ ਵੱਲੋਂ ਕਰਵਾਏ ਗਏ ਸਨਮਾਨ ਸਮਾਗਮ ਦੌਰਾਨ ਪੰਜਾਬ ਭਰ ਵਿੱਚ ਸਿੱਖਿਆ, ਸਮਾਜ ਸੇਵਾ, ਖੇਡਾਂ ਅਤੇ ਕਲਾ ਦੇ ਖੇਤਰਾਂ ਵਿੱਚ ਨੌਜਵਾਨਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਅਤੇ ਯੋਗਦਾਨ ਨੂੰ ਮਾਨਤਾ ਦਿੱਤੀ ਗਈ। ਇਸੇ ਕੜੀ ਤਹਿਤ ਇੰਜੀ. ਜੀਵਨਜੋਤ ਸਿੰਘ ਚੱਗਰ ਨੂੰ ਉਨ੍ਹਾਂ ਦੀਆਂ ਸਿੱਖਿਆ, ਖੋਜ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਸਰਗਰਮ ਭੂਮਿਕਾ ਲਈ ਸਨਮਾਨ ਚਿੰਨ੍ਹ ਅਤੇ 5,100/- ਦੀ ਨਕਦ ਰਾਸ਼ੀ ਵੀ ਪ੍ਰਦਾਨ ਕੀਤੀ ਗਈ।



# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਕਵਿਤਾ ਮੁਕਾਬਲੇ

**ਕਪੂਰਥਲਾ (ਹਨੀ)**-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਡਾਇਰੈਕਟਰ ਇੰਜ. ਹਰਨਿਆਮਤ ਕੌਰ ਦੀ ਅਗਵਾਈ ਵਿਚ ਚੌਥੀ ਅਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੰਗਲਿਸ਼ ਪੋਇਟਰੀ ਰੈਸੀਟੇਸ਼ਨ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਆਪਣੀ ਕਵਿਤਾ ਪੇਸ਼ਕਾਰੀ ਤੇ ਉਚਾਰਨ ਦੀ ਕਲਾ ਦਾ ਪ੍ਰਦਰਸ਼ਨ ਕੀਤਾ। ਚੌਥੀ ਜਮਾਤ ਦੇ ਮੁਕਾਬਲੇ ਵਿੱਚ ਸੁਖਮਨੀ ਨੰਦਾ ਪਹਿਲੇ, ਨਿਮਰਤ ਕੌਰ ਦੂਜੇ ਅਤੇ ਭਾਵਿਕਸ਼ਾ ਤੀਜੇ ਸਥਾਨ 'ਤੇ ਰਹੀ। ਪੰਜਵੀਂ ਜਮਾਤ 'ਚੋਂ ਜਸਲੀਨ ਪਹਿਲੇ, ਸਵਰੀਨ ਦੂਜੇ ਅਤੇ ਆਲੀਆ ਤੀਜੇ ਸਥਾਨ 'ਤੇ ਰਹੀ। ਇਸ ਦੌਰਾਨ ਵਿਦਿਆਰਥੀਆਂ ਨੇ ਆਤਮ-ਵਿਸ਼ਵਾਸ ਨਾਲ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਸਕੂਲ ਡਾਇਰੈਕਟਰ ਇੰਜ. ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜ. ਨਿਮਰਤਾ ਕੌਰ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।



# ਸਾਬਕਾ ਵਿਧਾਇਕ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

**ਜ਼ੀਰਕਪੁਰ (ਜਤਿੰਦਰ ਕੁਮਾਰ)**-ਬਲਟਾਣਾ ਦੇ ਯੋਗ ਵਿਹਾਰ ਅਤੇ ਹੇਮ ਵਿਹਾਰ ਵਿੱਚ ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਨੇ ਸਥਾਨਕ ਵਸਨੀਕਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ, ਮੰਗਾਂ ਅਤੇ ਸੁਝਾਅ ਸੁਣੇ। ਮੀਟਿੰਗ ਦੌਰਾਨ ਖੇਤਰ ਦੇ ਵਿਕਾਸ, ਸੜਕਾਂ, ਸਫਾਈ, ਨਿਕਾਸੀ ਪ੍ਰਬੰਧ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਜੁੜੇ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਾਰਡ ਨੰਬਰ 7 ਵਿੱਚ ਸੰਗਠਨਾਤਮਕ ਨਿਯੁਕਤੀਆਂ ਵੀ ਕੀਤੀਆਂ ਗਈਆਂ। ਕਮਲ ਰੈਡੂ ਨੂੰ ਇਸਤਰੀ ਵਿੰਗ ਦੀ ਪ੍ਰਧਾਨ ਨਿਯੁਕਤ ਕੀਤਾ ਗਿਆ, ਜਦਕਿ ਯਸ਼ੂ ਰੈਡੂ ਨੂੰ ਵਾਰਡ ਨੰਬਰ 7 ਦਾ ਯੂਥ ਅਕਾਲੀ ਦਲ ਪ੍ਰਧਾਨ ਬਣਾਇਆ ਗਿਆ। ਨਵ-ਨਿਯੁਕਤ ਅਹੁਦੇਦਾਰਾਂ ਨੂੰ ਲੋਕਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਣ ਅਤੇ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਕਿਹਾ ਗਿਆ। ਐੱਨ ਕੇ ਸ਼ਰਮਾ ਨੇ ਇਸ ਮੌਕੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਲੋਕਾਂ ਨਾਲ ਸਿੱਧਾ ਸੰਵਾਦ ਜਾਰੀ ਰੱਖਿਆ ਜਾਵੇਗਾ ਅਤੇ ਵਸਨੀਕਾਂ ਵੱਲੋਂ ਉਠਾਏ ਮੁੱਦਿਆਂ ਨੂੰ ਸੰਬੰਧਤ ਪੱਧਰ 'ਤੇ ਰੱਖਿਆ ਜਾਵੇਗਾ। ਇਸ ਮੌਕੇ ਰਜਿੰਦਰ ਪਾਲ ਸਿੰਘ ਸੈਣੀ, ਗੁਰਪ੍ਰੀਤ ਸਿੰਘ, ਟਿੰਕੂ ਸ਼ਰਮਾ, ਮੀਨਾ ਸ਼ਰਮਾ, ਗੁਰਮੀਤ ਕੌਰ ਅਤੇ ਸੁਭਾਸ਼ ਮਲਿਕ ਸਮੇਤ ਹੋਰ ਸਥਾਨਕ ਆਗੂ ਤੇ ਵਸਨੀਕ ਮੌਜੂਦ ਰਹੇ।



# ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਨ ਮਨਾਇਆ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਸ੍ਰੀ ਵਿਸ਼ਵਕਰਮਾ ਧੀਮਾਨ ਸਭਾ ਫਗਵਾੜਾ ਵੱਲੋਂ ਸਥਾਨਕ ਬੰਗਾ ਰੋਡ ਸਥਿਤ ਪ੍ਰਾਚੀਨ ਸ਼੍ਰੋਮਣੀ ਸ੍ਰੀ ਵਿਸ਼ਵਕਰਮਾ ਮੰਦਰ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਸਭਾ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਵਿਸ਼ਵਕਰਮਾ ਧੀਮਾਨ ਸਭਾ ਦੇ ਪ੍ਰਧਾਨ ਪ੍ਰਦੀਪ ਧੀਮਾਨ ਨੇ ਸ਼ਹੀਦ ਭਗਤ ਸਿੰਘ ਵਲੋਂ ਦੇਸ਼ ਦੀ ਆਜ਼ਾਦੀ ਲਈ ਪਾਏ ਬੇਮਿਸਾਲ ਯੋਗਦਾਨ ਅਤੇ ਸ਼ਹਾਦਤ ਨੂੰ ਯਾਦ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਸਿਰਫ਼ ਇੱਕ ਨਾਂਅ ਨਹੀਂ, ਸਗੋਂ ਦੇਸ਼ ਭਗਤੀ, ਇਨਕਲਾਬ ਅਤੇ ਕੁਰਬਾਨੀ ਦੀ ਮਹਾਨ ਸੋਚ ਦਾ ਪ੍ਰਤੀਕ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਦੇਸ਼ ਲਈ ਦਿੱਤੀ ਕੁਰਬਾਨੀ ਅੱਜ ਵੀ ਨੌਜਵਾਨ ਪੀੜ੍ਹੀ ਨੂੰ ਦੇਸ਼ ਸੇਵਾ ਲਈ ਪ੍ਰੇਰਿਤ ਕਰਦੀ ਹੈ। ਪ੍ਰਦੀਪ ਧੀਮਾਨ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਦੀ ਲੋੜ ਹੈ। ਸਭਾ ਦੇ ਅਹੁਦੇਦਾਰਾਂ ਅਤੇ ਹਾਜ਼ਰ ਪਤਵੰਤਿਆਂ ਵੱਲੋਂ ਸ਼ਹੀਦ ਭਗਤ ਸਿੰਘ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਅਰਪਣ ਕੀਤੀਆਂ ਗਈਆਂ। ਸਮਾਗਮ ਦੌਰਾਨ ਹਾਜ਼ਰ ਸੰਗਤ ਅਤੇ ਨੌਜਵਾਨਾਂ ਨੂੰ ਸਭਾ ਦੇ ਪ੍ਰਬੰਧਕਾਂ ਵੱਲੋਂ ਲੰਗਰ ਵੀ ਛਕਾਇਆ ਗਿਆ। ਇਸ ਮੌਕੇ ਜਸਪਾਲ ਸਿੰਘ ਲਾਲ, ਸੁਰਿੰਦਰ ਪਾਲ ਧੀਮਾਨ, ਗੁਰਨਾਮ ਸਿੰਘ ਜੂਤਲਾ, ਸੁਭਾਸ਼ ਧੀਮਾਨ, ਪ੍ਰਸ਼ਾਂਤ ਧੀਮਾਨ, ਅਮੋਲਕ ਸਿੰਘ ਝੀਤਾ, ਨਰਿੰਦਰ ਸਿੰਘ ਭੱਚੂ, ਆਰ ਪੀ ਸਿੰਘ, ਜਤਿਨ ਰੂਪਰਾਏ, ਡਾ. ਕੋਮਲ ਠਾਕੁਰ, ਡਾ. ਗੋਪਾਲ ਕੌਸ਼ਲ, ਡਾ. ਹਰਜੀਤ ਭਾਰਤੀ, ਡਾ. ਸਮਦੀਸ਼ਾ, ਡਾ. ਓਸ਼ਿਨ ਮਿੱਢਾ, ਡਾ. ਹੈਪੀ ਬਜਾਜ, ਡਾ. ਜਰਨੈਲ ਸਿੰਘ, ਬਲਵਿੰਦਰ ਸਿੰਘ ਰਤਨ, ਕੰਚਨ ਸ਼ਰਮਾ ਤੋਂ ਇਲਾਵਾ ਸਭਾ ਦੇ ਹੋਰ ਮੈਂਬਰ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।



# ਐੱਲ ਪੀ ਯੂ ਮਾਮਲੇ 'ਚ ਹਿੰਸਾ ਦੀ ਨਿਰਪੱਖ ਜਾਂਚ ਹੋਵੇ : ਕਾਹਲੋਂ

**ਜਲੰਧਰ (ਰਾਜੇਸ਼ ਥਾਪਾ)** ਐਡਵੋਕੇਟਸ ਫਾਰ ਫਾਰਮਰਜ਼ ਐਂਡ ਲੇਬਰਰਜ਼, ਜਲੰਧਰ ਦੇ ਪ੍ਰਧਾਨ ਐਡਵੋਕੇਟ ਗੁਰਜੀਤ ਸਿੰਘ ਕਾਹਲੋਂ ਨੇ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ ਵਿੱਚ ਵਾਪਰੀ ਹਿੰਸਾ, ਭੰਨਤੋੜ ਅਤੇ ਜਨਤਕ ਜੀਵਨ ਵਿੱਚ ਪਏ ਵਿਘਨ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥਣਾਂ ਦੀ ਸੁਰੱਖਿਆ ਬਾਰੇ ਉੱਠੀਆਂ ਚਿੰਤਾਵਾਂ ਨੂੰ ਵੀ ਪੂਰੀ ਗੰਭੀਰਤਾ ਨਾਲ ਸੁਣਿਆ ਜਾਣਾ ਚਾਹੀਦਾ ਹੈ। ਕਾਹਲੋਂ ਨੇ ਮੰਗ ਕੀਤੀ ਕਿ ਜਬਰ-ਜਨਾਹ ਦੇ ਲੱਗੇ ਦੋਸ਼ ਦੀ ਨਿਰਪੱਖ, ਡੂੰਘਾਈ ਨਾਲ ਅਤੇ ਸਮਾਂਬੱਧ ਜਾਂਚ ਕੀਤੀ ਜਾਵੇ। ਸਾਰੇ ਉਪਲਬਧ ਸਬੂਤਾਂ ਦੀ ਜਾਂਚ ਹੋਵੇ, ਸੰਭਾਵਿਤ ਪੀੜਤਾ ਦੀ ਪਛਾਣ ਅਤੇ ਨਿੱਜਤਾ ਦੀ ਰੱਖਿਆ ਕੀਤੀ ਜਾਵੇ ਅਤੇ ਕਿਸੇ ਵੀ ਗਵਾਹ ਜਾਂ ਵਿਦਿਆਰਥੀ ਉੱਤੇ ਦਬਾਅ ਨਾ ਪੈਣ ਦਿੱਤਾ ਜਾਵੇ। ਜਾਂਚ ਪੂਰੀ ਹੋਣ ਤੋਂ ਪਹਿਲਾਂ ਨਾ ਦੋਸ਼ ਨੂੰ ਸੱਚ ਮੰਨਿਆ ਜਾਵੇ ਅਤੇ ਨਾ ਹੀ ਉਸ ਨੂੰ ਬਿਨਾਂ ਜਾਂਚ ਰੱਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਹਿੰਸਾ ਦੇ ਪਿੱਛੇ ਕਿਸੇ ਬਾਹਰੀ ਵਿਅਕਤੀ ਜਾਂ ਰਾਜਨੀਤਿਕ ਹਿੱਤ ਦੀ ਭੂਮਿਕਾ ਹੋਣ ਦੀ ਸੰਭਾਵਨਾ ਦੀ ਵੀ ਜਾਂਚ ਹੋਣੀ ਚਾਹੀਦੀ ਹੈ। ਜੇ ਪੰਜਾਬ ਦੀ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਖ਼ਰਾਬ ਕਰਨ ਲਈ ਕੋਈ ਡੂੰਘੀ ਸਾਜ਼ਿਸ਼ ਰਚੀ ਗਈ ਹੈ, ਤਾਂ ਉਸ ਦਾ ਸੱਚ ਸਬੂਤਾਂ ਦੇ ਆਧਾਰ 'ਤੇ ਸਾਹਮਣੇ ਲਿਆਂਦਾ ਜਾਵੇ ਅਤੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਹੋਵੇ।



# ਤਕਨੀਕੀ ਪ੍ਰਵਾਨਗੀ ਨਾ ਲੈਣ ਦੇ ਮਾਮਲੇ 'ਚ ਸਰਪੰਚ ਮੁਅੱਤਲ

**ਮਾਹਿਲਪੁਰ (ਸ਼ਫ਼ਰੀ)**-ਗ੍ਰਾਮ ਪੰਚਾਇਤ ਲਲਵਾਣ ਬਲਾਕ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸੰਬੰਧਤ ਵਿਕਾਸ ਕੰਮਾਂ ਵਿੱਚ ਕਥਿਤ ਤੌਰ 'ਤੇ ਤਕਨੀਕੀ ਪ੍ਰਵਾਨਗੀ ਨਾ ਲੈਣ ਦੇ ਮਾਮਲੇ ਨੂੰ ਲੈ ਕੇ ਵਿਭਾਗ ਵੱਲੋਂ ਕਾਰਵਾਈ ਕੀਤੀ ਗਈ ਹੈ। ਜਾਰੀ ਕੀਤੇ ਗਏ ਸਰਕਾਰੀ ਪੱਤਰ ਅਨੁਸਾਰ ਸ੍ਰੀ ਰਾਜੇਸ਼ ਕੁਮਾਰ, ਸਰਪੰਚ ਗ੍ਰਾਮ ਪੰਚਾਇਤ ਲਲਵਾਣ ਨੂੰ ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 20(4) ਅਧੀਨ ਤੁਰੰਤ ਪ੍ਰਭਾਵ ਨਾਲ ਮੁਅੱਤਲ ਕੀਤਾ ਗਿਆ ਹੈ। ਪੱਤਰ ਵਿੱਚ ਦਰਜ ਰਿਪੋਰਟ ਅਨੁਸਾਰ, ਵਿਭਾਗੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪੰਚਾਇਤ ਵੱਲੋਂ ਵਿਕਾਸ ਕੰਮਾਂ ਲਈ ਲੋੜੀਂਦੀ ਤਕਨੀਕੀ ਪ੍ਰਵਾਨਗੀ ਪ੍ਰਾਪਤ ਨਹੀਂ ਕੀਤੀ ਗਈ ਅਤੇ ਸਰਪੰਚ ਵੱਲੋਂ ਆਪਣੇ ਪੱਧਰ 'ਤੇ ਬਿਨਾਂ ਪ੍ਰਵਾਨਗੀ ਦੇ ਕੰਮ ਕਰਵਾਏ ਜਾਣ ਸੰਬੰਧੀ ਰਿਪੋਰਟ ਪੇਸ਼ ਕੀਤੀ ਗਈ। ਇਸ ਨੂੰ ਸਰਪੰਚ ਵੱਲੋਂ ਆਪਣੇ ਫਰਜ਼ਾਂ ਵਿੱਚ ਅਣਗਹਿਲੀ ਵਰਤਣ ਨਾਲ ਜੋੜਿਆ ਗਿਆ ਹੈ। ਵਿਭਾਗ ਵੱਲੋਂ ਪ੍ਰਾਪਤ ਰਿਪੋਰਟਾਂ ਵਿੱਚ ਮਿਤੀ 23 ਜੁਲਾਈ, 12 ਅਗਸਤ ਅਤੇ 25 ਅਗਸਤ 2026 ਨੂੰ ਕੀਤੀ ਗਈ ਕਾਰਵਾਈ ਅਤੇ ਪੱਤਰਚਾਰ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਬਾਅਦ ਮਾਮਲੇ ਦੀ ਜਾਂਚ ਕਰਕੇ ਪੰਜਾਬ ਪੰਚਾਇਤੀ ਰਾਜ ਐਕਟ ਦੀ ਧਾਰਾ 20 ਤਹਿਤ ਕਾਰਵਾਈ ਦੀ ਸਿਫਾਰਸ਼ ਕੀਤੀ ਗਈ। ਪੱਤਰ ਅਨੁਸਾਰ ਸਰਪੰਚ ਨੂੰ ਮੁਅੱਤਲ ਕਰਨ ਦੇ ਨਾਲ ਪੰਚਾਇਤ ਸਕੱਤਰ ਸ੍ਰੀ ਸੰਦੀਪ ਸਿੰਘ ਵਿਰੁੱਧ ਵੀ ਵਿਭਾਗੀ ਕਾਰਵਾਈ/ਚਾਰਜਸ਼ੀਟ ਜਾਰੀ ਕਰਨ ਲਈ ਸਬੰਧਤ ਸ਼ਾਖਾ ਨੂੰ ਲਿਖਿਆ ਗਿਆ ਹੈ। ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 20(5) ਅਨੁਸਾਰ ਮੁਅੱਤਲ ਸਰਪੰਚ ਪੰਚਾਇਤ ਦੀ ਕਿਸੇ ਵੀ ਕਾਰਵਾਈ ਵਿੱਚ ਹਿੱਸਾ ਨਹੀਂ ਲੈ ਸਕਦਾ। ਪੱਤਰ ਵਿੱਚ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਪੰਚਾਇਤ ਦੇ ਫੰਡਾਂ ਅਤੇ ਹੋਰ ਜਾਇਦਾਦ ਦਾ ਚਾਰਜ ਪੰਚਾਇਤ ਦੇ ਕਿਸੇ ਹੋਰ ਪੰਚ ਨੂੰ ਦਿੱਤਾ ਜਾਵੇ ਅਤੇ ਪੰਚਾਇਤ ਦੇ ਬੈਂਕ ਖਾਤਿਆਂ ਸਬੰਧੀ ਵੀ ਲੋੜੀਂਦੀ ਕਾਰਵਾਈ ਕੀਤੀ ਜਾਵੇ।

# ਮੁਫ਼ਤ ਮੈਡੀਕਲ ਕੈਂਪ 'ਚ 736 ਮਰੀਜ਼ਾਂ ਦੀ ਜਾਂਚ

**ਪੋਜੇਵਾਲ (ਰਾਮ ਲਾਲ)**-ਆਯੂਸ਼ ਕਮਿਸ਼ਨਰ ਪੰਜਾਬ, ਡਾਇਰੈਕਟਰ ਆਯੁਰਵੇਦਾ ਪੰਜਾਬ ਡਾ. ਰਮਨ ਖੰਨਾ ਅਤੇ ਡਾਇਰੈਕਟਰ ਹੋਮਿਓਪੈਥੀ ਪੰਜਾਬ ਡਾ. ਹਰਿੰਦਰ ਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਡਾ. ਸਰਬਜੀਤ ਕੌਰ ਅਤੇ ਜ਼ਿਲ੍ਹਾ ਹੋਮਿਓਪੈਥੀ ਅਫ਼ਸਰ ਡਾ. ਰਾਜੀਵ ਜਿੰਦੀਆ ਦੀ ਅਗਵਾਈ ਹੇਠ ਗੁਰਦੁਆਰਾ ਸਿੰਘ ਸਭਾ ਰੁੜਕੀ ਮੁਗਲਾਂ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸਰਪੰਚ ਬਿਮਲਾ ਦੇਵੀ ਪਤਨੀ ਜਸਪਾਲ ਸਿੰਘ ਅਤੇ ਪੰਚਾਇਤ ਮੈਂਬਰਾਂ ਵੱਲੋਂ ਕੀਤਾ ਗਿਆ। ਕੈਂਪ ਦੌਰਾਨ ਆਯੁਰਵੈਦਿਕ ਵਿਭਾਗ ਵੱਲੋਂ ਡਾ. ਰਮਿੰਦਰ ਕੌਰ ਅਤੇ ਡਾ. ਰਜਨੀਸ਼ ਨੇ ਮਰੀਜ਼ਾਂ ਦੀ ਸਿਹਤ ਜਾਂਚ ਕੀਤੀ ਅਤੇ ਲੋੜ ਅਨੁਸਾਰ ਆਯੁਰਵੈਦਿਕ ਦਵਾਈਆਂ ਦਿੱਤੀਆਂ। ਇਸੇ ਤਰ੍ਹਾਂ ਹੋਮਿਓਪੈਥੀ ਵਿਭਾਗ ਵੱਲੋਂ ਡਾ. ਨੇਹਾ ਸੋਨੀ ਅਤੇ ਡਾ. ਹਰਜਿੰਦਰ ਸਿੰਘ ਨੇ ਮਰੀਜ਼ਾਂ ਦੀ ਜਾਂਚ ਕਰਕੇ ਹੋਮਿਓਪੈਥਿਕ ਦਵਾਈਆਂ ਮੁਫ਼ਤ ਮੁਹੱਈਆ ਕਰਵਾਈਆਂ। ਇਸ ਮੌਕੇ ਆਯੁਰਵੇਦ ਫਾਰਮਾਸਿਸਟ ਸਤੀਸ਼ ਅਤੇ ਰਜਨੀਸ਼ ਵੱਲੋਂ ਵੀ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਕੈਂਪ ਦੌਰਾਨ ਆਯੁਰਵੈਦਿਕ ਵਿਭਾਗ ਵੱਲੋਂ 415 ਮਰੀਜ਼ਾਂ ਅਤੇ ਹੋਮਿਓਪੈਥੀ ਵਿਭਾਗ ਵੱਲੋਂ 321 ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਤਰ੍ਹਾਂ ਕੈਂਪ ਵਿੱਚ ਕੁੱਲ 736 ਮਰੀਜ਼ਾਂ ਨੇ ਮੁਫ਼ਤ ਸਿਹਤ ਸੇਵਾਵਾਂ ਦਾ ਲਾਭ ਲਿਆ। ਕੈਂਪ ਇੰਚਾਰਜ ਡਾ. ਹਰਜਿੰਦਰ ਸਿੰਘ ਅਤੇ ਡਾ. ਰਮਨਦੀਪ ਕੁਮਾਰ ਨੇ ਲੋਕਾਂ ਨੂੰ ਵੱਖ-ਵੱਖ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਸੰਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਜਸਪਾਲ ਕੌਰ, ਗੁਰਦੇਵ ਸਿੰਘ, ਗੁਰਮੁਖ ਸਿੰਘ ਨੰਬਰਦਾਰ, ਸੁਖਵਿੰਦਰ ਸਿੰਘ, ਜੀਵਨ ਕੁਮਾਰ ਸਮੇਤ ਪਿੰਡ ਦੇ ਹੋਰ ਪਤਵੰਤੇ ਅਤੇ ਇਲਾਕਾ ਵਾਸੀ ਹਾਜ਼ਰ ਸਨ।



# ਸੀਚੇਵਾਲ ਵੱਲੋਂ ਡਰੇਨਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸਮੀਖਿਆ

**ਜਲੰਧਰ, (ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)**- ਰਾਜ ਸਭਾ ਮੈਂਬਰ ਤੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਡਰੇਨਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸਮੀਖਿਆ ਕੀਤੀ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਸਮੇਤ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਰਾਜ ਸਭਾ ਮੈਂਬਰ ਨੇ ਡਰੇਨਾ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਲਗਾਤਾਰ ਨਿਗਰਾਨੀ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਡਰੇਨਾ ਵਿੱਚ ਦੂਸ਼ਿਤ ਪਾਣੀ ਪੈਣ ਤੋਂ ਰੋਕਣ ਲਈ ਢੁੱਕਵੇਂ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਕੁਦਰਤੀ ਸਰੋਤਾਂ ਨਾਲ ਖਿਲਵਾੜ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਕੋਈ ਅਜਿਹਾ ਕਰਦਾ ਪਾਇਆ ਗਿਆ ਤਾਂ ਉਸਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਸੰਤ ਸੀਚੇਵਾਲ ਨੇ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਵਿੱਚ ਚਿੱਟੀ ਵੇਈਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਫਰਵਰੀ 2008 ਵਿੱਚ ਸੰਘਰਸ਼ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਪਹਿਲੀ ਵਾਰ ਕਾਲਾ ਸੰਘਿਆ ਡਰੇਨ ਦੇ ਜ਼ਹਿਰੀਲੇ ਪਾਣੀ ਨੂੰ ਚਿੱਟੀ ਵੇਈਂ ਵਿੱਚ ਪੈਣ ਤੋਂ ਰੋਕਣ ਲਈ ਬੰਨ੍ਹ ਲਗਾਇਆ ਗਿਆ ਸੀ ਤਾਂ ਜੋ ਇਸ ਨੂੰ ਪ੍ਰਦੂਸ਼ਣ ਮੁਕਤ ਕੀਤਾ ਜਾ ਸਕੇ। ਸੰਤ ਸੀਚੇਵਾਲ ਨੇ ਕਿਹਾ ਕਿ ਚਿੱਟੀ ਵੇਈਂ ਨੂੰ ਪ੍ਰਦੂਸ਼ਣ ਮੁਕਤ ਕਰਨ ਦੇ ਉਦੇਸ਼ ਨਾਲ ਇਸ ਵਿੱਚ ਸਾਫ਼ ਪਾਣੀ ਛੱਡਿਆ ਜਾ ਰਿਹਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੇ ਮੀਟਿੰਗ ਦੌਰਾਨ ਦੱਸਿਆ ਕਿ ਦੂਸ਼ਿਤ ਪਾਣੀ ਦੇ ਢੁੱਕਵੇਂ ਪ੍ਰਬੰਧ ਨਾ ਕੀਤੇ ਜਾਣ 'ਤੇ ਕਰੀਬ 83 ਲੱਖ ਰੁਪਏ ਦਾ ਵਾਤਾਵਰਣ ਹਰਜਾਨਾ ਲਗਾਇਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਡਰੇਨਾਂ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਵਾਤਾਵਰਣ ਨਿਯਮਾਂ ਅਨੁਸਾਰ ਕੰਮ ਕੀਤਾ ਜਾਵੇ। ਰਾਜ ਸਭਾ ਮੈਂਬਰ ਨੇ ਜਮਸ਼ੇਰ ਡੇਅਰੀ ਕੰਪਲੈਕਸ ਵਿੱਚ ਬਣ ਰਹੇ ਸੀਬੀਜੀ ਪਲਾਂਟ ਦੇ ਕੰਮ ਦਾ ਵੀ ਜਾਇਜ਼ਾ ਲਿਆ ਅਤੇ ਨਿਰਮਾਣ ਕਾਰਜ ਵਿੱਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਕੀਤੀਆਂ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਮਰਜੀਤ ਬੈਂਸ ਤੋਂ ਇਲਾਵਾ ਨਗਰ ਨਿਗਮ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।



# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਮਥੁਰਾ-ਵ੍ਰਿੰਦਾਵਨ ਲਈ ਬੱਸ ਰਵਾਨਾ

**ਜ਼ੀਰਕਪੁਰ (ਜਤਿੰਦਰ ਕੁਮਾਰ)**- ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਡੇਰਾਬੱਸੀ ਹਲਕੇ ਦੇ ਸ਼ਰਧਾਲੂਆਂ ਨੂੰ ਦੇਸ਼ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਦਾ ਸਿਲਸਿਲਾ ਜਾਰੀ ਹੈ। ਇਸੇ ਕੜੀ ਤਹਿਤ ਜ਼ੀਰਕਪੁਰ ਦੇ ਵਾਰਡ ਨੰਬਰ 8 ਢਕੋਲੀ ਤੋਂ ਮਥੁਰਾ-ਵ੍ਰਿੰਦਾਵਨ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ ਹੋਈ। ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਰਾਹੀਂ ਸ਼ਰਧਾਲੂਆਂ ਨੂੰ ਦੇਸ਼ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮਥੁਰਾ ਅਤੇ ਵ੍ਰਿੰਦਾਵਨ ਕਰੋੜਾਂ ਸ਼ਰਧਾਲੂਆਂ ਦੀ ਆਸਥਾ ਨਾਲ ਜੁੜੇ ਪਵਿੱਤਰ ਅਸਥਾਨ ਹਨ ਅਤੇ ਇੱਥੇ ਜਾਣ ਵਾਲੀ ਸੰਗਤ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਨਗਰ ਕੌਂਸਲ ਜ਼ੀਰਕਪੁਰ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਵਿਰਕ, ਵਾਰਡ ਇੰਚਾਰਜ ਵਿਸ਼ਵ ਬੰਧੂ, ਕੌਂਸਲਰ, ਪਾਰਟੀ ਅਹੁਦੇਦਾਰ ਅਤੇ ਵਰਕਰ ਵੀ ਮੌਜੂਦ ਰਹੇ।



# ਸੋਲਿਡ ਵੇਸਟ ਮੈਨੇਜਮੈਂਟ ਸੰਬੰਧੀ ਨੁੱਕੜ ਨਾਟਕ ਦੀ ਪੇਸ਼ਕਾਰੀ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਸਰਕਾਰੀ ਕਾਲਜ ਡੇਰਾਬੱਸੀ ਵਿੱਚ ਵਿਦਿਆਰਥੀਆਂ ਨੂੰ ਸੋਲਿਡ ਵੇਸਟ ਮੈਨੇਜਮੈਂਟ (ਠੋਸ ਕੂੜਾ ਪ੍ਰਬੰਧਨ) ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਕਾਲਜ ਦੀ ਸੱਭਿਆਚਾਰਕ ਕਮੇਟੀ ਵਲੋਂ ਇੱਕ ਪ੍ਰਭਾਵਸ਼ਾਲੀ ਨੁੱਕੜ ਨਾਟਕ ਦੀ ਪੇਸ਼ਕਾਰੀ ਕਰਵਾਈ ਗਈ।ਇਹ ਨੁੱਕੜ ਨਾਟਕ ਪ੍ਰੋਫ਼ੈਸਰ ਅਮਰਿੰਦਰ ਕੌਰ ਦੀ ਦੇਖ ਰੇਖ ਵਿੱਚ ਤਿਆਰ ਕਰਵਾਇਆ ਗਿਆ। ਇਸ ਨਾਟਕ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਕੂੜੇ ਦੀ ਸਹੀ ਸੰਭਾਲ, ਕੂੜੇ ਨੂੰ ਵੱਖ-ਵੱਖ ਕਰਨ ਅਤੇ ਸਾਫ਼-ਸੁਥਰਾ ਵਾਤਾਵਰਣ ਬਣਾਈ ਰੱਖਣ ਲਈ ਪ੍ਰੇਰਿਤ ਕਰਨਾ ਸੀ। ਨੁੱਕੜ ਨਾਟਕ ਰਾਹੀਂ ਕੂੜੇ ਨੂੰ ਇੱਧਰ-ਉੱਧਰ ਸੁੱਟਣ ਨਾਲ ਪੈਦਾ ਹੋਣ ਵਾਲੀਆਂ ਵਾਤਾਵਰਣਕ ਸਮੱਸਿਆਵਾਂ, ਪਲਾਸਟਿਕ ਦੀ ਵੱਧ ਰਹੀ ਵਰਤੋਂ ਅਤੇ ਗਿੱਲੇ ਤੇ ਸੁੱਕੇ ਕੂੜੇ ਨੂੰ ਵੱਖ-ਵੱਖ ਕਰਨ ਦੀ ਮਹੱਤਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ। ਵਿਦਿਆਰਥੀਆਂ ਨੇ ਆਪਣੀ ਅਦਾਕਾਰੀ, ਸੰਵਾਦਾਂ ਅਤੇ ਨਾਅਰਿਆਂ ਰਾਹੀਂ ਦਰਸ਼ਕਾਂ ਨੂੰ ਸਫ਼ਾਈ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਵਿਨਿਤਾ ਰਾਓ ਨੇ ਵਿਦਿਆਰਥੀਆਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਠੋਸ ਕੂੜੇ ਦਾ ਸਹੀ ਪ੍ਰਬੰਧਨ ਸਾਫ਼-ਸੁਥਰੇ ਅਤੇ ਸਿਹਤਮੰਦ ਸਮਾਜ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਘਰਾਂ, ਕਾਲਜ ਅਤੇ ਆਲੇ-ਦੁਆਲੇ ਸਫ਼ਾਈ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਦਾ ਸਟਾਫ਼ ਮੌਜੂਦ ਸੀ।

# ਗੁਰਵਿੰਦਰ ਸਿੰਘ ਲੱਕੀ ਨੂੰ ਸੌਂਪੀ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੀ ਕਮਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਵਸ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਰਵਾਏ ਗਏ ਵਿਸ਼ਾਲ ਯੁਵਾ ਸੰਮੇਲਨ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਸੰਜੀਵ ਤਲਵਾੜ ਨੇ ਨੌਜਵਾਨਾਂ ਨੂੰ ਪਾਰਟੀ ਦੀ ਜਥੇਬੰਦਕ ਤਾਕਤ ਦਾ ਅਹਿਮ ਹਿੱਸਾ ਬਣਾਉਣ ਦੀ ਆਪਣੀ ਸੋਚ ਨੂੰ ਅੱਗੇ ਵਧਾਉਂਦਿਆਂ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਦੇ ਯੂਥ ਵਿੰਗ ਦੀ ਜ਼ਿੰਮੇਵਾਰੀ ਗੁਰਵਿੰਦਰ ਸਿੰਘ ਲੱਕੀ ਨੂੰ ਸੌਂਪੀ। ਇਸ ਮੌਕੇ ਸੰਜੀਵ ਤਲਵਾੜ ਨੇ ਕਿਹਾ ਕਿ ਗੁਰਵਿੰਦਰ ਸਿੰਘ ਲੱਕੀ ਦਾ ਨੌਜਵਾਨਾਂ ਨਾਲ ਮਜ਼ਬੂਤ ਸੰਪਰਕ, ਸਲੀਕੇ ਨਾਲ ਕੰਮ ਕਰਨ ਦੀ ਸ਼ੈਲੀ ਅਤੇ ਜਥੇਬੰਦਕ ਸਮਰੱਥਾ ਪਾਰਟੀ ਲਈ ਲਾਭਦਾਇਕ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਿਰਫ਼ ਸਮਾਗਮਾਂ ਤੱਕ ਸੀਮਤ ਰੱਖਣ ਦੀ ਬਜਾਏ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਦੇ ਕੇ ਪਾਰਟੀ ਦੇ ਜਥੇਬੰਦਕ ਢਾਂਚੇ ਨਾਲ ਜੋੜਨਾ ਸਮੇਂ ਦੀ ਲੋੜ ਹੈ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਨੇ ਨੌਜਵਾਨਾਂ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਦਾ ਨੌਜਵਾਨ ਗੁਰੂ ਸਾਹਿਬਾਨ ਦੇ ਸਾਹਿਬਜ਼ਾਦਿਆਂ ਅਤੇ ਸ਼ਹੀਦ ਭਗਤ ਸਿੰਘ ਵਰਗੇ ਸੂਰਬੀਰਾਂ ਨੂੰ ਆਪਣਾ ਮਾਰਗਦਰਸ਼ਕ ਮੰਨਦਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੇ ਹਿੱਤਾਂ ਵੱਲ ਲੋੜੀਂਦਾ ਧਿਆਨ ਨਾ ਦਿੱਤੇ ਜਾਣ ਕਾਰਨ ਉਨ੍ਹਾਂ ਵਿੱਚ ਨਿਰਾਸ਼ਾ ਪੈਦਾ ਹੋਈ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਨੌਜਵਾਨਾਂ ਲਈ ਵਿਆਪਕ ਪ੍ਰੋਗਰਾਮ ਲੈ ਕੇ ਆਵੇਗਾ। ਸੰਮੇਲਨ ਦੇ ਮੁੱਖ ਮਹਿਮਾਨ ਸਾਬਕਾ ਚੀਫ ਪਾਰਲੀਮੈਂਟਰੀ ਸੈਕਟਰੀ ਅਤੇ ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਦੇ ਮੈਂਬਰ ਸ੍ਰੀ ਐਨ. ਕੇ. ਸ਼ਰਮਾ ਨੇ ਕਿਹਾ ਕਿ ਅੱਜ ਪੰਜਾਬ ਦੇ ਨੌਜਵਾਨਾਂ ਨੂੰ ਸਿਰਫ਼ ਦਿਸ਼ਾ ਦੇਣ ਦੀ ਨਹੀਂ, ਸਗੋਂ ਉਨ੍ਹਾਂ ਦੀ ਸੋਚ ਅਤੇ ਊਰਜਾ ਤੋਂ ਸਿੱਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਪੰਜਾਬ ਦੀਆਂ ਸਮੱਸਿਆਵਾਂ ਨੂੰ ਸਮਝਦੇ ਹਨ ਅਤੇ ਆਪਣੇ ਭਵਿੱਖ ਨੂੰ ਲੈ ਕੇ ਜਾਗਰੂਕ ਹਨ। ਉਨ੍ਹਾਂ ਨਸ਼ਿਆਂ ਦੇ ਮੁੱਦੇ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਮੱਸਿਆ ਨੇ ਅਨੇਕਾਂ ਪਰਵਾਰਾਂ ਨੂੰ ਪ੍ਰਭਾਵਿਤ ਕੀਤਾ ਹੈ। ਸ੍ਰੀ ਐਨ. ਕੇ. ਸ਼ਰਮਾ ਨੇ ਕਿਹਾ ਕਿ ਨੌਜਵਾਨਾਂ ਦੀ ਸਰਗਰਮ ਸ਼ਮੂਲੀਅਤ ਤੋਂ ਬਿਨਾਂ ਪੰਜਾਬ ਦੇ ਭਵਿੱਖ ਦੀ ਰਾਜਨੀਤੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਤੋਂ ਇਲਾਵਾ ਯੂਥ ਆਗੂ ਮਨਪ੍ਰੀਤ ਸਿੰਘ ਸੈਣੀ, ਸਰਵਜੀਤ ਸਿੰਘ ਸਭੀ, ਮਨਦੀਪ ਸਿੰਘ ਗਿੱਕਾ, ਨੀਰਜ ਸ਼ਰਮਾ, ਸੁਸ਼ੀਲ ਠਾਕੁਰ, ਸਰਬਜੀਤ ਸਿੰਘ ਧਾਮੀ, ਰੋਹਿਤ ਢੁੱਗਾ, ਹਿਮੇਸ਼ ਸ਼ੇਰਗਿੱਲ ਕਾਕਾ ਸਮੇਤ ਸੈਂਕੜੇ ਨੌਜਵਾਨ ਹਾਜ਼ਰ ਸਨ।



# ਮੋਟੇ ਮੁਨਾਫੇ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਮਨਜੀਤ ਸਿੰਘ ਖਿਲਾਫ ਮੁਕੱਦਮਾ ਦਰਜ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਟਰੇਡਿੰਗ ਦੇ ਨਾਂਅ 'ਤੇ ਮੋਟਾ ਮੁਨਾਫਾ ਦੇਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਦੀ ਧੋਖਾਧੜੀ ਕਰਨ ਦੇ ਮਾਮਲੇ ਵਿੱਚ ਥਾਣਾ ਸਿਟੀ ਮੋਰਿੰਡਾ ਦੀ ਪੁਲਿਸ ਨੇ ਮਨਜੀਤ ਸਿੰਘ ਪੁੱਤਰ ਗੁਰਮੇਲ ਸਿੰਘ, ਵਾਸੀ ਪੰਜਕੋਹਾ, ਹਾਲ ਵਾਸੀ ਸੁੰਦਰ ਨਗਰ, ਮੋਰਿੰਡਾ ਦੇ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਇਸ ਸਬੰਧੀ ਇੰਸਪੈਕਟਰ ਗਗਨਦੀਪ ਸਿੰਘ ਮੁੱਖ ਅਫਸਰ ਥਾਣਾ ਸਿਟੀ ਮੋਰਿੰਡ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਸ਼ਿਕਾਇਤਕਰਤਾ ਗੁਰਪ੍ਰੀਤ ਸਿੰਘ ਵਾਸੀ ਨੰਗਲ ਰੋਡ, ਰੂਪਨਗਰ ਨੇ ਐਸ ਐਸ ਪੀ. ਰੂਪਨਗਰ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਦੋਸ਼ੀ ਮਨਜੀਤ ਸਿੰਘ ਨੇ ਆਪਣੀ ਪੈਟਰੋਨ ਨਾਮੀ ਇੰਟਰਨੈੱਟ ਵੈੱਬਸਾਈਟ ਰਾਹੀਂ ਟਰੇਡਿੰਗ ਵਿੱਚ ਪੈਸੇ ਲਗਾ ਕੇ ਹਰ ਮਹੀਨੇ ਮੋਟਾ ਮੁਨਾਫਾ (ਪ੍ਰੋਫਿਟ) ਦੇਣ ਦਾ ਦਾਅਵਾ ਕੀਤਾ ਸੀ। ਦੋਸ਼ੀ ਨੇ ਬੈਂਕ ਆਫ ਇੰਡੀਆ ਮੋਰਿੰਡਾ ਦੇ ਉੱਪਰਲੀ ਮੰਜ਼ਿਲ 'ਤੇ ਆਪਣਾ ਦਫਤਰ ਬਣਾਇਆ ਹੋਇਆ ਸੀ। ਝਾਂਸੇ ਵਿੱਚ ਆ ਕੇ ਗੁਰਪ੍ਰੀਤ ਸਿੰਘ ਅਤੇ ਉਸ ਦੇ ਭਰਾ ਜਗਦੀਪ ਸਿੰਘ ਨੇ ਵੱਖ-ਵੱਖ ਤਰੀਕਿਆਂ ਨਾਲ ਲੱਖਾਂ ਰੁਪਏ ਆਨਲਾਈਨ ਟ੍ਰਾਂਸਫਰ ਕਰ ਦਿੱਤੇ। ਸ਼ੁਰੂਆਤ ਵਿੱਚ ਕੁਝ ਰਕਮ ਪ੍ਰੋਫਿਟ ਵਜੋਂ ਦੇਣ ਤੋਂ ਬਾਅਦ ਦੋਸ਼ੀ ਨੇ ਪੈਸੇ ਮੋੜਨੇ ਬੰਦ ਕਰ ਦਿੱਤੇ ਅਤੇ ਆਪਣੀ ਵੈੱਬਸਾਈਟ ਵੀ ਬੰਦ ਕਰ ਦਿੱਤੀ। ਗਾਰੰਟੀ ਵਜੋਂ ਦਿੱਤਾ ਗਿਆ 5 ਲੱਖ ਰੁਪਏ ਦਾ ਚੈੱਕ ਵੀ ਬੈਂਕ ਵਿੱਚ ਖਾਤੇ ਵਿੱਚ ਪੈਸੇ ਨਾ ਹੋਣ ਕਰਕੇ ਬਾਊਂਸ ਹੋ ਗਿਆ। ਦੋਸ਼ੀ ਆਪਣਾ ਮੋਬਾਇਲ ਫੋਨ ਅਤੇ ਦਫਤਰ ਬੰਦ ਕਰਕੇ ਮੌਕੇ ਤੋਂ ਫਰਾਰ ਹੋ ਗਿਆ। ਐੱਸ ਐੱਸ ਪੀ ਰੂਪਨਗਰ ਦੇ ਨਿਰਦੇਸ਼ਾਂ 'ਤੇ ਹੋਈ ਪੁਲਿਸ ਜਾਂਚ ਵਿੱਚ ਕੁੱਲ 8,32,300 ਰੁਪਏ ਦੀ ਬਕਾਇਆ ਧੋਖਾਧੜੀ ਪਾਈ ਗਈ, ਜਿਸ ਤੋਂ ਬਾਅਦ, ਦੋਸ਼ੀ ਮਨਜੀਤ ਸਿੰਘ ਦੇ ਖਿਲਾਫ ਥਾਣਾ ਸਿਟੀ ਮੋਰਿੰਡਾ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਇੰਸਪੈਕਟਰ ਗਗਨਦੀਪ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਅਗਲੇਰੀ ਤਫਤੀਸ਼ ਸਬ-ਇੰਸਪੈਕਟਰ ਰਮਨ ਗੋਇਲ ਵੱਲੋਂ ਕੀਤੀ ਜਾ ਰਹੀ ਹੈ।

# 'ਸ਼ਹੀਦ ਭਗਤ ਸਿੰਘ ਦਾ ਸੰਘਰਸ਼ ਦੇਸ਼ ਪ੍ਰੇਮ ਅੱਜ ਦੀ ਪੀੜ੍ਹੀ ਲਈ ਪ੍ਰੇਰਨਾ-ਸਰੋਤ'

**ਬੰਗਾ (ਅਵਤਾਰ ਕਲੇਰ)** ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਨ ਮੌਕੇ ਸਤਿਕਾਰ ਅਤੇ ਸਨਮਾਨ ਭੇਟ ਕੀਤਾ ਗਿਆ। ਜ਼ਿਲ੍ਹਾ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਸ਼ਹੀਦ ਭਗਤ ਸਿੰਘ ਅਤੇ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਨਵਾਂ ਸ਼ਹਿਰ ਸੁਖਦੀਪ ਸਿੰਘ ਸ਼ੁਕਾਰ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਆਗੂ ਸਾਹਿਬਾਨ ਅਤੇ ਵਰਕਰਾਂ ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਨ ਮੌਕੇ ਉਹਨਾਂ ਦੇ ਬੁੱਤ ਨੂੰ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਉਹਨਾਂ ਕਿਹਾ ਸ਼ਹੀਦੇ ਆਜ਼ਮ ਵਲੋਂ ਆਪਣੀ ਜ਼ਿੰਦਗੀ ਅਤੇ ਜਵਾਨੀ ਦੇਸ਼ ਕੌਮ ਦੇ ਲੇਖੇ ਲਾ ਕੇ ਇੱਕ ਮਹਾਨ ਮਿਸਾਲ ਕਾਇਮ ਕੀਤੀ।



ਉਹਨਾਂ ਦਾ ਸੰਘਰਸ਼ ਹਿੰਮਤ ਦੇਸ਼ ਪ੍ਰੇਮ ਅੱਜ ਦੀ ਪੀੜ੍ਹੀ ਲਈ ਪ੍ਰੇਰਨਾ ਦਾਇਕ ਹੈ। ਉਹਨਾਂ ਕਿਹਾ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨਾ ਅਤੇ ਉਹਨਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਦਾ ਜਤਨ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ ਬੰਗਾ, ਜਥੇਦਾਰ ਸਤਨਾਮ ਸਿੰਘ ਲਾਦੀਆ,ਡਾ ਗੁਰਪ੍ਰੀਤ ਕੌਰ ਥਿਆੜਾ, ਹੇਮੰਤ ਰੰਧਾਵਾ ਨੇ ਵੀ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਤੇ ਜ਼ਿਲ੍ਹਾ ਪ੍ਰਧਾਨ ਦਿਨੇਸ਼ ਕੁਮਾਰ ਕਰੀਹਾ ਐਸ ਸੀ ਵਿੰਗ, ਅਮਰੀਕ ਸਿੰਘ ਸ਼ੇਖੂਪੁਰ ਬੀ ਸੀ ਵਿੰਗ, ਹਰਨੇਕ ਸਿੰਘ ਬੜਵਾ, ਜਥੇਦਾਰ ਸੰਤੋਖ ਸਿੰਘ ਮੱਲਾ, ਬਲਦੇਵ ਕ੍ਰਿਸ਼ਨ ਬੱਬੂ ਨੌਰਾ, ਮੇਹਰ ਚੰਦ ਕੈਲੇ, ਸੁਰਿੰਦਰ ਸਿੰਘ ਉੜਾਪੜ, ਗੁਰਿੰਦਰ ਸਿੰਘ ਕਰੀਹਾ, ਸਚਿਨ ਕੁਮਾਰ ਸ਼ਾਹਪੁਰ ਪੱਟੀ, ਰਜਿੰਦਰ ਸਿੰਘ ਨੰਗਲ ਜੱਟਾਂ, ਮਨੋਹਰ ਸਿੰਘ ਦੁਪਾਲਪੁਰ, ਗੁਰਜਿੰਦਰ ਸਿੰਘ ਦੁਪਾਲਪੁਰ, ਤਰਨਜੀਤ ਸਿੰਘ, ਰੇਸ਼ਮ ਸਿੰਘ ਭੰਗਲ, ਚਰਨਜੀਤ ਸਿੰਘ ਭਰੋਲੀ, ਜਤਿੰਦਰ ਸਿੰਘ ਮਾਨ, ਜਸਵਿੰਦਰ ਸਿੰਘ ਮਾਨ ਐਮਸੀ, ਜੀਤ ਸਿੰਘ ਭਾਟੀਆਂ, ਪ੍ਰਿੰਸੀਪਲ ਨਛੱਤਰ ਸੁਮਨ, ਗੁਰਵਿੰਦਰ ਸਿੰਘ, ਕੇਸਰ ਸਿੰਘ ਮਹਿਮੂਦਪੁਰ, ਮੇਜਰ ਸਿੰਘ ਬੈਂਸ, ਅਮਰੀਕ ਸਿੰਘ ਸੈਕਟਰੀ, ਇੰਦਰਜੀਤ ਸਿੰਘ ਕਾਹਮਾ, ਗੁਰਦੀਪ ਸਿੰਘ ਬੜਵਾ, ਗੁਰਜੀਤ ਸਿੰਘ ਸ਼ਾਹਪੁਰ, ਗੁਨਜੀਤ ਸਿੰਘ ਗੁਲਾਟੀ, ਹਰਦੀਪ ਸਿੰਘ ਕੋਟ ਰਾਂਝਾ, ਰਮਨਦੀਪ ਸਿੰਘ ਥਿਆੜਾ, ਮੇਜਰ ਸਿੰਘ ਪੱਲੀਆਂ ਖੁਰਦ, ਜਰਨੈਲ ਸਿੰਘ ਸਰਪੰਚ ਚੱਕਦਾਨਾ, ਹਰਪ੍ਰੀਤ ਸਿੰਘ ਖਾਰਾ, ਜੋਰਾਵਰ ਸਿੰਘ ਉਪਲ, ਰਮਿੰਦਰਜੀਤ ਕਾਹਲੋਂ, ਰੋਹਨ ਚੱਢਾ, ਮਹਿੰਦਰ ਸਿੰਘ ਢਿੱਲੋਂ, ਤਾਰਾ ਸਿੰਘ ਸਹਾਬਪੁਰ, ਬਲਵੀਰ ਸਿੰਘ ਪੱਲੀ ਝਿੱਕੀ, ਹਰਦੀਪ ਸਿੰਘ ਪੱਲੀ ਉੱਚੀ, ਮਹਿੰਦਰ ਸਿੰਘ ਰਾਹੋਂ, ਜਥੇਦਾਰ ਸੁਖਵਿੰਦਰ ਸਿੰਘ ਮਿੰਟੂ, ਮਨਮੀਤ ਸਿੰਘ ਬੀਸਲਾ, ਸਿਮਰਨਜੀਤ ਸਿੰਘ ਗਰਚਾ, ਸੁਖਦੇਵ ਸਿੰਘ, ਭੁਪਿੰਦਰ ਸਿੰਘ ਗੜ੍ਹੀ ਅਜੀਤ ਸਿੰਘ, ਡਾ. ਬਾਜਵਾ, ਜਗਤਾਰ ਸਿੰਘ ਮੱਲਾਂ ਬੇਦੀਆਂ, ਜਗਜੀਤ ਸਿੰਘ ਖ਼ਾਲਸਾ, ਹਰਨੇਕ ਸਿੰਘ ਪੁੰਨੂ ਮਜਾਰਾ, ਪ੍ਰਭਦੀਪ ਸਿੰਘ ਕਾਹਲੋਂ ਆਦਿ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਮੋਟਰ ਸਾਇਕਲ ਰੈਲੀ

**ਫਿਲੌਰ (ਹਰਜਿੰਦਰ ਕੌਰ ਚਾਹਲ)**- ਸ਼ਹੀਦ ਭਗਤ ਸਿੰਘ ਦੇ ਜਨਮ 119ਵੇਂ ਦਿਵਸ ਮੌਕੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਤੇ ਪੰਜਾਬ ਸਟੂਡੈਂਟਸ ਫੈਡਰੇਸ਼ਨ ਵੱਲੋਂ ਵਿਸ਼ਾਲ ਮੋਟਰ ਸਾਇਕਲ ਰੈਲੀ ਕੱਢੀ ਗਈ, ਜਿਸ ਵਿਚ ਵੱਖ ਵੱਖ ਪਿੰਡਾਂ ਤੋਂ ਆਏ ਨੌਜਵਾਨਾ ਨੇ ਆਪਣੇ



ਅਸਲੀ ਹੀਰੋ ਭਗਤ ਸਿੰਘ ਨੂੰ ਯਾਦ ਕਰਦਿਆਂ ਫ਼ਿਰਕਾਪ੍ਰਸਤੀ, ਬੇਰੁਜ਼ਗਾਰੀ, ਨਸ਼ਿਆਂ, ਅਨਪੜ੍ਹਤਾ, ਦਲਿਤਾਂ ਅਤੇ ਔਰਤਾਂ ਉੱਪਰ ਹੋ ਰਹੇ ਅਤਿਆਚਾਰ ਖ਼ਿਲਾਫ਼ ਲੜਾਈ ਜਾਰੀ ਰੱਖਣ ਦਾ ਅਹਿਦ ਲਿਆ। ਜ਼ਿਕਰਯੋਗ ਹੈ ਕਿ ਇਹ ਰੈਲੀ ਫ਼ਿਲੌਰ ਤੋਂ ਫਿਰ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਨੂੰ ਰਵਾਨਾ ਹੋਈ, ਨੌਜਵਾਨਾ ਦੇ ਇਸ ਮੋਟਸਾਈਕਲਾਂ ਮਾਰਚ ਦੀ ਅਗਵਾਈ ਮੱਖਣ ਸੰਗਰਾਮੀ,ਸੁਨੀਲ ਭੈਣੀ, ਗਗਨਦੀਪ ਗੱਗਾ, ਸਨੀ ਜੱਸਲ ਨੇ ਕੀਤੀ। ਇਸ ਮੌਕੇ ਨੌਜਵਾਨਾ ਨੂੰ ਸੰਬੋਧਨ ਕਰਦਿਆ ਸਭਾ ਦੇ ਸੂਬਾਈ ਆਗੂ ਅਜੈ ਫ਼ਿਲੌਰ, ਮੱਖਣ ਸੰਗਰਾਮੀ ਨੇ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਘਰ ਘਰ ਪਹੁੰਚਾਉਣ ਦੀ ਅਪੀਲ ਕੀਤੀ ਅਤੇ ਭਗਤ ਸਿੰਘ ਵਲੋ ਸਾਮਰਾਜਵਾਦ ਖ਼ਿਲਾਫ਼ ਸ਼ੁਰੂ ਕੀਤੀ ਲੜਾਈ ਨੂੰ ਤੇਜ਼ ਕਰਨ ਲਈ ਨੌਜਵਾਨਾ ਨੂੰ ਲਾਮਬੰਦ ਹੋਣ ਦਾ ਸੁਨੇਹਾ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਤੋਂ ਬਚਾਉਣ ਲਈ ਸ਼ਹੀਦਾਂ ਦੇ ਵਿਚਾਰਾਂ ਨਾਲ ਜੁੜਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾਂ ਕਿ ਵਪਾਰੀਕਰਨ, ਨਿਜੀਕਰਨ ਦੀਆ ਨੀਤੀਆਂ ਕਾਰਨ ਸਿਹਤ ਸਹੂਲਤਾਂ ਦਿਨ ਬ ਦਿਨ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆ ਜਾ ਰਹੀਆ ਹਨ।

ਸਿੱਖਿਆ ਦਾ ਵਪਾਰੀਕਰਨ ਕਰਕੇ ਸਿੱਖਿਆ ਅਮੀਰ ਲੋਕਾਂ ਲਈ ਰਾਖਵੀਂ ਕੀਤੀ ਜਾ ਰਹੀ ਹੈ ਅਤੇ ਗਰੀਬ ਬੱਚਿਆ ਨੂੰ ਸਿੱਖਿਆ ਪ੍ਰਾਪਤ ਕਰਨ ਦੇ ਅਧਿਕਾਰ ਤੋਂ ਦੂਰ ਰੱਖਿਆ ਜਾ ਰਿਹਾ ਹੈ । ਜਿਸ ਦੇ ਖਿਲਾਫ ਨੌਜਵਾਨਾਂ ਨੂੰ ਲਾਮਬੰਦ ਹੋ ਕੇ ਸੰਘਰਸ਼ ਕਰਨਾ ਸਮੇਂ ਦੀ ਅਹਿਮ ਜ਼ਰੂਰਤ ਹੈ। ਇਸ ਮੌਕੇ ਪਾਰਸ ਫ਼ਿਲੌਰ, ਸੰਦੀਪ ਸਿੰਘ, ਬਲਦੇਵ ਸਾਹਨੀ, ਜਸਬੀਰ ਢੇਸੀ, ਸੋਨੂੰ ਢੇਸੀ, ਗੈਰੀ ਗਿੱਲ, ਤਰਜਿੰਦਰ ਧਾਲੀਵਾਲ, ਜਸਪ੍ਰੀਤ ਸਿੰਘ, ਆਦਿ ਨੌਜਵਾਨ ਹਾਜ਼ਰ ਸਨ।

# ਬਾਰ ਐਸੋਸੀਏਸ਼ਨ ਨੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਮਨਾਇਆ

**ਜਲੰਧਰ (ਰਾਜੇਸ਼ ਥਾਪਾ)**- ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਵਸ ਮੌਕੇ ਮਹਿਲਾ ਵਕੀਲਾਂ ਵੱਲੋਂ ਉਨ੍ਹਾਂ ਨੂੰ ਯਾਦ ਕਰਦਿਆਂ ਇੱਕ ਵਿਸ਼ੇਸ਼ ਮਿਲਣੀ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ



ਐਡਵੋਕੇਟ ਸੰਦੀਪ ਕੁਮਾਰੀ, ਐਡਵੋਕੇਟ ਆਭਾ ਨਗਰ, ਐਡਵੋਕੇਟ ਮਨਜੀਤ ਕੌਰ ਪਰਮਾਰ, ਐਡਵੋਕੇਟ ਅੰਜੂ ਅਤੇ ਐਡਵੋਕੇਟ ਮੰਜੂ ਵੱਲੋਂ ਸਾਂਝੇ ਤੌਰ 'ਤੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜਲੰਧਰ ਬਾਰ ਐਸੋਸੀਏਸ਼ਨ ਦੀ ਸਮੂਹ ਟੀਮ ਨੂੰ ਸੱਦਾ ਦਿੱਤਾ ਗਿਆ। ਪ੍ਰੋਗਰਾਮ ਦੌਰਾਨ ਜਲੰਧਰ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰਤਨ ਦੂਆ ਅਤੇ ਸਕੱਤਰਅਮਰਿੰਦਰ ਸਿੰਘ ਬਿੰਦ ਨੇ ਸਾਰੇ ਵਕੀਲਾਂ ਨੂੰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਅਤੇ ਅਸੂਲਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਐਡਵੋਕੇਟ ਆਭਾ ਨਾਗਰ ਅਤੇ ਐਡਵੋਕੇਟ ਮਨਜੀਤ ਕੌਰ ਪਰਮਾਰ ਨੇ ਸਾਰੇ ਵਕੀਲਾਂ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਦੀ ਵਧਾਈ ਦਿੱਤੀ ਅਤੇ ਸਾਰਿਆਂ ਨੂੰ ਮਿਲ-ਜੁਲ ਕੇ ਏਕਤਾ ਨਾਲ ਦੇਸ਼ ਦੀ ਸੇਵਾ ਕਰਨ ਦਾ ਸੰਦੇਸ਼ ਦਿੱਤਾ। ਐਡਵੋਕੇਟ ਸੰਦੀਪ ਕੁਮਾਰੀ ਨੇ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦਿਆਂ ਕਿਹਾ ਕਿ ਸਾਨੂੰ ਉਨ੍ਹਾਂ ਵੱਲੋਂ ਦਿਖਾਏ ਰਸਤੇ ਅਤੇ ਉਨ੍ਹਾਂ ਦੇ ਵਿਚਾਰਾਂ 'ਤੇ ਚੱਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਮੌਕੇ ਐਡਵੋਕੇਟ ਅੰਜੂ ਅਤੇ ਐਡਵੋਕੇਟ ਮੰਜੂ ਨੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਸਾਰੇ ਵਕੀਲਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜਲੰਧਰ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰਤਨ ਦੂਆ, ਸਕੱਤਰ ਅਮਰਿੰਦਰ ਸਿੰਘ ਬਿੰਦ, ਸੀਨੀਅਰ ਵਾਈਸ ਪ੍ਰਧਾਨ ਕੁਨਾਲ ਗੋਇਲ, ਵਾਈਸ ਪ੍ਰਧਾਨ ਸੁਦੇਸ਼ ਕੁਮਾਰੀ, ਜੂਨੀਅਰ ਵਾਈਸ ਪ੍ਰਧਾਨ ਰੋਬਿਨ ਸੇਠੀ, ਜੁਆਇੰਟ ਸਕੱਤਰ ਧੀਰਜ ਕੁਮਾਰ ਭਗਤ, ਸਹਾਇਕ ਸਕੱਤਰ ਰਵੀਨਾ ਸੇਠੀ, ਕਾਰਜਕਾਰੀ ਮੈਂਬਰ ਅਨੁ ਸੋਢੀ, ਅਪੂਰਵਾ ਬਖ਼ਸ਼ੀ, ਅਰਿਕ ਕੁਮਾਰ, ਬਲਵਿੰਦਰ ਕੌਰ, ਮਨਵੀ ਉੱਪਲ, ਮੋਹਿਤ ਸੇਪਲਾ, ਨਵਨੀਤ ਕੌਰ, ਰੋਹਨ ਕਾਂਤ, ਰੋਹਿਤ ਮਸੀਹ ਅਤੇ ਤਜਿੰਦਰ ਸਿੰਘ ਤੋਂ ਇਲਾਵਾ ਐਡਵੋਕੇਟ ਸੰਦੀਪ ਕੁਮਾਰੀ, ਐਡਵੋਕੇਟ ਆਭਾ ਨਾਗਰ, ਐਡਵੋਕੇਟ ਮਨਜੀਤ ਕੌਰ ਪਰਮਾਰ, ਐਡਵੋਕੇਟ ਅੰਜੂ ਅਤੇ ਐਡਵੋਕੇਟ ਮਨਜੂ ਵੀ ਹਾਜ਼ਰ ਸਨ।

# 31ਵੇਂ ਦਿਨ 'ਚ ਦਾਖਲ ਹੋਈ 'ਮਿਸ਼ਨ ਕਲੀਨ ਨੰਗਲ' ਮੁਹਿੰਮ

**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)**- ਨੰਗਲ ਸ਼ਹਿਰ ਨੂੰ ਸਾਫ-ਸੁਥਰਾ, ਸੁੰਦਰ ਅਤੇ ਬਿਹਤਰ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ 'ਮਿਸ਼ਨ ਕਲੀਨ ਨੰਗਲ' ਸਫਾਈ ਮੁਹਿੰਮ 31ਵੇਂ ਦਿਨ ਵਿੱਚ ਦਾਖ਼ਲ ਹੋ ਗਈ ਹੈ। ਸਥਾਨਕ ਸਰਕਾਰਾਂ ਮੰਤਰੀ ਸ ਹਰਜੋਤ ਸਿੰਘ ਬੈਂਸ ਵੱਲੋਂ ਇਸ ਮੁਹਿੰਮ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਉਹ ਰੋਜ਼ਾਨਾ ਖੁਦ

**ਹਰਜੋਤ ਬੈਂਸ ਨੇ ਸਫਾਈ ਪ੍ਰਬੰਧਾਂ ਦਾ ਲਿਆ ਜਾਇਜ਼ਾ**



ਗਰਾਊਂਡ 'ਤੇ ਪਹੁੰਚ ਕੇ ਵੱਖ-ਵੱਖ ਵਾਰਡਾਂ ਵਿੱਚ ਚੱਲ ਰਹੇ ਸਫਾਈ ਕਾਰਜਾਂ ਦਾ ਜਾਇਜ਼ਾ ਲੈ ਰਹੇ ਹਨ। ਮੁਹਿੰਮ ਦਾ ਉਦੇਸ਼ ਨੰਗਲ ਦੇ ਹਰ ਕੋਨੇ ਨੂੰ ਸਾਫ-ਸੁਥਰਾ ਬਣਾਉਣ ਦੇ ਨਾਲ-ਨਾਲ ਲੋਕਾਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਨਾ ਹੈ। ਹਰਜੋਤ ਸਿੰਘ ਬੈਂਸ ਵੱਲੋਂ ਸਫਾਈ ਮੁਹਿੰਮ ਦੌਰਾਨ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰਕੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਉਹ ਲੋਕਾਂ ਦੇ ਘਰਾਂ ਅਤੇ ਮੁਹੱਲਿਆਂ ਨੇੜੇ ਪਹੁੰਚ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਰਹੇ ਹਨ ਅਤੇ ਸਬੰਧਤ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਲੋੜੀਂਦੀ ਕਾਰਵਾਈ ਕਰਨ ਲਈ ਨਿਰਦੇਸ਼ ਦਿੱਤੇ ਜਾ ਰਹੇ ਹਨ। ਇਸ ਨਾਲ ਲੋਕਾਂ ਦੀਆਂ ਰੋਜ਼ਾਨਾ ਦੀਆਂ ਮੁੱਢਲੀਆਂ ਸਮੱਸਿਆਵਾਂ ਨੂੰ ਗਰਾਊਂਡ ਪੱਧਰ 'ਤੇ ਸਮਝਣ ਅਤੇ ਉਨ੍ਹਾਂ ਦੇ ਹੱਲ ਲਈ ਤੇਜ਼ੀ ਨਾਲ ਕਾਰਵਾਈ ਕਰਨ ਵਿੱਚ ਮੱਦਦ ਮਿਲ ਰਹੀ ਹੈ। ਮਿਸ਼ਨ ਕਲੀਨ ਤਹਿਤ ਨੰਗਲ ਦੀਆਂ ਗਲੀਆਂ, ਰਸਤਿਆਂ ਅਤੇ ਜਨਤਕ ਥਾਵਾਂ ਦੀ ਸਫਾਈ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਸਫਾਈ ਕਰਮਚਾਰੀਆਂ ਵੱਲੋਂ ਵੱਖ-ਵੱਖ ਇਲਾਕਿਆਂ ਵਿੱਚ ਗਲੀਆਂ ਵਿੱਚੋਂ ਕੂੜਾ-ਕਰਕਟ ਅਤੇ ਹੋਰ ਰਹਿੰਦ-ਖੂੰਹਦ ਹਟਾਈ ਜਾ ਰਹੀ ਹੈ।

ਹਰ ਗਲੀ ਦੀ ਸਫਾਈ ਹੋਣ ਨਾਲ ਨਗਲ ਸਾਫ-ਸੁਥਰੇ ਅਤੇ ਸੁੰਦਰ ਦਿਖਾਈ ਦੇ ਰਹੇ ਹਨ। ਇਸ ਤੋਂ ਇਲਾਵਾ ਸਫਾਈ ਪ੍ਰਬੰਧਾਂ ਨੂੰ ਨਿਰੰਤਰ ਬਣਾਈ ਰੱਖਣ ਲਈ ਵੱਖ-ਵੱਖ ਵਾਰਡਾਂ ਵਿੱਚ ਲੋੜ ਅਨੁਸਾਰ ਸਫਾਈ ਟੀਮਾਂ ਵੱਲੋਂ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ ਨਿਸ਼ਾਂਤ ਗੁਪਤਾ, ਸੰਗੀਤ ਕੁਮਾਰ ਕਾਰਜ ਸਾਧਕ ਅਫਸਰ, ਮਨਜੀਤ ਸਿੰਘ ਐਸਡੀਓ , ਯੁੱਧਵੀਰ ਸਿੰਘ ਐੱਸ ਈ, ਮਦਨ ਲਾਲ ਸੈਨੇਟਰੀ ਇੰਸਪੈਕਟਰ, ਸਚਿਨ ਐੱਸ ਆਈ, ਨਿਤਿਨ ਸ਼ਰਮਾ, ਦਲਜੀਤ ਸਿੰਘ ਤੇ ਵੱਡੀ ਗਿਣਤੀ ਵਿਚ ਵਾਰਡ ਵਾਸੀ ਹਾਜ਼ਰ ਸਨ।

# ਹਜ਼ਰਤ ਪੀਰ ਭਗਤੂ ਸ਼ਾਹ ਦਾ ਸਾਲਾਨਾ ਉਰਸ 2 ਨੂੰ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਦੇ ਵਾਰਡ ਨੰਬਰ 1 ਸੰਗਤਾਂ ਮੁਹੱਲਾ (ਮੁਹੱਲਾ ਬੰਗਸਮੂਹ) ਵਿਖੇ ਹਜ਼ਰਤ ਪੀਰ ਭਗਤੂ ਸ਼ਾਹ ਜੀ ਕਾਦਰੀ ਦਾ ਸਲਾਨਾ 29 ਵਾਂ 2 ਰੋਜ਼ਾ ਉਰਸ ਗੱਦੀ ਨਸ਼ੀਨ ਬਾਬਾ ਹਰਬੰਸ ਸ਼ਾਹ ਕਾਦਰੀ ਦੀ ਦੇਖਰੇਖ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਉਰਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਬਾਬਾ ਹਰਬੰਸ ਸ਼ਾਹ ਕਾਦਰੀ ਨੇ ਦੱਸਿਆ ਕਿ ਹਜ਼ਰਤ ਪੀਰ ਭਗਤੂ ਸ਼ਾਹ ਕਾਦਰੀ ਦੇ 29 ਵੇਂ ਸਾਲਾਨਾ ਉਰਸ ਦੇ ਪਹਿਲੇ ਦਿਨ 1 ਅਕਤੂਬਰ ਦਿਨ ਵੀਰਵਾਰ ਸ਼ਾਮ 5 ਵਜੇ ਚਿਰਾਗ਼ ਰੌਸ਼ਨ ਕਰਨ ਤੇ ਰਾਤ 7.30 ਵਜੇ ਮਹਿੰਦੀ ਦੀ ਰਸਮ ਅਦਾ ਕਰਨ ਉਪਰੰਤ ਕਵਾਲੀਆਂ ਦੀ



ਮਹਿਫ਼ਿਲ ਹੋਵੇਗੀ ਤੇ ਦੂਸਰੇ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਦਰਬਾਰ ਤੇ ਨਿਸ਼ਾਨ ਸਾਹਿਬ ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ ਉਪਰੰਤ ਦੁਪਹਿਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਕਵਾਲੀਆਂ ਦੀ ਮਹਿਫਿਲ ਹੋਵੇਗੀ।

ਰਾਤ 9.30 ਤੋਂ 10.30 ਵਜੇ ਤੱਕ ਕਵਾਲੀਆਂ ਦੀ ਮਹਿਫ਼ਿਲ ਤੋਂ ਬਾਅਦ ਦੇਰ ਰਾਤ 2 ਵਜੇ ਤੱਕ ਨਕਲਾਂ ਕਰਵਾਈਆਂ ਜਾਣਗੀਆਂ। 1 ਅਕਤੂਬਰ ਰਾਤ ਤੇ 2 ਅਕਤੂਬਰ ਦੁਪਹਿਰ ਦੋਨੋ ਦਿਨ ਸੰਗਤਾਂ 'ਚ ਪੀਰਾਂ ਦਾ ਅਤੁਟ ਲੰਗਰ ਵਰਤਾਇਆ ਜਾਏਗਾ।

# ਸ਼ਹੀਦ ਭਗਤ ਸਿੰਘ ਦੀ ਯਾਦ ਨੂੰ ਸਮਰਪਤ ਸਮਾਗਮ



**ਦਸੂਹਾ (ਕਰਨੈਲ ਮਾਂਗਟ)**- ਦਯਾਨੰਦ ਆਦਰਸ਼ ਵਿਦਿਆਲਿਆ ਸਕੂਲ ਦਸੂਹਾ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਯਾਦ ਅਤੇ ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਸਕੂਲ ਦੇ ਮੈਨੇਜਰ ਐਡਵੋਕੇਟ ਪੁਨੀਤ ਬੱਸੀ, ਪ੍ਰਧਾਨ ਸਵਤੰਤਰ ਕੁਮਾਰ ਚੋਪੜਾ ਅਤੇ ਪ੍ਰਿੰਸੀਪਲ ਅਲਕਾ ਸ਼ਿੱਬਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸ਼ਹੀਦ ਭਗਤ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ ਾਂ ਦੇ ਜੀਵਨ, ਸੰਘਰਸ਼ ਅਤੇ ਦੇਸ਼ ਦੀ ਆਜ਼ਾਦੀ ਲਈ ਦਿੱਤੀ ਮਹਾਨ ਕੁਰਬਾਨੀ ਨੂੰ ਯਾਦ ਕੀਤਾ। ਵਿਦਿਆਰਥੀਆਂ ਵੱਲੋਂ ਭਗਤ ਸਿੰਘ ਜੀ ਦੇ ਜੀਵਨ ਅਤੇ ਵਿਚਾਰਾਂ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਵੀ ਪੇਸ਼ ਕੀਤੀਆਂ ਗਈਆਂ। ਸਕੂਲ ਮੈਨੇਜਰ ਐਡਵੋਕੇਟ ਪੁਨੀਤ ਬੱਸੀ, ਪ੍ਰਧਾਨ ਸਵਤੰਤਰ ਕੁਮਾਰ ਚੋਪੜਾ ਅਤੇ ਪ੍ਰਿੰਸੀਪਲ ਅਲਕਾ ਸ਼ਿੱਬਰ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਜੀਵਨ ਨੌਜਵਾਨ ਪੀੜ੍ਹੀ ਲਈ ਦੇਸ਼ਭਗਤੀ, ਹਿੰਮਤ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਪ੍ਰੇਰਣਾ ਹੈ। ਉਨ ਾਂ ਕਿਹਾ ਕਿ ਵਿਦਿਆਰਥੀਆਂ ਨੂੰ ਮਹਾਨ ਸ਼ਹੀਦਾਂ ਦੇ ਜੀਵਨ ਅਤੇ ਵਿਚਾਰਾਂ ਤੋਂ ਜਾਣੂ ਕਰਵਾਉਣਾ ਸਿੱਖਿਆ ਦਾ ਅਹਿਮ ਹਿੱਸਾ ਹੈ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਸਕੂਲ ਸਕੱਤਰ ਰਮੇਸ਼ ਜਸਵਾਲ ਵੱਲੋਂ ਸਮੂਹ ਸਟਾਫ਼, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।

# ਵਿਧਾਨ ਸਭਾ ਚੋਣਾਂ ਸੰਬੰਧੀ ਕੋਟਲੀ ਦੀ ਅਗਵਾਈ 'ਚ ਮੀਟਿੰਗ

**ਆਦਮਪੁਰ, (ਪਰਮਜੀਤ ਸਿੰਘ)** ਕਾਂਗਰਸ ਪਾਰਟੀ ਵੱਲੋਂ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਆਦਮਪੁਰ ਕਾਂਗਰਸ ਪਾਰਟੀ ਵੱਲੋਂ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦੀ ਅਗਵਾਈ ਵਿੱਚ ਕਾਂਗਰਸ ਐਸ ਸੀ ਡਿਪਾਰਟਮੈਂਟ ਦੀ ਹੋਈ ਭਰਮੀ ਮੀਟਿੰਗ ਹੋਈ। ਮੀਟਿੰਗ ਦੌਰਾਨ ਨੌਜਵਾਨਾ ਨੂੰ ਅਹੁਦੇਦਾਰੀਆਂ ਦੇ ਕਾਂਗਰਸ ਐਸ ਸੀ ਡਿਪਾਰਟਮੈਂਟ ਵੱਲੋਂ 148 ਨੌਜਵਾਨਾ ਤੇ ਔਰਤਾਂ ਨੂੰ ਨਿਯੁਕਤੀ ਪੱਤਰ ਦਿੱਤੇ। ਮੀਟਿੰਗ ਦੀ ਸਫਲਤਾ ਲਈ ਐਸ ਸੀ ਡਿਪਾਰਟਮੈਂਟ ਬਲਾਕ ਆਦਮਪੁਰ ਦੇ ਚੇਅਰਮੈਨ ਅਜੀਤ ਰਾਮ ਲੋਹਗੇਵਾਲ, ਬਲਾਕ ਭੋਗਪੁਰ ਦੇ ਚੇਅਰਮੈਨ ਅਵਤਾਰ ਕੰਤਜਾ ਅਤੇ ਆਦਮਪੁਰ ਸੀਸਟ ਦੇ ਰਾਕੇਸ਼ ਚਾਂਦਪੁਰ ਦਾ ਧੰਨਵਾਦ ਕਰਦਿਆਂ ਵਿਧਾਇਕ ਕੋਟਲੀ ਨੇ ਕਿਹਾ ਕਿ ਸਾਰਿਆਂ ਨੂੰ ਮਿਹਨਤ ਕਰਕੇ ਮੁੜ ਕਾਂਗਰਸ ਨੂੰ ਜਿਤਾਉਣ ਲਈ ਦਿਨ-ਰਾਤ ਇੱਕ ਕਰਨਾ ਹੋਵੇਗਾ। ਇਸ ਮੌਕੇ ਤੇ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਚੇਅਰਮੈਨ ਅਰਵਿੰਦ ਢੰਡਾਂ, ਹਰਵਿੰਦਰ ਸਿੰਘ ਸ੍ਰੀ ਹਰਗੋਬਿੰਦਪੁਰ, ਬਲਾਕ ਭੋਗਪੁਰ ਪ੍ਰਧਾਨ ਪਰਮਿੰਦਰ ਮੱਲੀ, ਦਰਸ਼ਨ ਸਿੰਘ ਕਰਵਲ, ਯੂਥ ਆਗੂ ਲਖਵੀਰ ਕੋਟਲੀ, ਜਗਦੀਪ ਢੱਡਾ, ਭੁਪਿੰਦਰ ਗਿੰਦਾ, ਲਲਿਤ ਚੂਹੜੇ, ਜੱਗਿੰਦਰ ਸਿੰਘ ਡਰੋਲੀ ਕਲਾਂ, ਸਤਨਾਮ ਸਿੰਘ ਨੂੰ, ਸੁਰਜ ਪ੍ਰਕਾਸ਼ ਨੰਗਲ ਸਲਾਲਾ, ਲਾਲੀ ਚੂਹੜਵਾਲੀ, ਰਾਜੂ ਐਸ ਸੀ ਆਦਮਪੁਰ, ਬਲਜੀਤ ਕੌਰ ਵੀ ਹਾਜ਼ਰ ਰਹੇ।



# ਸੰਤ ਬਾਬਾ ਪ੍ਰਦੀਪ ਦਾਸ ਦੀ ਅਗਵਾਈ 'ਚ ਜਨਰਲ ਮੈਡੀਸਨ ਕੈਂਪ ਸੰਪੰਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਮਸ ਹਸਪਤਾਲ ਅਤੇ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ. ਪੰਜਾਬ ਦੀ ਮੈਡੀਕਲ ਟੀਮ ਵੱਲੋਂ ਰਾਜੇਸ਼ ਕੁਮਾਰ ਅਤੇ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਦੀ ਯੋਗ ਅਗਵਾਈ ਵਿੱਚ ਪਿੰਡ ਪਿੰਡ ਚੱਲ ਰਹੀ ਬਿਲਕੁਲ ਫ੍ਰੀ ਬੀ ਪੀ, ਸ਼ੂਗਰ ਚੈੱਕਅਪ ਅਤੇ ਜਨਰਲ ਮੈਡੀਸਿਨ ਕੈਂਪ ਦੌਰਾਨ ਸੰਤ ਬਾਬਾ ਪ੍ਰਦੀਪ ਦਾਸ ਦੀ ਯੋਗ ਅਗਵਾਈ ਅਤੇ ਰਾਜੇਸ਼ ਕੁਮਾਰ ਦੀ ਰਹਿਨੁਮਾਈ ਹੇਠ ਫ੍ਰੀ ਜਨਰਲ ਮੈਡੀਸਿਨ ਕੈਂਪ ਲਗਾਇਆ ਗਿਆ ਅਤੇ ਪਿੰਮਸ ਹਸਪਤਾਲ ਅਤੇ ਆਯੁਸ਼ਮਾਨ ਕਾਰਡ ਤਹਿਤ ਚੱਲ ਰਹੀਆਂ ਵੱਖ ਵੱਖ ਸੇਵਾਵਾਂ ਦੀ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਤਕਰੀਬਨ 280 ਦੇ ਕਰੀਬ ਪ੍ਰਾਣੀਆਂ ਨੇ ਚੈੱਕਅੱਪ ਕਰਵਾਇਆ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ।



# ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ੇਸ਼ ਡਾਕੂਮੈਂਟਰੀ ਦਿਖਾਈ

**ਮਾਜਰੀ (ਹਰਨਾਮ ਸਿੰਘ ਡੱਲਾ)**- ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਖਰੜ ਬਲਾਕ ਦੇ ਪਿੰਡ ਬੜੀ ਪੜਛ, ਛੋਟੀ ਪੜਛ ਅਤੇ ਸਿਊਂਕ ਵਿਖੇ 30 ਮਿੰਟ ਦੀ ਵਿਸ਼ੇਸ਼ ਦਸਤਾਵੇਜ਼ੀ ਫਿਲਮ ਐਲ.ਈ.ਡੀ. ਸਕਰੀਨ ਰਾਹੀਂ ਦਿਖਾਈ ਗਈ। ਉੱਪ ਮੰਡਲ ਮੈਜਿਸਟ੍ਰੇਟ ਖਰੜ ਗੁਰਮੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਇਹ ਵਿਸ਼ੇਸ਼ ਡਾਕੂਮੈਂਟਰੀ ਤਿਆਰ ਕਰਵਾਈ ਗਈ ਹੈ, ਜਿਸ ਦਾ ਮਕਸਦ ਗੁਰੂ ਜੀ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਸਮਾਜ ਨੂੰ ਦਿੱਤੇ ਸੰਦੇਸ਼ ਤੋਂ ਲੋਕਾਂ ਨੂੰ ਜਾਣੂ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਦਸਤਾਵੇਜ਼ੀ ਫਿਲਮ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਾਨ ਵਿਚਾਰਧਾਰਾ, ਸਮਾਜਿਕ ਬਰਾਬਰਤਾ, ਆਪਸੀ ਭਾਈਚਾਰੇ, ਮਨੁੱਖੀ ਏਕਤਾ ਅਤੇ ਸਮੁੱਚੀ ਮਾਨਵਤਾ ਦੀ ਭਲਾਈ ਲਈ ਦਿੱਤੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਅਤੇ ਜੀਵਨ ਰਾਹੀਂ ਸਮਾਜ ਨੂੰ ਜਾਤ-ਪਾਤ, ਭੇਦਭਾਵ ਅਤੇ ਉਚ-ਨੀਚ ਤੋਂ ਉੱਪਰ ਉੱਠ ਕੇ ਸਾਰਿਆਂ ਨਾਲ ਬਰਾਬਰਤਾ ਦਾ ਵਿਹਾਰ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਲਈ ਪ੍ਰੇਰਨਾ ਸਰੋਤ ਹਨ ਅਤੇ ਇੱਕ ਸਿਹਤਮੰਦ ਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਬਹੁਤ ਮਹੱਤਵ ਰੱਖਦੀਆਂ ਹਨ। ਐਸ.ਡੀ.ਐਮ. ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਉਪਰਾਲਾ ਨਵੀਂ ਪੀੜ੍ਹੀ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਵਿਚਾਰਧਾਰਾ ਨਾਲ ਜੋੜਨ ਵਿੱਚ ਸਹਾਈ ਸਿੱਧ ਹੋਵੇਗਾ।



# ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਨੇ ਭਗਤ ਸਿੰਘ ਨੂੰ ਸ਼ਰਧਾਂਜਲੀ ਕੀਤੀ ਭੇਟ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਵੱਲੋਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਦੇ ਮੌਕੇ 'ਤੇ ਤਹਿਸੀਲ ਕੰਪਲੈਕਸ ਦੇ ਨਜ਼ਦੀਕ ਸਥਿਤ ਭਗਤ ਸਿੰਘ



ਚੌਂਕ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਕਲੱਬ ਦੇ ਮੈਂਬਰਾਂ ਨੇ ਮਹਾਨ ਕ੍ਰਾਂਤੀਕਾਰੀ ਦੀ ਪ੍ਰਤਿਮਾ 'ਤੇ ਫੁੱਲ ਭੇਟ ਕਰਕੇ ਉਨ੍ਹਾਂ ਨੂੰ ਨਮਨ ਕੀਤਾ ਅਤੇ ਦੇਸ਼ ਦੀ ਆਜ਼ਾਦੀ ਲਈ ਦਿੱਤੀ ਗਈ ਉਨ੍ਹਾਂ ਦੀ ਸਰਵੱਚ ਕੁਰਬਾਨੀ ਨੂੰ ਸ਼ਰਧਾ ਨਾਲ ਯਾਦ ਕੀਤਾ। ਸਮਾਗਮ ਦੌਰਾਨ ਹਾਜ਼ਰ ਮੈਂਬਰਾਂ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜੀਵਨ ਦੇਸ਼ ਭਗਤੀ, ਸਾਹਸ, ਤਿਆਗ ਅਤੇ ਰਾਸ਼ਟਰ ਸੇਵਾ ਦੀ ਅਦੁੱਤੀ ਮਿਸਾਲ ਹੈ। ਉਨ੍ਹਾਂ ਨੇ ਆਪਣਾ ਜਵਾਨ ਜੀਵਨ ਦੇਸ਼ ਦੀ ਆਜ਼ਾਦੀ ਲਈ ਸਮਰਪਿਤ ਕਰ ਦਿੱਤਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਅਮਿੱਟ ਸਰੋਤ ਬਣੇ। ਬੁਲਾਰਿਆਂ ਨੇ ਕਿਹਾ ਕਿ ਅੱਜ ਦੇ ਨੌਜਵਾਨਾਂ ਨੂੰ ਭਗਤ ਸਿੰਘ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਦੀ ਲੋੜ ਹੈ ਤਾਂ ਜੋ ਉਹ ਰਾਸ਼ਟਰ ਨਿਰਮਾਣ ਵਿੱਚ ਸਰਗਰਮ ਭੂਮਿਕਾ ਨਿਭਾ ਸਕਣ। ਕਲੱਬ ਦੇ ਪ੍ਰਧਾਨ ਰੋਟੇਰੀਅਨ ਰਾਕੇਸ਼ ਕਪੂਰ ਨੇ ਕਿਹਾ ਕਿ ਭਗਤ ਸਿੰਘ ਸਿਰਫ਼ ਇੱਕ ਵਿਅਕਤੀ ਨਹੀਂ ਸਗੋਂ ਇੱਕ ਵਿਚਾਰਧਾਰਾ ਹਨ, ਜੋ ਦੇਸ਼ ਵਾਸੀਆਂ ਨੂੰ ਹਮੇਸ਼ਾ ਦੇਸ਼ ਹਿੱਤ ਨੂੰ ਸਰਵੋਪਰਿ ਰੱਖਣ ਦੀ ਪ੍ਰੇਰਨਾ ਦਿੰਦੀ ਹੈ। ਕਲੱਬ ਦੇ ਸਕੱਤਰ ਰੋਟੇਰੀਅਨ ਇੰਦਰਪਾਲ ਸਿੰਘ ਸਚਦੇਵਾ ਨੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਦੇਸ਼ ਆਜ਼ਾਦ ਮਾਹੌਲ ਵਿੱਚ ਤਰੱਕੀ ਕਰ ਰਿਹਾ ਹੈ। ਇਸ ਮੌਕੇ ਰੋਟੇਰੀਅਨ ਜਗਮੀਤ ਸਿੰਘ ਸੇਠੀ, ਰੋਟੇਰੀਅਨ ਡੀ ਪੀ ਕਥੂਰੀਆ, ਰੋਟੇਰੀਅਨ ਕੁਲਜੀਤ ਸਿੰਘ ਸੈਣੀ, ਰੋਟੇਰੀਅਨ ਜੋਗਿੰਦਰ ਸਿੰਘ, ਰੋਟੇਰੀਅਨ ਰਜਨੀਸ਼ ਗੁਲਿਆਨੀ, ਰੋਟੇਰੀਅਨ ਗੋਪਾਲ ਵਾਸੁਦੇਵਾ, ਰੋਟੇਰੀਅਨ ਤਜਿੰਦਰ ਓਹਰੀ, ਰੋਟੇਰੀਅਨ ਰਮੇਸ਼ ਚੱਢਾ ਅਤੇ ਰੋਟੇਰੀਅਨ ਵਿਕਰਮ ਸ਼ਰਮਾ ਸਮੇਤ ਹੋਰ ਮੈਂਬਰ ਹਾਜ਼ਰ ਸਨ।

# ਮੁਫ਼ਤ ਆਯੁਰਵੈਦਿਕ ਤੇ ਹੋਮਿਓਪੈਥਿਕ ਮੈਡੀਕਲ ਕੈਂਪ ਲਗਾਇਆ




**ਬਲਾਚੌਰ (ਜਸਵਿੰਦਰ ਬੈਂਸ)**- ਆਯੂਸ਼ ਕਮਿਸ਼ਨਰ ਪੰਜਾਬ, ਡਾਇਰੈਕਟਰ ਆਯੁਰਵੇਦ ਪੰਜਾਬ ਡਾ. ਰਮਨ ਖੰਨਾ ਅਤੇ ਡਾਇਰੈਕਟਰ ਹੋਮਿਓਪੈਥੀ ਪੰਜਾਬ ਡਾ. ਹਰਿੰਦਰ ਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫਸਰ ਡਾ. ਸਰਬਜੀਤ ਕੌਰ ਅਤੇ ਜ਼ਿਲ੍ਹਾ ਹੋਮਿਓਪੈਥੀ ਅਫਸਰ ਡਾ. ਰਾਜੀਵ ਜਿੰਦੀਆ ਦੀ ਯੋਗ ਅਗਵਾਈ ਹੇਠ ਗੁਰਦੁਆਰਾ ਸਿੰਘ ਸਭਾ ਰੁੜਕੀ ਮੁਗਲਾਂ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸਰਪੰਚ ਬਿਮਲਾ ਦੇਵੀ ਪਤਨੀ ਜਸਪਾਲ ਸਿੰਘ ਅਤੇ ਪੰਚਾਇਤ ਮੈਂਬਰਾਂ ਵੱਲੋਂ ਕੀਤਾ ਗਿਆ। ਇਸ ਮੌਕੇ ਆਯੁਰਵੇਦਿਕ ਵਿਭਾਗ ਵੱਲੋਂ ਡਾ. ਰਮਿੰਦਰ ਕੌਰ ਅਤੇ ਡਾ. ਰਜਨੀਸ਼ ਨੇ ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਲੋੜ ਅਨੁਸਾਰ ਆਯੁਰਵੇਦਿਕ ਦਵਾਈਆਂ ਮੁਹੱਈਆ ਕਰਵਾਈਆਂ। ਇਸੇ ਤਰ੍ਹਾਂ ਹੋਮਿਓਪੈਥੀ ਵਿਭਾਗ ਵੱਲੋਂ ਡਾ. ਨੇਹਾ ਸੋਨੀ ਅਤੇ ਡਾ. ਹਰਜਿੰਦਰ ਸਿੰਘ ਨੇ ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਹੋਮਿਓਪੈਥਿਕ ਦਵਾਈਆਂ ਦਿੱਤੀਆਂ। ਕੈਂਪ ਦੌਰਾਨ ਆਯੁਰਵੇਦਿਕ ਫਾਰਮਾਸਿਸਟ ਸਤੀਸ਼ ਅਤੇ ਰਜਨੀਸ਼ ਵੱਲੋਂ ਵੀ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਆਯੁਰਵੇਦਿਕ ਵਿਭਾਗ ਵੱਲੋਂ 415 ਮਰੀਜ਼ਾਂ ਅਤੇ ਹੋਮਿਓਪੈਥੀ ਵਿਭਾਗ ਵੱਲੋਂ 321 ਮਰੀਜ਼ਾਂ, ਕੁੱਲ 736 ਮਰੀਜ਼ਾਂ ਦਾ ਮੁਫ਼ਤ ਚੈੱਕਅਪ ਕੀਤਾ ਗਿਆ। ਕੈਂਪ ਇੰਚਾਰਜ ਡਾ. ਹਰਜਿੰਦਰ ਸਿੰਘ ਅਤੇ ਡਾ. ਰਮਨਦੀਪ ਕੁਮਾਰ ਨੇ ਮਰੀਜ਼ਾਂ ਨੂੰ ਵੱਖ-ਵੱਖ ਬਿਮਾਰੀਆਂ ਦੀ ਰੋਕਥਾਮ, ਇਲਾਜ ਅਤੇ ਸਿਹਤ ਸੰਭਾਲ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਜਸਪਾਲ ਕੌਰ, ਗੁਰਦੇਵ ਸਿੰਘ, ਗੁਰਮੁਖ ਸਿੰਘ ਨੰਬਰਦਾਰ, ਸੁਖਵਿੰਦਰ ਸਿੰਘ, ਜੀਵਨ ਕੁਮਾਰ ਸਮੇਤ ਪਿੰਡ ਦੇ ਹੋਰ ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਪੰਡਤ ਸ਼ਰਧਾ ਰਾਮ ਫਿਲੌਰੀ ਦੀ ਜੈਯੰਤੀ ਅੱਜ

**ਫਿਲੌਰ, (ਨਿਰਮਲ)**- ਓਮ ਜੈ ਜਗਦੀਸ਼ ਹਰੇ ਜਗਤ ਪ੍ਰਸਿੱਧ ਧਾਰਮਿਕ ਆਰਤੀ ਦੇ ਰਚਾਇਤਾ ਪੰਡਿਤ ਸ਼ਰਧਾ ਰਾਮ ਫਿਲੌਰੀ ਦੀ 189 ਜੈਯੰਤੀ ਸਮਾਰੋਹ 30 ਸਤੰਬਰ ਨੂੰ ਪੰਡਿਤ ਸ਼ਰਧਾ ਰਾਮ ਫਿਲੌਰੀ ਚੌਂਕ ਨੇੜੇ ਨਵਾਂ ਸ਼ਹਿਰ ਬੱਸ ਅੱਡਾ ਫਿਲੌਰ ਵਿਖੇ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਈ ਜਾਵੇਗੀ। ਸਵੇਰੇ 9:30 ਤੇ ਆਰੰਭ ਕੀਤੀ ਜਾਵੇਗੀ। ਧਾਰਮਿਕ ਪ੍ਰੋਗਰਾਮ ਉਪਰੰਤ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ। ਉਹਨਾਂ ਵੱਲੋਂ ਰਚਾਈ ਜਗਤ ਪ੍ਰਸਿੱਧ ਆਰਤੀ ਓਮ ਜੈ ਜਗਦੀਸ਼ ਹਰੇ ਦੀ ਰਸਮ ਅਦਾ ਕੀਤੀ ਜਾਵੇਗੀ ਤੇ ਲੰਗਰ ਲਗਾਇਆ ਜਾਵੇਗਾ ਇਹ ਜਾਣਕਾਰੀ ਪ੍ਰਬੰਧਕ ਭੁਵੇਸ਼ ਸ਼ਰਮਾ ਵੱਲੋਂ ਦਿੱਤੀ ਗਈ ।

# ਡੀ ਏ ਵੀ ਕਾਲਜ ਦੇ ਪ੍ਰਧਾਨ ਬਣੇ ਪਰਮਵੀਰ ਸਿੰਘ ਪੁਰੇਵਾਲ

**ਨਕੋਦਰ (ਬਲਵਿੰਦਰ ਸਿੰਘ ਧਾਲੀਵਾਲ)**- ਨਕੋਦਰ ਦੇ ਡੀ ਏ ਵੀ ਕਾਲਜ ਨੂੰ ਨਵੀਂ ਅਗਵਾਈ ਮਿਲੀ ਹੈ। ਕਾਲਜ ਦੀ ਪ੍ਰਬੰਧਕੀ ਕਮੇਟੀ ਵਿੱਚ ਹੋਈ ਚੋਣ ਦੌਰਾਨ ਪਰਮਵੀਰ ਸਿੰਘ ਪੁਰੇਵਾਲ ਨੂੰ ਪ੍ਰਧਾਨ ਅਤੇ ਯੁਵਰਾਜ ਸਿੰਘ ਨੂੰ ਉਪ ਪ੍ਰਧਾਨ ਚੁਣਿਆ ਗਿਆ। ਨਵੀਂ ਜ਼ਿੰਮੇਵਾਰੀ ਮਿਲਣ ਉਪਰੰਤ ਦੋਵਾਂ ਅਹੁਦੇਦਾਰਾਂ ਨੇ ਕਾਲਜ ਦੀ ਬਿਹਤਰੀ, ਵਿਦਿਆਰਥੀਆਂ ਨੂੰ ਵਧੀਆ ਵਿੱਦਿਅਕ ਮਾਹੌਲ ਮੁਹੱਈਆ ਕਰਵਾਉਣ ਅਤੇ ਸੰਸਥਾ ਦੀਆਂ ਗਤੀਵਿਧੀਆਂ ਨੂੰ ਹੋਰ ਸੁਚਾਰੂ ਢੰਗ ਨਾਲ ਅੱਗੇ ਵਧਾਉਣ ਲਈ ਕੰਮ ਕਰਨ ਦੀ ਗੱਲ ਕਹੀ। ਇਸ ਮੌਕੇ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਅਤੇ ਕਾਲਜ ਨਾਲ ਜੁੜੇ ਅਧਿਆਪਕਾਂ, ਪ੍ਰਬੰਧਕਾਂ ਅਤੇ ਹੋਰ ਪਤਵੰਤਿਆਂ ਵੱਲੋਂ ਨਵ-ਨਿਯੁਕਤ ਪ੍ਰਧਾਨ ਪਰਮਵੀਰ ਸਿੰਘ ਪੁਰੇਵਾਲ ਅਤੇ ਉਪ ਪ੍ਰਧਾਨ ਯੁਵਰਾਜ ਸਿੰਘ ਨੂੰ ਵਧਾਈ ਦਿੱਤੀ ਗਈ।



# ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਦੁੱਧ ਦਾ ਲੰਗਰ ਲਗਾਇਆ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਕੰਗਣਾ ਪੁਲ ਵਿਖੇ ਡਾਕਟਰ ਧਾਮੀ ਪਹਿਲਵਾਨ ਗਰੁੱਪ ਅਤੇ ਪਿੰਡ ਖੋਜਾ ਬੇਟ ਵਲੋਂ ਦੁੱਧ ਆਈਸਕ੍ਰੀਮ ਬੇਸਣ ਦਾ ਲੰਗਰ ਲਗਾਇਆ ਗਿਆ । ਨੌਜਵਾਨ ਸਭਾ ਵੱਲੋਂ ਸਾਂਝੇ ਤੌਰ 'ਤੇ ਦੁੱਧ ਦਾ ਲੰਗਰ ਵਿੱਚ ਤਨ ਮਨ ਤੋਂ ਸੇਵਾ ਕੀਤੀ ਅਤੇ ਵੱਧ ਚੜ ਕੇ ਯੋਗਦਾਨ ਪਾਇਆ ਇਸ ਮੌਕੇ ਡਾਕਟਰ ਇੰਦਰਜੀਤ ਸਿੰਘ ਧਾਮੀ ਪਹਿਲਵਾਨ, ਭੁਪਿੰਦਰ ਸਿੰਘ ਅਤੇ ਸਮੂਹ ਪਿੰਡ ਵਾਸੀ ਹਾਜ਼ਰ ਸਨ। ਇਸ ਮੌਕੇ ਬੁਲਾਰਿਆਂ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਵੱਲੋਂ ਦਿੱਤੀ ਮਹਾਨ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਸੋਚ ਅਤੇ ਦੇਸ਼ ਪ੍ਰਤੀ ਸਮਰਪਣ ਅੱਜ ਦੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਸਰੋਤ ਹਨ। ਦੁੱਧ ਦੇ ਲੰਗਰ ਦੌਰਾਨ ਪਿੰਡ ਵਾਸੀਆਂ ਅਤੇ ਰਾਹਗੀਰਾਂ ਨੇ ਸੇਵਾ ਦਾ ਲਾਭ ਲਿਆ। ਸਮਾਗਮ ਨੂੰ ਸਫਲ ਬਣਾਉਣ ਵਿੱਚ ਮੁਖਤਿਆਰ ਸਿੰਘ ਧਾਮੀ, ਹਰਜਿੰਦਰ ਸਿੰਘ ਚਾਹਲ, ਸਰਬਜੀਤ ਸਾਬੀ, ਸਰਪੰਚ ਸੰਤੋਖ ਸਿੰਘ ਸੈਣੀ, ਰਣਜੀਤ ਸਿੰਘ ਸੈਣੀ, ਹਰਵਿੰਦਰ ਸਿੰਘ ਸੈਣੀ, ਗੁਰਮੁਖ ਸਿੰਘ ਸੈਣੀ, ਗਿਆਨ ਸਿੰਘ ਸੈਣੀ, ਯੁਵਰਾਜ ਬੰਗਾ, ਬੇਟ ਰਾਏ ਸਾਹਿਬ ਅਤੇ ਸ਼ਿਵ ਘੁੰਮਣ ਸਮੇਤ ਹੋਰਨਾਂ ਨੇ ਵਿਸ਼ੇਸ਼ ਸਹਿਯੋਗ ਦਿੱਤਾ।




# ਕੈਪਸੂਲ ਤੇ ਐਨਾਫੋਰਟਨ ਇੰਜੈਕਸ਼ਨ ਬਿਨਾਂ ਬਿੱਲ ਤੇ ਰਿਕਾਰਡ ਦੇ ਖ਼ਰੀਦਣ/ਵੇਚਣ 'ਤੇ ਪਾਬੰਦੀ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਪੁਲਿਸ ਕਮਿਸ਼ਨਰ ਜਲੰਧਰ ਸਤਿੰਦਰ ਸਿੰਘ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੁਲਿਸ ਕਮਿਸ਼ਨਰੇਟ ਜਲੰਧਰ ਦੀ ਹੱਦ ਅੰਦਰ ਆਉਂਦੇ ਇਲਾਕੇ ਵਿੱਚ ਪ੍ਰੀਗੇਬਾਲਿਨ ਕੈਪਸੂਲ, ਗੈਬਾਪੈਂਟਿਨ ਕੈਪਸੂਲ ਅਤੇ ਐਨਾਫੋਰਟਨ ਇੰਜੈਕਸ਼ਨ ਬਿਨਾਂ ਲਾਇਸੈਂਸ ਰੱਖਣ, ਮਨਜ਼ੂਰਸ਼ੁਦਾ ਮਾਤਰਾ ਤੋਂ ਵੱਧ ਰੱਖਣ/ਵੇਚਣ, ਬਿਨਾਂ ਬਿੱਲ ਅਤੇ ਰਿਕਾਰਡ ਦੇ ਖ਼ਰੀਦਣ/ਵੇਚਣ 'ਤੇ ਪਾਬੰਦੀ ਲਗਾਈ ਗਈ ਹੈ। ਇਹ ਹੁਕਮ 25.11.2026 ਤੱਕ ਲਾਗੂ ਰਹੇਗਾ।

# ਧਾਮੀ ਦੇ ਘਰ ਦਾ ਘਿਰਾਓ ਕਰਨਾ ਨਿੰਦਣਯੋਗ : ਅਕਾਲੀ ਆਗੂ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਘਰ ਦਾ ਪੰਜਾਬ ਦੇ ਕੁੱਝ ਕੁ ਲੋਕਾਂ



ਵੱਲੋਂ ਘਿਰਾਓ ਕਰਨਾ ਬਹੁਤ ਮੰਦਭਾਗਾ ਅਤੇ ਅੱਤ ਨਿੰਦਣਯੋਗ ਹੈ।ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਜੌਹਲ , ਸ਼੍ਰੋਮਣੀ ਅਕਾਲੀ ਦਲ ਐਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਮੋਮੀ, ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਤੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਕੈਰੋ, ਜਥੇਦਾਰ ਕਿਰਪਾਲ ਸਿੰਘ ਗੇਰਾ ਅਕਾਲੀ ਆਗੂਆਂ ਨੇ ਗੱਲਬਾਤ ਦੌਰਾਨ ਕੀਤਾ। ਉਨਾਂ ਕਿਹਾ ਕਿ ਇਸ ਘਟਨਾ ਦੇ ਪਿੱਛੇ ਵੱਡੀ ਪੱਧਰ ਤੇ ਸਿਆਸਤ ਕੀਤੀ ਜਾ ਰਹੀ ਹੈ ਅਤੇ ਸਿਆਸੀ ਸੁਰਖੀਆਂ 'ਚ ਆਉਣ ਵਾਸਤੇ ਕੁਝ ਕ ਲੋਕ ਪੰਜਾਬ ,ਪੰਜਾਬੀ ਅਤੇ ਪੰਜਾਬੀਅਤ ਦਾ ਵੱਡਾ ਨੁਕਸਾਨ ਕਰ ਰਹੇ ਹਨ ।ਉਨਾਂ ਹੋਰ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੀ ਨੁਮਾਇੰਦਾ ਜਥੇਬੰਦੀ ਹੈ ਜਿਸ ਦੀ ਨੁਮਾਇੰਦਗੀ ਹਰਜਿੰਦਰ ਸਿੰਘ ਧਾਮੀ ਬਹੁਤ ਹੀ ਸੁਚੱਜੇ ਢੰਗ ਨਾਲ ਕਰ ਰਹੇ ਹਨ ਅਤੇ ਕੁਝ ਕੁ ਲੋਕਾਂ ਨੂੰ ਇਹ ਗੱਲ ਹਜਮ ਨਹੀਂ ਹੋ ਰਹੀ, ਇਸ ਕਰਕੇ ਇਸ ਮਸਲੇ ਤੇ ਕੁਝ ਲੋਕ ਸਿਆਸੀ ਲਾਹਾ ਲੈਣ ਲਈ ਅਤੇ ਮੀਡੀਆ ਦੀਆਂ ਸੁਰਖੀਆਂ ਬਟੋਰਨ ਵਿੱਚ ਲੱਗੇ ਹੋਏ ਹਨ। ਇਸ ਮੌਕੇ ਤੇ ਉਨਾਂ ਦੇ ਨਾਲ ਅਕਾਲੀ ਦਲ ਦੇ ਸੀਨੀਅਰ ਆਗੂ ਨਿਰਮਲ ਸਿੰਘ ਭੀਲੋਵਾਲ, ਕੁਲਦੀਪ ਸਿੰਘ ਲਾਡੀ ਬੁੱਟਰ, ਗੁਰਜੀਤ ਸਿੰਘ ਨੀਲਾ ਨਲੋਆ, ਲੱਕੀ ਮੂਨਕ, ਗੁਰਦਿਆਲ ਸਿੰਘ ਉਲਾਹਾ ਸਰਕਲ ਪ੍ਰਧਾਨ ਹਾਜੀਪੁਰ ਤੋਂ ਇਲਾਵਾ ਹੋਰ ਕਈ ਅਕਾਲੀ ਵਰਕਰ ਹਾਜ਼ਰ ਸੀ।

# ਪੁੰਨਿਆ ਦੇ ਸ਼ਰਾਧ ਮੌਕੇ ਸਾਲਾਨਾ ਧਾਰਮਿਕ ਸਮਾਗਮ ਕਰਵਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬਘਾਣਾ ਵਿਖੇ ਡੇਰਾ 108 ਸੰਤ ਬਾਬਾ ਮੰਗਲ ਦਾਸ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਬਾਵਾ ਪਰਵਾਰ ਵੱਲੋਂ ਸੰਤ ਮਹਾਂਪੁਰਸ਼ਾਂ ਦੀ ਯਾਦ ਵਿੱਚ ਪੁੰਨਿਆ ਦੇ ਸ਼ਰਾਧ ਮੌਕੇ ਸਾਲਾਨਾ ਧਾਰਮਿਕ ਸਮਾਗਮ ਮੁੱਖ ਸੇਵਾਦਾਰ ਸੰਤ ਬਾਬਾ ਨਿਰਮਲ ਸਿੰਘ ਬਘਾਣਾ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਨਿਰਮਲ ਸਿੰਘ ਬਘਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਮੁੱਖ ਸੇਵਾਦਾਰ ਸੰਤ ਬਾਬਾ ਨਿਰਮਲ ਸਿੰਘ ਬਘਾਣਾ, ਸੰਤ ਬਾਬਾ ਕੁਲਵੰਤ ਰਾਮ ਭਰੋਮਜਾਰਾ, ਸੰਤ ਬਾਬਾ ਨਿਰਮਲ ਸਿੰਘ ਅਵਾਦਾਨ, ਸੰਤ ਬਾਬਾ ਜਸਵਿੰਦਰ ਸਿੰਘ ਡਾਂਡੀਆਂ, ਸੰਤ ਬਾਬਾ ਬੱਚਿਤਰ ਸਿੰਘ, ਸੰਤ ਬਾਬਾ ਹਰਭਜਨ ਸਿੰਘ ਨੂਰੜ, ਸੰਤ ਬਾਬਾ ਅਰਜਨ ਦਾਸ ਮੰਨਣਹਾਣਾ, ਸੰਤ ਬਾਬਾ ਮਲਕੀਤ ਸਿੰਘ ਬਘਾਣਾ, ਸੰਤ ਬਾਬਾ ਗੁਰਦਿਆਲ ਸਿੰਘ ਬਘਾਣਾ, ਸੰਤ ਆਤਮਾ ਰਾਮ, ਸੰਤ ਰਾਜੇਸ਼ ਦਾਸ ਬਜਵਾੜਾ, ਸੰਤ ਬਾਬਾ ਹਰਚਰਨ ਸਿੰਘ ਮਾਹਿਲਪੁਰ, ਸੰਤ ਬਾਬਾ ਸਤਵਿੰਦਰ ਸਿੰਘ ਭਾਰਟਾ, ਸੰਤ ਬਾਬਾ ਕੁਲਦੀਪ ਸਿੰਘ ਭੂੰਗਾ, ਸੰਤ ਬਾਬਾ ਸੁਖਦੇਵ ਸਿੰਘ ਆਦਮਪੁਰ, ਸੰਤ ਬਾਬਾ ਮੋਹਣ ਦਾਸ ਅੱਪਰਾ, ਸੰਤ ਬਾਬਾ ਦੇਸ ਰਾਜ, ਸੰਤ ਬਾਬਾ ਪ੍ਰੇਮ ਦਾਸ, ਸੰਤ ਬਾਬਾ ਹਰਭਜਨ ਸਿੰਘ ਪੰਡੋਰੀ ਬੀਬੀ, ਸੰਤ ਬਾਬਾ ਵਿਪਨ ਦਾਸ ਆਦਮੋਵਾਲ, ਸੰਤ ਬਾਬਾ ਮਲਕੀਅਤ ਦਾਸ ਬਘਾਣਾ, ਭਾਈ ਸਤਨਾਮ ਸਿੰਘ ਸਹਿਗਲ ਭੁੰਗਰਨੀ, ਭਾਈ ਮਨਜੀਤ ਮੋਜੀ ਭੁੰਗਰਨੀ, ਭਾਈ ਗੁਰਦੇਵ ਸਿੰਘ ਲੁਟੇਰਾ ਖੁਰਦ ਆਦਿ ਨੇ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਏ ਹੋਏ ਸੰਤ ਮਹਾਂਪੁਰਸ਼, ਰਾਗੀ ਜੱਥੇ, ਪ੍ਰਮੁੱਖ ਸਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ । ਇਸ ਮੌਕੇ ਸਲਾਨਾ ਧਾਰਮਿਕ ਸਮਾਗਮ ਦੌਰਾਨ ਸੰਤ ਗੁਰਦਿਆਲ ਸਿੰਘ, ਸੰਤ ਮਲਕੀਅਤ ਸਿੰਘ, ਅਵਤਾਰ ਸਿੰਘ, ਦੇਸ ਰਾਜ, ਬਾਬਾ ਨਿਰਮਲ ਸਿੰਘ ਬਘਾਣਾ, ਕੁਲਵਿੰਦਰ ਸਿੰਘ ਫੋਰਮੈਨ ਲੁਟੇਰਾ ਕਲਾਂ, ਨਰਿੰਦਰ ਸਿੰਘ, ਹਰਜਿੰਦਰ ਸਿੰਘ, ਇੰਦਰਜੀਤ ਸਿੰਘ, ਤਜਿੰਦਰ ਸਿੰਘ ਬਾਵਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸਾਲਾਨਾ ਧਾਰਮਿਕ ਸਮਾਗਮ ਦੌਰਾਨ ਚਾਹ ਪਕੌੜੇ ਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।





# 'ਕਲਾਸਰੂਮ ਟੂ ਇੰਡਸਟਰੀ' ਵਿਸ਼ੇ 'ਤੇ ਵੈਬੀਨਾਰ

**ਜਲੰਧਰ (ਸ਼ੈਲੀ ਐਲਬਰਟ)**- ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਵੱਲੋਂ 'ਕਲਾਸਰੂਮ ਟੂ ਇੰਡਸਟਰੀ: ਮਾਈ ਸਟਰੱਗਲਜ਼, ਫੇਲੀਅਰਜ਼, ਲਰਨਿੰਗ ਐਂਡ ਗ੍ਰੋਥ' ਵਿਸ਼ੇ 'ਤੇ ਵਿਸ਼ੇਸ਼ ਵੈਬੀਨਾਰ ਕਰਵਾਇਆ ਗਿਆ। ਇਸ ਮੌਕੇ ਟਾਟਾ ਕੰਪਨੀ ਦੇ ਇੰਜੀਨੀਅਰ ਇੰਜੀ. ਰਿਤਿਕ ਮਿਸ਼ਰਾ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨਾਲ ਆਪਣੇ ਸੰਘਰਸ਼ਾਂ, ਅਸਫਲਤਾਵਾਂ, ਸਿੱਖਣ ਦੇ ਤਜਰਬਿਆਂ ਅਤੇ ਉਦਯੋਗਿਕ ਖੇਤਰ ਨਾਲ ਜੁੜੀਆਂ ਵਿਹਾਰਕ ਜਾਣਕਾਰੀਆਂ ਸਾਂਝੀਆਂ ਕੀਤੀਆਂ। ਕਾਲਜ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਵਿਭਾਗ ਵੱਲੋਂ ਕਰਵਾਏ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੂੰ ਆਧੁਨਿਕ ਅਤੇ ਸਮਾਰਟ ਇੰਡਸਟਰੀ ਦੀਆਂ ਲੋੜਾਂ ਅਨੁਸਾਰ ਆਪਣੇ ਆਪ ਨੂੰ ਤਿਆਰ ਕਰਨ ਲਈ ਪ੍ਰੇਰਿਤ ਕੀਤਾ। ਮਕੈਨੀਕਲ ਇੰਜੀਨੀਅਰਿੰਗ ਵਿਭਾਗ ਦੀ ਇੰਚਾਰਜ ਰਿਚਾ ਅਰੋੜਾ ਨੇ ਮੁੱਖ ਬੁਲਾਰੇ ਦਾ ਸਵਾਗਤ ਕੀਤਾ। ਪ੍ਰੋਗਰਾਮ ਦਾ ਸਫਲ ਸੰਚਾਲਨ ਅਤੇ ਸਮਨਵਯ ਇੰਜੀ. ਅਮਿਤ ਸ਼ਰਮਾ, ਲੈਕਚਰਾਰ, ਮਕੈਨੀਕਲ ਇੰਜੀਨੀਅਰਿੰਗ ਵਿਭਾਗ ਵੱਲੋਂ ਕੀਤਾ ਗਿਆ। ਇਸ ਮੌਕੇ ਵਿਭਾਗ ਦੇ ਲੈਕਚਰਾਰ ਪ੍ਰਭੂ ਦਿਆਲ, ਰੋਹਿਤ ਕੁਮਾਰ ਅਤੇ ਸੁਸ਼ਾਂਤ ਸ਼ਰਮਾ ਸਮੇਤ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਦੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।

# ਯੰਗ ਡਾਕਟਰ ਫਾਰ ਸੁਸਾਇਟੀ ਵੱਲੋਂ ਸਕੂਲ 'ਚ ਸਿਹਤ ਜਾਗਰੂਕਤਾ ਸੈਮੀਨਾਰ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਯੰਗ ਡਾਕਟਰ ਫਾਰ ਸੋਸਾਇਟੀ ਵੱਲੋਂ ਸਥਾਨਕ ਸਰਕਾਰੀ ਆਦਰਸ਼ ਸਕੂਲ ਵਿਖੇ ਬੱਚਿਆਂ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਮਾਹਰ ਡਾਕਟਰਾਂ ਵੱਲੋਂ ਵਿਦਿਆਰਥੀਆਂ ਨੂੰ ਡੇਂਗੂ, ਚਿਕਨਗੁਨੀਆ ਅਤੇ ਸੱਪ ਦੇ ਡੰਗ ਤੋਂ ਬਚਾਅ, ਲੱਛਣਾਂ ਅਤੇ ਮੁਢਲੀ ਸਾਵਧਾਨੀ ਸਬੰਧੀ ਜਾਣਕਾਰੀ ਦਿੱਤੀ ਗਈ।ਸੈਮੀਨਾਰ ਦੌਰਾਨ ਡਾਕਟਰ ਅਪਰਾਜਿਤਾ ਨੇ ਡੇਂਗੂ ਅਤੇ ਚਿਕਨਗੁਨੀਆ ਸੰਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੱਛਰਾਂ ਦੀ ਪੈਦਾਇਸ਼ ਨੂੰ ਰੋਕਣ ਲਈ ਆਲੇ-ਦੁਆਲੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ। ਉਨ੍ਹਾਂ ਨੇ ਬੱਚਿਆਂ ਨੂੰ ਮੱਛਰਾਂ ਤੋਂ ਬਚਾਅ ਲਈ ਸਾਵਧਾਨੀਆਂ ਵਰਤਣ ਅਤੇ ਬੁਖਾਰ ਜਾਂ ਹੋਰ ਲੱਛਣ ਸਾਹਮਣੇ ਆਉਣ 'ਤੇ ਡਾਕਟਰੀ ਸਲਾਹ ਲੈਣ ਲਈ ਪ੍ਰੇਰਿਤ ਕੀਤਾ।ਡਾਕਟਰ ਦੀਪਾਲੀ ਨੇ ਸੱਪ ਦੇ ਡੰਗ ਸੰਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਸੱਪ ਦੇ ਡੰਗ ਦੀ ਸਥਿਤੀ ਵਿੱਚ ਘਬਰਾਉਣ ਦੀ ਬਜਾਏ ਪੀੜਤ ਵਿਅਕਤੀ ਨੂੰ ਤੁਰੰਤ ਨੇੜਲੇ ਸਿਹਤ ਕੇਂਦਰ ਜਾਂ ਹਸਪਤਾਲ ਪਹੁੰਚਾਉਣਾ ਚਾਹੀਦਾ ਹੈ। ਇਸ ਮੌਕੇ ਦਵਾਈਆਂ ਦੇ ਮਾਹਰ ਡਾਕਟਰ ਰਣਵੀਰ ਸਿੰਘ ਸਮੇਤ ਡਾਕਟਰ ਕੈਹਲ, ਡਾਕਟਰ ਰਾਜੇਸ਼, ਡਾਕਟਰ ਦੀਪਾਲੀ, ਡਾਕਟਰ ਅਪਰਾਜਿਤਾ, ਡਾਕਟਰ ਸੁਰਿੰਦਰ, ਡਾਕਟਰ ਸਤਿੰਦਰ ਪਾਲ ਸਿੰਘ ਸੰਧੂ, ਡਾਕਟਰ ਮਨੀਸ਼ ਕੁਮਾਰ ਅਤੇ ਡਾਕਟਰ ਵਿਸ਼ਾਲ ਸਿੰਗਲਾ ਵੱਲੋਂ ਵੀ ਬੱਚਿਆਂ ਨਾਲ ਸਿਹਤ ਸੰਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਗਈ। ਸੈਮੀਨਾਰ ਦੇ ਅੰਤ ਵਿੱਚ ਸਕੂਲ ਪ੍ਰਿੰਸੀਪਲ ਨੀਰਜ ਸ਼ਰਮਾ ਨੇ ਯੰਗ ਡਾਕਟਰ ਫਾਰ ਸੋਸਾਇਟੀ ਅਤੇ ਸਮੂਹ ਡਾਕਟਰ ਸਾਹਿਬਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਿਹਤ ਜਾਗਰੂਕਤਾ ਪ੍ਰੋਗਰਾਮ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹਨ।





# ਸੀ ਪੀ ਆਈ ਐੱਮ ਨੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ

**ਨੰਗਲ (ਸੁਰਜੀਤ ਸਿੰਘ ਢੇਰ)**- ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਤਹਿਸੀਲ ਕਮੇਟੀ ਨੰਗਲ ਵੱਲੋਂ ਸ਼ਹੀਦ ਤੇ ਆਜ਼ਮ ਸਰਦਾਰ ਭਗਤ ਸਿੰਘ ਜੀ ਦਾ 119ਵਾਂ ਜਨਮ ਦਿਨ ਭੜੋਲੀਆਂ ਭਵਨ ਵਿਖੇ ਵੱਡਾ ਇਕੱਠ ਕਰਕੇ ਮਨਾਇਆ ਗਿਆ। ਇਸ ਮੌਕੇ ਤੇ ਉਹਨਾਂ ਦੀ ਯਾਦ ਦੇ ਵਿੱਚ ਮੋਮਬੱਤੀ ਮਾਰਚ ਵੀ ਕੀਤਾ ਗਿਆ। ਇਸ ਮੌਕੇ ਤੇ ਐੱਸ ਐੱਫ ਆਈ ਹਿਮਾਚਲ ਪ੍ਰਦੇਸ਼ ਦੇ ਸਾਬਕਾ ਪ੍ਰਧਾਨ ਪ੍ਰਿੰਸੀਪਲ ਰਾਜੀਵ ਮੇਜਰ ਨੇ ਕਿਹਾ ਕਿ ਭਗਤ ਸਿੰਘ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਬਹੁਤ ਵੱਡੀ ਕੁਰਬਾਨੀ ਕੀਤੀ। ਉਹਨਾਂ ਦੀ ਕੁਰਬਾਨੀ ਨੂੰ ਰਹਿੰਦੀ ਦੁਨੀਆਂ ਤੱਕ ਭੁਲਾਇਆ ਨਹੀਂ ਜਾ ਸਕਦਾ। ਨੌਜਵਾਨ ਪੀੜੀ ਨੂੰ ਉਹਨਾਂ ਤੋਂ ਪ੍ਰੇਰਨਾ ਲੈ ਕੇ ਆਪਣੀਆਂ ਮੰਗਾਂ ਤੇ ਕੇਂਦਰ ਦੀ ਮੋਦੀ ਸਰਕਾਰ ਦੀ ਜੋ ਕਾਰਪੋਰੇਟ ਪੱਖੀ ਨੀਤੀ ਆ ਉਸ ਦੇ ਖਿਲਾਫ ਇੱਕਜੁੱਟ ਹੋ ਕੇ ਲੜਨਾ ਪਵੇਗਾ।

ਉਹਨਾਂ ਨੇ ਕਿਹਾ ਕਿ ਭਗਤ ਸਿੰਘ ਨੇ ਇਹ ਨਾਹਰਾ ਸੀ ਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ ਇੱਥੇ ਬਰਾਬਰਤਾ ਦਾ ਸਮਾਜ ਹੋਵੇ। ਹਰ ਨਾਗਰਿਕ ਨੂੰ ਬਰਾਬਰ ਹੱਕ ਮਿਲਣ। ਹਰ ਹੱਥ ਨੂੰ ਕੰਮ ਕਰਨ ਲਈ ਰੁਜ਼ਗਾਰ ਮਿਲੇ। ਪਰ ਆਜ਼ਾਦੀ ਤੋਂ ਬਾਅਦ ਕੇਂਦਰ ਦੀਆਂ ਸਰਕਾਰਾਂ ਨੇ ਭਗਤ ਸਿੰਘ ਦੀ ਸੋਚ ਨੂੰ ਨਹੀਂ ਅਪਣਾਇਆ, ਸਗੋਂ ਕਾਰਪੋਰੇਟ ਕੰਪਨੀਆਂ ਨੂੰ ਲਾਭ ਦੇਣ ਦੇ ਲਈ ਕੰਮ ਕੀਤੇ। ਇਸ ਮੌਕੇ ਤੇ ਸੀ ਪੀ ਆਈ ਐਮ ਦੇ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਕਿਹਾ ਕਿ ਸ਼ਹੀਦਾਂ ਦੀਆਂ ਬਰਸੀਆਂ ਜਨਮ ਦਿਨ ਮਨਾਉਣਾ ਖੱਬੇ ਪੱਖੀ ਲੋਕਾਂ ਲਈ ਬਹੁਤ ਵੱਡੀ ਅਹਿਮੀਅਤ ਰੱਖਦਾ ਹੈ। ਇਸ ਮੌਕੇ ਤੇ ਸੁਖਦੇਵ ਸਿੰਘ, ਵਿਜੇ ਸ਼ਰਮਾ, ਤਹਿਸੀਲ ਸਕੱਤਰ ਸਤਨਾਮ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਇਸ ਸਮਾਗਮ ਦੀ ਪ੍ਰਧਾਨਗੀ ਦਿਲਬਾਗ ਸਿੰਘ, ਰਾਣਾ ਸ਼ਿਵ ਕੁਮਾਰ ਨੇ ਕੀਤੀ। ਇਸ ਮੌਕੇ ਤੇ ਜਸਮੇਰ ਸਿੰਘ ਪੱਪ ਨੇ ਇਨਕਲਾਬੀ ਗੀਤ ਪੇਸ਼ ਕੀਤੇ।ਇਸ ਸਾਦੇ ਸਮਾਗਮ ਵਿੱਚ ਪਰਵਾਰਾਂ ਸਮੇਤ ਸਾਥੀ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਇਸ ਮੌਕੇ ਤੇ ਰਘਵੀਰ ਸਿੰਘ ਦਰਸ਼ੀ, ਜਰਨੈਲ ਸਿੰਘ ਸੰਧੂ, ਕੁਲਵੰਤ ਪਾਠਕ, ਅਸ਼ਵਨੀ ਸੈਨੀ ਰਣਜੀਤ ਸਿੰਘ ਝੱਜ, ਸੁਖਦੇਵ ਸਿੰਘ ਸੁੱਖਾ, ਰਾਮ ਲਾਲ ਜਾਂਦਲਾ, ਹਰਨੇਕ ਸਿੰਘ ਨੇਕ, ਕੁਲਦੀਪ ਸਿੰਘ, ਰਣਜੀਤ ਕੌਰ,ਅੰਜੂ ਬਾਲਾ,ਅੰਤਰਜੀਤ ਕੌਰ ਅਟਵਾਲ,ਰਾਜ ਕੁਮਾਰੀ ਸਮੇਤ ਔਰਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਵਕੀਲਾਂ ਸ਼ਹੀਦ ਭਗਤ ਸਿੰਘ ਦਾ 119ਵਾਂ ਜਨਮ ਦਿਹਾੜਾ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਸਪੋਰਟਸ ਕਲੱਬ ਨਕੋਦਰ ਦੇ ਪ੍ਰਧਾਨ ਐਡਵੋਕੇਟ ਗੌਰਵ ਨਾਗਰਾਜ ਅਤੇ ਬਾਰ ਐਸੋਸੀਏਸ਼ਨ ਨਕੋਦਰ ਦੇ ਪ੍ਰਧਾਨ ਐਡਵੋਕੇਟ ਪ੍ਰਮੋਦ ਸ਼ਰਮਾ ਦੀ ਅਗਵਾਈ ਹੇਠ ਕੋਰਟ ਕੰਪਲੈਕਸ ਨਕੋਦਰ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦਾ 119ਵਾਂ ਜਨਮ ਦਿਹਾੜਾ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਕੇਕ ਕੱਟ ਕੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ ਗਿਆ ਅਤੇ ਕਚਹਿਰੀ ਵਿੱਚ ਲੱਡੂ ਵੰਡ ਕੇ ਖੁਸ਼ੀ ਸਾਂਝੀ ਕੀਤੀ ਗਈ। ਵਕੀਲ ਭਾਈਚਾਰੇ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਸਤਿਕਾਰ ਭੇਟ ਕਰਦਿਆਂ ਉਨ੍ਹਾਂ ਦੇ ਦੇਸ਼ ਪ੍ਰਤੀ ਸਮਰਪਣ ਅਤੇ ਮਹਾਨ ਕੁਰਬਾਨੀ ਨੂੰ ਯਾਦ ਕੀਤਾ ਗਿਆ।ਇਸ ਮੌਕੇ ਕਲੱਬ ਦੇ ਪ੍ਰਧਾਨ ਐਡਵੋਕੇਟ ਗੌਰਵ ਨਾਗਰਾਜ ਨੇ ਸਮੂਹ ਦੇਸ਼ ਵਾਸੀਆਂ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਸੋਚ, ਨਿਡਰਤਾ, ਦੇਸ਼ ਪ੍ਰਤੀ ਸਮਰਪਣ ਅਤੇ ਕੁਰਬਾਨੀ ਅੱਜ ਵੀ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਹੈ।



ਇਸ ਦੌਰਾਨ ਵਕੀਲ ਭਾਈਚਾਰੇ ਵੱਲੋਂ ਇਨਕਲਾਬ ਜ਼ਿੰਦਾਬਾਦ ਦੇ ਜੋਸ਼ ਭਰੇ ਨਾਅਰੇ ਲਗਾਏ ਗਏ। ਸਮਾਗਮ ਦੌਰਾਨ ਸ਼ਹੀਦ ਭਗਤ ਸਿੰਘ ਜੀ ਦੇ ਵਿਚਾਰਾਂ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਨੌਜਵਾਨ ਪੀੜ੍ਹੀ ਨੂੰ ਦੇਸ਼ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਸੁਨੇਹਾ ਦਿੱਤਾ ਗਿਆ।ਐਡਵੋਕੇਟ ਗੌਰਵ ਨਾਗਰਾਜ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਮਾਜਿਕ ਕੁਰੀਤੀਆਂ, ਨਸ਼ਿਆਂ ਅਤੇ ਹੋਰ ਬੁਰਾਈਆਂ ਤੋਂ ਦੂਰ ਰਹਿਣ ਅਤੇ ਸਿੱਖਿਆ, ਖੇਡਾਂ, ਸਮਾਜ ਸੇਵਾ ਅਤੇ ਰਾਸ਼ਟਰ ਨਿਰਮਾਣ ਵੱਲ ਆਪਣਾ ਧਿਆਨ ਕੇਂਦਰਿਤ ਕਰਨ।

ਇਸ ਮੌਕੇ ਬਾਰ ਐਸੋਸੀਏਸ਼ਨ ਨਕੋਦਰ ਦੇ ਪ੍ਰਧਾਨ ਐਡਵੋਕੇਟ ਪ੍ਰਮੋਦ ਸ਼ਰਮਾ, ਬਾਰ ਦੇ ਸਕੱਤਰ ਐਡਵੋਕੇਟ ਕਮਲਜੀਤ ਸਿੰਘ ਥਿੰਦ, ਸਾਬਕਾ ਸਕੱਤਰ ਐਡਵੋਕੇਟ ਭੁਪਿੰਦਰ ਸਿੰਘ ਟੁਰਨਾ, ਐਡਵੋਕੇਟ ਜਤਿੰਦਰ ਪੱਤੂ, ਐਡਵੋਕੇਟ ਰਵੀ ਕੋਲ, ਐਡਵੋਕੇਟ ਐਸ. ਐਸ. ਸੰਧੂ, ਐਡਵੋਕੇਟ ਨਵਨੀਤ ਸਿੰਘ ਨੰਨਰਾ, ਐਡਵੋਕੇਟ ਬੀ. ਐਸ. ਢੱਡਾ ਸਮੇਤ ਹੋਰ ਵਕੀਲ ਸਾਹਿਬਾਨ ਹਾਜ਼ਰ ਸਨ।

## ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨਾ 'ਆਪ' ਸਰਕਾਰ ਦੀ ਮੁੱਢਲੀ ਪਹਿਲ : ਰਣਜੋਧ ਹਡਾਣਾ



**ਦੇਵੀਗੜ੍ਹ/ਸਨੌਰ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਦੇ ਕੋਹੜ ਤੋਂ ਦੂਰ ਰੱਖ ਕੇ ਸਿਹਤਮੰਦ ਪੰਜਾਬ ਦੀ ਸਿਰਜਣਾ ਕਰਨ ਦੇ ਮਕਸਦ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿੰਡਾਂ ਅੰਦਰ ਖੇਡ ਬੁਨਿਆਦੀ ਢਾਂਚਾ ਮਜ਼ਬੂਤ ਕੀਤਾ ਜਾ ਰਿਹਾ ਹੈ।ਇਸੇ ਲੜੀ ਤਹਿਤ ਰਣਜੋਧ ਸਿੰਘ ਹਡਾਣਾ ਵੱਲੋਂ ਹਲਕਾ ਸਨੌਰ ਦੇ ਪਿੰਡ ਮਸੀਂਗਣ ਵਿਖੇ ਨਵੇਂ ਤਿਆਰ ਕੀਤੇ ਗਏ ਆਧੁਨਿਕ ਖੇਡ ਗਰਾਊਂਡ ਦਾ ਰਸਮੀ ਉਦਘਾਟਨ ਤੇ ਵਿਸ਼ਾਲ ਕਬੱਡੀ ਕੱਪ ਦੀ ਸ਼ੁਰੂਆਤ ਕਰਵਾਈ ਗਈ।ਇਸ ਮੌਕੇ ਕਬੱਡੀ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਨ ਮਗਰੋਂ ਟੂਰਨਾਮੈਂਟ ਦੀ ਸ਼ੁਰੂਆਤ ਕਰਵਾਉਂਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਆਖਿਆ ਕਿ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨਾ ਤੇ ਉਨ੍ਹਾਂ ਨੂੰ ਹਰ ਸੰਭਵ ਸਹੂਲਤ ਮੁਹੱਈਆ ਕਰਵਾਉਣਾ ਆਮ ਆਦਮੀ ਪਾਰਟੀ ਦੀ ਮੁੱਢਲੀ ਪਹਿਲ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡ ਪੱਧਰ 'ਤੇ ਖੇਡ ਮੈਦਾਨ, ਜਿੰਮ ਤੇ ਸਟੇਡੀਅਮ ਸਥਾਪਤ ਕਰ ਰਹੀ ਹੈ ਤਾਂ ਜੋ ਪੇਂਡੂ ਖੇਤਰਾਂ ਵਿੱਚੋਂ ਕੌਮਾਂਤਰੀ ਪੱਧਰ ਦੇ ਖਿਡਾਰੀ ਪੈਦਾ ਹੋ ਸਕਣ।ਹਡਾਣਾ ਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ ਨੌਜਵਾਨਾਂ ਦੇ ਹੱਥਾਂ ਵਿੱਚ ਖੇਡਾਂ ਦਾ ਸਾਮਾਨ ਹੋਵੇਗਾ ਤਾਂ ਉਹ ਕਦੇ ਵੀ ਗ਼ਲਤ ਰਾਹਾਂ 'ਤੇ ਨਹੀਂ ਭਟਕਣਗੇ।ਹਡਾਣਾ ਨੇ ਸ਼ਾਨਦਾਰ ਕਬੱਡੀ ਕੱਪ ਕਰਵਾਉਣ ਲਈ ਸਮੂਹ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦੀ ਸ਼ਲਾਘਾ ਕੀਤੀ ਅਤੇ ਜੇਤੂ ਟੀਮਾਂ ਲਈ ਇਨਾਮਾਂ ਦਾ ਐਲਾਨ ਕਰਦਿਆਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਦਾ ਸੱਦਾ ਦਿੱਤਾ।ਇਸ ਮੌਕੇ ਪਿੰਡ ਵਾਸੀਆਂ ਤੇ ਖੇਡ ਪ੍ਰੇਮੀਆਂ ਨੇ ਖੇਡ ਗਰਾਊਂਡ ਦਾ ਤੋਹਫ਼ਾ ਦੇਣ ਲਈ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਤੇ ਮਾਨ ਸਰਕਾਰ ਦਾ ਧੰਨਵਾਦ ਪ੍ਰਗਟ ਕੀਤਾ।

## ਐੱਨ ਐੱਚ ਐੱਮ ਮੁਲਾਜ਼ਮਾਂ ਵੱਲੋਂ ਹੱਕੀ ਮੰਗਾਂ ਲਈ ਸਿਵਲ ਸਰਜਨ ਦਫ਼ਤਰ ਵਿਖੇ ਧਰਨਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਐੱਨ.ਐੱਚ.ਐੱਮ. ਮੁਲਾਜ਼ਮਾਂ ਵੱਲੋਂ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਅੱਜ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਸਿਵਲ ਸਰਜਨ ਦਫ਼ਤਰ ਵਿਖੇ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਵੱਖ-ਵੱਖ ਕੈਡਰਾਂ ਦੇ ਮੁਲਾਜ਼ਮਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਸਰਕਾਰ ਤੇ ਸਿਹਤ ਵਿਭਾਗ ਖ਼ਿਲਾਫ਼ ਆਪਣਾ ਰੋਸ ਪ੍ਰਗਟ ਕੀਤਾ। ਧਰਨੇ ਉਪਰੰਤ ਸਿਵਲ ਸਰਜਨ ਫ਼ਿਰੋਜ਼ਪੁਰ ਨੂੰ ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਦੇ ਨਾਮ ਮੰਗ ਪੱਤਰ ਵੀ ਸੌਂਪਿਆ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਬਗੀਚ ਸਿੰਘ, ਕਮਿਊਨਿਟੀ ਹੈੱਲਥ ਅਫਸਰ ਨਰਿੰਦਰ ਸਿੰਘ, ਡਾ. ਪ੍ਰੀਤ ਮਖੀਜਾ, ਡਾ. ਹਰਪ੍ਰੀਤ ਸਿੰਘ, ਹਰਜਿੰਦਰ ਸਿੰਘ, ਨਰਿੰਦਰ ਸ਼ਰਮਾ, ਡਾ. ਅਮਨਦੀਪ ਕੌਰ ਅਤੇ ਡਾ. ਲਲਿਤ ਕੁਮਾਰ ਨੇ ਕਿਹਾ ਕਿ ਐੱਨ.ਐੱਚ.ਐੱਮ. ਮੁਲਾਜ਼ਮ ਲੰਬੇ ਸਮੇਂ ਤੋਂ ਵਿਭਾਗ ਦੀਆਂ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੇ ਹਨ, ਪਰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਅਜੇ ਤੱਕ ਪੂਰਨ ਹੱਲ ਨਹੀਂ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਵਿੱਚ ਬਰਾਬਰ ਕੰਮ ਬਰਾਬਰ ਤਨਖਾਹ, ਲੰਬੇ ਸਮੇਂ ਤੋਂ ਬੰਦ ਲੋਇਲਿਟੀ ਬੋਨਸ ਬਹਾਲ ਕਰਨਾ, ਗ੍ਰੈਚੁਇਟੀ ਦਾ ਲਾਭ ਦੇਣਾ, ਨੌਕਰੀ ਦੀ ਉਮਰ ਹੱਦ ਵਿੱਚ ਵਾਧਾ ਤੇ ਕਮਿਊਨਿਟੀ ਹੈੱਲਥ ਅਫ਼ਸਰਾਂ (ਸੀ ਐੱਚ ਓ) ਨੂੰ ਹੋਰਨਾਂ ਸੂਬਿਆਂ ਦੇ ਮੁਕਾਬਲੇ ਮਿਲ ਰਹੀ 5,000 ਘੱਟ ਤਨਖਾਹ ਦੇ ਮੁੱਦੇ ਦਾ ਹੱਲ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ ਐੱਨ ਐੱਚ ਐੱਮ ਮੁਲਾਜ਼ਮਾਂ ਦੀਆਂ ਹੋਰ ਲੰਬਿਤ ਮੰਗਾਂ ਨੂੰ ਵੀ ਜਲਦ ਹੱਲ ਕਰਨ ਦੀ ਮੰਗ ਕੀਤੀ ਗਈ। ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗਾਂ ਤੇ ਭਰੋਸਿਆਂ ਦੇ ਬਾਵਜੂਦ ਮੰਗਾਂ ਦਾ ਪੂਰਾ ਹੱਲ ਨਾ ਹੋਣ ਕਾਰਨ ਮੁਲਾਜ਼ਮਾਂ ਵਿੱਚ ਰੋਸ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਮੰਗਾਂ ਦਾ ਜਲਦ ਨਿਪਟਾਰਾ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸੰਘਰਸ਼ ਦੇ ਅਗਲੇ ਪੜਾਅ ਤਹਿਤ 1 ਅਕਤੂਬਰ ਨੂੰ ਵਿਧਾਇਕਾਂ ਦੇ ਦਫ਼ਤਰਾਂ ਦਾ ਘਿਰਾਓ ਕੀਤਾ ਜਾਵੇਗਾ ਤੇ 9 ਅਕਤੂਬਰ ਨੂੰ ਧੂਰੀ ਵਿਖੇ ਵਿਸ਼ਾਲ ਧਰਨਾ ਲਗਾਇਆ ਜਾਵੇਗਾ। ਧਰਨੇ ਵਿੱਚ ਆਰ ਬੀ ਐੱਸ ਕੇ ਟੀਮ, ਕਮਿਊਨਿਟੀ ਹੈੱਲਥ ਅਫ਼ਸਰ, ਕਲੈਰੀਕਲ ਸਟਾਫ, ਸਟਾਫ਼ ਨਰਸਾਂ, ਮਲਟੀਪਰਪਜ਼ ਹੈਲਥ ਵਰਕਰ, ਟੀ ਬੀ ਵਿਭਾਗ ਦੇ ਕਰਮਚਾਰੀ, ਲੈਬ ਟੈਕਨੀਸ਼ੀਅਨ, ਡੀ ਪੀ ਐੱਮ ਯੂ ਸਟਾਫ਼ ਸਮੇਤ ਵੱਖ-ਵੱਖ ਕੈਡਰਾਂ ਦੇ ਐੱਨ ਐੱਚ ਐੱਮ ਮੁਲਾਜ਼ਮਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

## ਦਿਲ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਸ਼ੁਰੂਆਤੀ ਜਾਂਚ ਜ਼ਰੂਰੀ : ਡਾ. ਭਾਟੀਆ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਲਿਵਾਸਾ ਹਸਪਤਾਲ ਖੰਨਾ ਦੇ ਕਾਰਡੀਓਲਾਜੀ ਮਾਹਿਰ ਡਾ. ਗਗਨਦੀਪ ਸਿੰਘ ਅਤੇ ਡਾ. ਆਦਿਤਿਆ ਭਾਟੀਆ ਨੇ ਪੱਤਰਕਾਰ ਮਿਲਣੀ ਦੌਰਾਨ ਦਿਲ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਸ਼ੁਰੂਆਤੀ ਜਾਂਚ ਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਮੋਟਾਪਾ, ਉੱਚ ਕੋਲੈਸਟ੍ਰੋਲ, ਤਣਾਅ, ਧੂੰਮਰਪਾਨ ਤੇ ਪਰਿਵਾਰਕ ਇਤਿਹਾਸ ਦਿਲ ਦੀ ਬਿਮਾਰੀ ਦੇ ਖਤਰੇ ਨੂੰ ਵਧਾ ਸਕਦੇ ਹਨ।ਡਾ. ਭਾਟੀਆ ਨੇ ਕਿਹਾ ਕਿ ਲੱਛਣਾਂ ਦੀ ਉਡੀਕ ਕਰਨ ਦੀ ਬਜਾਏ ਨਿਯਮਤ ਜਾਂਚ ਰਾਹੀਂ ਖਤਰੇ ਦੇ ਕਾਰਕਾਂ ਦੀ ਸਮੇਂ ਸਿਰ ਪਛਾਣ ਕਰਨੀ ਚਾਹੀਦੀ ਹੈ।ਡਾਇਰੈਕਟਰ ਸੇਵਾ ਪੁਰੀ ਨੇ ਵੀ ਲੋਕਾਂ ਨੂੰ ਰੋਕਥਾਮ ਵਾਲੀ ਸਿਹਤ ਸੰਭਾਲ ਅਤੇ ਸਮੇਂ ਸਿਰ ਡਾਕਟਰੀ ਸਲਾਹ ਪ੍ਰਤੀ ਜਾਗਰੂਕ ਰਹਿਣ ਦੀ ਅਪੀਲ ਕੀਤੀ।



## ਸ਼ਹੀਦੇ ਆਜ਼ਮ ਸ. ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਜਲਾਲਾਬਾਦ (ਬਲਵਿੰਦਰ ਸਿੰਘ)**-ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਯਾਦਗਾਰ ਸਭਾ ਵੱਲੋਂ ਜਲਾਲਾਬਾਦ ਸਥਿਤ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਚੌਕ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸਭਾ ਦੇ ਮੈਂਬਰਾਂ ਤੇ ਸ਼ਹੀਦ ਭਗਤ ਸਿੰਘ ਦੀ ਸੋਚ ਨਾਲ ਜੁੜੇ ਲੋਕਾਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦ ਨੂੰ ਫੁੱਲ ਭੇਟ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਸਮਾਗਮ ਦੌਰਾਨ ਸ਼ਹੀਦ ਭਗਤ ਸਿੰਘ ਦੇ ਆਦਮ ਕੱਦ ਬੁੱਤ 'ਤੇ ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਬੁਲਾਰਿਆਂ ਨੇ ਸ਼ਹੀਦ ਭਗਤ ਸਿੰਘ ਦੀ ਜੀਵਨੀ, ਉਨ੍ਹਾਂ ਦੇ ਸੰਘਰਸ਼, ਦੇਸ਼ ਤੇ ਸਮਾਜ ਪ੍ਰਤੀ ਉਨ੍ਹਾਂ ਦੀ ਸੋਚ ਤੇ ਕੁਰਬਾਨੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਛੋਟੀ ਉਮਰ ਵਿੱਚ ਹੀ ਦੇਸ਼ ਦੀ ਆਜ਼ਾਦੀ ਤੇ ਲੋਕਾਂ ਦੇ ਹੱਕਾਂ ਲਈ ਸੰਘਰਸ਼ ਦਾ ਰਾਹ ਚੁਣਿਆ ਤੇ ਆਪਣੀ ਜ਼ਿੰਦਗੀ ਕੌਮ ਦੇ ਲੇਖੇ ਲਾ ਦਿੱਤੀ।ਸਭਾ ਦੇ ਮੈਂਬਰਾਂ ਨੇ ਆਪਣੇ ਸੰਬੋਧਨ ਵਿੱਚ ਇਨਕਲਾਬੀ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਸਿਰਫ਼ ਇਤਿਹਾਸਕ ਸ਼ਖ਼ਸੀਅਤ ਹੀ ਨਹੀਂ, ਸਗੋਂ ਨੌਜਵਾਨ ਪੀੜ੍ਹੀ ਲਈ ਵਿਚਾਰਾਂ, ਹਿੰਮਤ, ਕੁਰਬਾਨੀ ਅਤੇ ਦੇਸ਼-ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਪ੍ਰਤੀਕ ਹਨ।ਉਨ੍ਹਾਂ ਕਿਹਾ ਕਿ ਸ਼ਹੀਦ ਦੀ ਕੁਰਬਾਨੀ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਦਿੱਤੀ ਜਾ ਸਕਦੀ ਹੈ ਜੇਕਰ ਅਸੀਂ ਉਨ੍ਹਾਂ ਦੇ ਵਿਚਾਰਾਂ ਨੂੰ ਸਮਝੀਏ ਅਤੇ ਸਮਾਜ ਵਿੱਚ ਬਰਾਬਰੀ, ਇਨਸਾਫ਼ ਅਤੇ ਲੋਕ-ਹਿੱਤ ਲਈ ਆਪਣੀ ਜ਼ਿੰਮੇਵਾਰੀ ਨਿਭਾਈਏ।ਇਸ ਮੌਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਯਾਦਗਾਰ ਸਭਾ ਦੇ ਪ੍ਰਧਾਨ ਸੂਬਾ ਸਿੰਘ ਨੰਬਰਦਾਰ, ਪਵਨ ਅਰੋੜਾ, ਮਿਹਰਬਾਨ ਸਿੰਘ ਨਾਰੰਗ, ਸੁਰਜੀਤ ਸਿੰਘ ਸੰਧੂ, ਪ੍ਰੇਮ ਪ੍ਰਕਾਸ਼ ਪਟਵਾਰੀ, ਤੇਜਪਾਲ ਸਿੰਘ ਮੰਨੇਵਾਲਾ, ਦਰਸ਼ਨ ਸਿੰਘ ਭੁੱਲਰ, ਸਮਾਜ ਸੇਵੀ ਕੇਵਲ ਸਿੰਘ ਸੁਖੀਜਾ, ਜਗਦੀਸ਼ ਕੁਮਾਰ ਜੀਤਾ, ਮਨਪ੍ਰੀਤ ਸਿੰਘ ਸੰਧੂ ਸੂਬਾ ਮੀਤ ਪ੍ਰਧਾਨ ਕਾਦੀਆਂ, ਕ੍ਰਿਸ਼ਨ, ਬਲਦੇਵ ਸਿੰਘ, ਫੁੰਮਣ ਸਿੰਘ, ਗੁਰਦੀਪ ਸਿੰਘ ਵਿਰਕ ਸਮੇਤ ਹੋਰ ਪਤਵੰਤੇ ਤੇ ਸਭਾ ਦੇ ਮੈਂਬਰ ਹਾਜ਼ਰ ਸਨ।

## ਸਵਾਮੀ ਰੂਪ ਚੰਦ ਜੈਨ ਸਕੂਲ 'ਚ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਮਨਾਇਆ



**ਜਗਰਾਓਂ (ਅਮਿਤ ਖੰਨਾ/ਸੰਜੀਵ ਅਰੋੜਾ)**-ਸਵਾਮੀ ਰੂਪ ਚੰਦ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਓਂ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਜਨਮ ਦਿਵਸ ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਜੀ ਦੀ ਯੋਗ ਅਗਵਾਈ ਤੇ ਸਮੂਹ ਮੈਨੇਜਮੈਂਟ ਦੇ ਸਹਿਯੋਗ ਨਾਲ ਸ਼ਰਧਾ, ਉਤਸ਼ਾਹ ਤੇ ਦੇਸ਼ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਸ਼ਹੀਦ ਭਗਤ ਸਿੰਘ ਜੀ ਦੇ ਚਿੱਤਰ 'ਤੇ ਫੁੱਲ ਅਰਪਿਤ ਕਰਕੇ ਕੀਤੀ ਗਈ।ਇਸ ਮੌਕੇ ਵਿਦਿਆਰਥੀਆਂ ਨੇ ਦੇਸ਼ਭਗਤੀ ਦੀਆਂ ਕਵਿਤਾਵਾਂ, ਭਾਸ਼ਣਾਂ, ਨਾਅਰਿਆਂ ਤੇ ਵਿਚਾਰ-ਪ੍ਰਸਤੁਤੀਆਂ ਰਾਹੀਂ ਮਹਾਨ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਤ ਸਿੰਘ ਜੀ ਨੌਜਵਾਨਾਂ ਲਈ ਹਿੰਮਤ, ਨਿਡਰਤਾ, ਦੇਸ਼-ਪ੍ਰੇਮ ਤੇ ਕੁਰਬਾਨੀ ਦੀ ਪ੍ਰੇਰਣਾਦਾਇਕ ਮਿਸਾਲ ਹਨ।ਉਨ੍ਹਾਂ ਦਾ ਜੀਵਨ ਨੌਜਵਾਨ ਪੀੜ੍ਹੀ ਨੂੰ ਆਪਣੇ ਦੇਸ਼, ਸਮਾਜ ਤੇ ਫਰਜ਼ਾਂ ਪ੍ਰਤੀ ਇਮਾਨਦਾਰ ਰਹਿਣ ਦੀ ਪ੍ਰੇਰਣਾ ਦਿੰਦਾ ਹੈ।ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਨੇ ਕਿਹਾ ਕਿ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨਾ ਸਾਡਾ ਫਰਜ਼ ਹੈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਜੀ ਦੇ ਜੀਵਨ ਅਤੇ ਵਿਚਾਰਾਂ ਤੋਂ ਪ੍ਰੇਰਣਾ ਲੈ ਕੇ ਮਿਹਨਤ, ਅਨੁਸ਼ਾਸਨ, ਨਿਡਰਤਾ ਅਤੇ ਦੇਸ਼ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਸਮਾਗਮ ਦਾ ਸਮਾਪਨ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕੀਤਾ ਗਿਆ।

## ਛੇ ਮਹੀਨਿਆਂ ਤੋਂ ਟਰਾਂਸਪੋਰਟ ਸਹੂਲਤ ਦੀ ਅਦਾਇਗੀ ਅਟਕੀ

**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**-ਪੰਜਾਬ ਸਰਕਾਰ ਵੱਲੋਂ ਸਕੂਲ ਆਫ਼ ਐਮੀਨੈਂਸ ਅਤੇ ਸਰਕਾਰੀ ਕੰਨਿਆ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਘਰਾਂ ਤੋਂ ਸਕੂਲ ਲਿਆਉਣ ਅਤੇ ਛੱਡਣ ਲਈ ਸ਼ੁਰੂ ਕੀਤੀ ਗਈ ਟਰਾਂਸਪੋਰਟ ਸਹੂਲਤ ਦੀ ਸਰਕਾਰੀ ਹਿੱਸੇ ਦੀ ਅਦਾਇਗੀ ਨਾ ਹੋਣ ਕਾਰਨ ਸਕੂਲ ਪ੍ਰਬੰਧਕਾਂ ਨੂੰ ਇਹ ਸਹੂਲਤ ਜਾਰੀ ਰੱਖਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਦੱਸਿਆ ਜਾਂਦਾ ਹੈ ਕਿ ਇਸ ਸਾਲ ਮਾਰਚ, ਅਪਰੈਲ, ਮਈ ਅਤੇ ਜੁਲਾਈ, ਅਗਸਤ ਤੇ ਸਤੰਬਰ ਮਹੀਨਿਆਂ ਦੀ ਅਦਾਇਗੀ ਬਕਾਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸਹੂਲਤ ਤਹਿਤ ਬੱਚੇ ਨੂੰ ਪ੍ਰਤੀ ਮਹੀਨਾ 1200 ਰੁਪਏ ਦੀ ਅਦਾਇਗੀ ਕੀਤੀ ਜਾਂਦੀ ਹੈ, ਜਿਸ ਵਿੱਚੋਂ 960 ਰੁਪਏ ਸਰਕਾਰ ਵੱਲੋਂ ਅਤੇ 240 ਰੁਪਏ ਮਾਪਿਆਂ ਵੱਲੋਂ ਦਿੱਤੇ ਜਾਂਦੇ ਹਨ।ਸਰਕਾਰ ਵੱਲੋਂ ਆਪਣੇ ਹਿੱਸੇ ਦੀ ਕਰੀਬ ਛੇ ਮਹੀਨਿਆਂ ਦੀ ਅਦਾਇਗੀ ਨਾ ਹੋਣ ਕਾਰਨ ਸਕੂਲ ਪ੍ਰਬੰਧਕਾਂ ਲਈ ਬੱਸ ਸੇਵਾ ਦਾ ਖਰਚਾ ਚਲਾਉਣਾ ਮੁਸ਼ਕਲ ਹੋ ਰਿਹਾ ਹੈ।ਸੂਤਰਾਂ ਅਨੁਸਾਰ ਜੇਕਰ ਬਕਾਇਆ ਅਦਾਇਗੀ ਜਲਦੀ ਜਾਰੀ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਬੱਚਿਆਂ ਲਈ ਇਹ ਸਹੂਲਤ ਜਾਰੀ ਰੱਖਣੀ ਅਸੰਭਵ ਹੋ ਜਾਵੇਗੀ।ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸੰਗਰੂਰ ਤਲਵਿੰਦਰ ਕੌਰ ਨੇ ਦੱਸਿਆ ਕਿ ਅਦਾਇਗੀ ਸਬੰਧੀ ਬਿੱਲ ਬਣਾ ਕੇ ਭੇਜੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮਾਰਚ, ਅਪਰੈਲ ਅਤੇ ਮਈ ਮਹੀਨਿਆਂ ਦੀ ਅਦਾਇਗੀ ਇੱਕ-ਦੋ ਦਿਨਾਂ ਵਿੱਚ ਹੋਣ ਦੀ ਸੰਭਾਵਨਾ ਹੈ।

## ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੋਂ ਪ੍ਰੇਰਨਾ ਲੈਣ ਦੀ ਲੋੜ



**ਕੋਟਕਪੂਰਾ (ਰਛਪਾਲ ਭੁੱਲਰ)**-ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਕੋਟਕਪੂਰਾ ਵੱਲੋਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ 119 ਵੇਂ ਜਨਮ ਦਿਨ ਮੌਕੇ ਭਾਈ ਕਿਸ਼ਨ ਸਿੰਘ ਪੀ ਐਮ ਸ੍ਰੀ ਭਾਈ ਕਿਸ਼ਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਧਵਾਂ ਵਿਖੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸੋਸਾਇਟੀ ਦੇ ਆਗੂ ਕੁਲਵੰਤ ਸਿੰਘ ਚਾਨੀ, ਪ੍ਰੇਮ ਚਾਵਲਾ, ਪ੍ਰੋ. ਹਰਬੰਸ ਸਿੰਘ ਪਦਮ, ਸੋਮ ਨਾਥ ਅਰੋੜਾ, ਗੁਰਚਰਨ ਸਿੰਘ ਮਾਨ ਅਤੇ ਸਲਾਹਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਸੋਸਾਇਟੀ ਵੱਲੋਂ ਸਰਕਾਰੀ ਸਕੂਲਾਂ ਦੀ ਬਿਹਤਰੀ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਜਾਣਕਾਰੀ ਸਾਂਝੀ ਕਰਨ ਦੇ ਨਾਲ ਨਾਲ ਸ਼ਹੀਦ ਭਗਤ ਸਿੰਘ ਵੱਲੋਂ ਆਜ਼ਾਦੀ ਸੰਗਰਾਮ ਵਿੱਚ ਪਾਏ ਗਏ ਮਹੱਤਵਪੂਰਨ ਯੋਗਦਾਨ ਨੂੰ ਯਾਦ ਕਰਦੇ ਹੋਏ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਉਹਨਾਂ ਦੇ ਵਿਚਾਰਾਂ ਤੋਂ ਪ੍ਰੇਰਨਾ ਲੈਣ ਦੀ ਲੋੜ 'ਤੇ ਜ਼ੋਰ ਦਿੱਤਾ।ਸਮਾਗਮ ਨੂੰ ਸੰਬੋਧਨ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਰਾਜੇਸ਼ ਕੁਮਾਰ ਸ਼ਰਮਾ ਨੇ ਸਮੂਹ ਹਾਜ਼ਰੀਨ ਦਾ ਸਵਾਗਤ ਕਰਦੇ ਹੋਏ ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਵੱਲੋਂ ਪਿਛਲੇ 10 ਸਾਲਾਂ ਤੋਂ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਦਾ ਨਸ਼ਿਆਂ ਦੀ ਗੁਲਾਮੀ ਤੋਂ ਮੁਕਤੀ ਪ੍ਰਾਪਤ ਕਰਨਾ ਸਮੇਂ ਦੀ ਮੁੱਖ ਲੋੜ ਬਣ ਗਈ ਹੈ।ਸਮਾਗਮ ਦਾ ਮੰਚ ਸੰਚਾਲਨ ਸਕੂਲ ਦੇ ਕੰਪਿਊਟਰ ਅਧਿਆਪਕ ਵਨੀਸ਼ ਮੋਂਗਾ ਵੱਲੋਂ ਬਾਖੂਬੀ ਨਿਭਾਇਆ ਗਿਆ।ਸਕੂਲ ਦੇ ਕਈ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਨਾਲ ਸਬੰਧਤ ਗੀਤ ਪੇਸ਼ ਕੀਤੇ ਗਏ।ਇਸ ਸਮਾਗਮ ਦੀ ਸਫਲਤਾ ਲਈ ਮੈਡਮ ਪਵਨਦੀਪ ਕੌਰ ਅਧਿਆਪਕਾ ਸਰਕਾਰੀ ਹਾਈ ਸਕੂਲ ਸੁਰਗਾਪੁਰੀ ਕੋਟਕਪੂਰਾ ਨੇ ਰਕਮ 6000 ਰੁਪਏ, ਬੇਅੰਤ ਕੌਰ ਸੇਵਾ ਮੁਕਤ ਅਧਿਆਪਕਾ ਸੰਧਵਾਂ ਨੇ ਰਕਮ 11,00 ਰੁਪਏ ਅਤੇ ਸੰਤੋਸ਼ ਕੌਰ ਸ਼ਰਮਾ ਸੇਵਾ ਮੁਕਤ ਅਧਿਆਪਕਾ ਵੱਲੋਂ ਰਕਮ 1100 ਰੁਪਏ ਸੋਸਾਇਟੀ ਨੂੰ ਦਾਨ ਰਾਸ਼ੀ ਵਜੋਂ ਦਿੱਤੀ ਗਈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸੁਸਾਇਟੀ ਦੇ ਮੈਂਬਰ ਮਦਨ ਲਾਲ ਸ਼ਰਮਾ ਸੰਧਵਾਂ, ਵਿਨੋਦ ਕੁਮਾਰ ਧਵਨ ਲੈਕਚਰਾਰ, ਦੀਪਕ ਆਹੂਜਾ ਅਤੇ ਸਕੂਲ ਦੇ ਸਮੂਹ ਸਟਾਫ ਮੈਂਬਰਜ਼ ਹਾਜ਼ਰ ਸਨ।

## ਕਰਿਆਨਾ ਮਰਚੈਂਟਸ ਐਸੋਸੀਏਸ਼ਨ ਵੱਲੋਂ ਸ਼ਿਮਲੇ ਦਾ ਦੌਰਾ



**ਦੋਰਾਹਾ (ਹਰਮਿੰਦਰ ਸੇਠ)**-ਕਰਿਆਨਾ ਮਰਚੈਂਟਸ ਐਸੋਸੀਏਸ਼ਨ ਦੋਰਾਹਾ ਵੱਲੋਂ ਬੀਤੇ ਦਿਨੀਂ ਐਸੋਸੀਏਸ਼ਨ ਦੇ ਮੈਂਬਰਾਂ ਤੇ ਵੱਖ-ਵੱਖ ਕਰਿਆਨਾ ਵਪਾਰੀਆਂ ਲਈ ਇੱਕ ਰੋਜ਼ਾ ਸ਼ਿਮਲਾ ਦੌਰਾ ਆਯੋਜਿਤ ਕੀਤਾ ਗਿਆ।ਸ਼ਿਮਲਾ ਪਹੁੰਚਣ ਉਪਰੰਤ ਸਭ ਤੋਂ ਪਹਿਲਾਂ ਸਮੂਹ ਮੈਂਬਰਾਂ ਨੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਤੋਂ ਬਾਅਦ ਮੈਂਬਰਾਂ ਨੇ ਸ਼ਿਮਲਾ ਦੇ ਪ੍ਰਮੁੱਖ ਧਾਰਮਿਕ ਤੇ ਸੈਰ-ਸਪਾਟਾ ਸਥਾਨਾਂ ਦਾ ਦੌਰਾ ਕੀਤਾ।ਇਸ ਦੌਰਾਨ ਜਾਖੂ ਮੰਦਰ, ਮਾਲ ਰੋਡ, ਦਿ ਰਿਜ, ਕ੍ਰਾਈਸਟ ਚਰਚ, ਸਕੈਂਡਲ ਪੁਆਇੰਟ ਤੇ ਲੱਕੜ ਬਾਜ਼ਾਰ ਸਮੇਤ ਵੱਖ-ਵੱਖ ਸਥਾਨਾਂ ਦੀ ਸੈਰ ਕਰਦਿਆਂ ਪਹਾੜੀ ਸ਼ਹਿਰ ਦੀ ਖ਼ੂਬਸੂਰਤੀ ਦਾ ਆਨੰਦ ਮਾਣਿਆ।ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ, ਕੈਸ਼ੀਅਰ ਸੁਰੇਸ਼ ਆਨੰਦ, ਗੁਰਕਿਰਪਾਲ ਸਿੰਘ ਜੱਗੀ, ਪੁਨੀਤ ਗੋਇਲ, ਹਰਪਾਲ ਸਿੰਘ, ਅਮਿਤ ਗੋਇਲ, ਮਨੋਜ ਬਾਂਸਲ, ਮੰਨੂ ਬਿੰਨੀ ਮਹਿਤਾ ਤੇ ਰਮਨ ਮਹਿਤਾ ਤੋਂ ਇਲਾਵਾ ਵੱਖ-ਵੱਖ ਕਰਿਆਨਾ ਵਪਾਰੀ ਤੇ ਐਸੋਸੀਏਸ਼ਨ ਦੇ ਮੈਂਬਰ ਹਾਜ਼ਰ ਸਨ।ਯਾਤਰਾ ਦੌਰਾਨ ਮੈਂਬਰਾਂ ਨੇ ਰੋਜ਼ਾਨਾ ਦੇ ਕਾਰੋਬਾਰੀ ਰੁਝੇਵਿਆਂ ਤੋਂ ਕੁਝ ਸਮਾਂ ਕੱਢ ਕੇ ਇਕੱਠੇ ਸਮਾਂ ਬਿਤਾਇਆ ਤੇ ਆਪਸੀ ਭਾਈਚਾਰੇ, ਸਾਂਝ ਤੇ ਮਿਲਵਰਤਣ ਨੂੰ ਹੋਰ ਮਜ਼ਬੂਤ ਕੀਤਾ।ਮੈਂਬਰਾਂ ਨੇ ਇਸ ਦੌਰੇ ਨੂੰ ਯਾਦਗਾਰ ਤੇ ਖੁਸ਼ਗਵਾਰ ਦੱਸਿਆ।

## 'ਨਸ਼ਾ ਮੁਕਤੀ ਯਾਤਰਾ' ਦਾ ਸਮਾਣਾ ਪਹੁੰਚਣ 'ਤੇ ਨਿੱਘਾ ਸਵਾਗਤ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਕੱਢੀ ਜਾ ਰਹੀ ਨਸ਼ਾ ਮੁਕਤੀ ਯਾਤਰਾ ਸ਼ਨੀਵਾਰ ਸ਼ਾਮ ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਬ੍ਰਿਜੇਸ਼ ਪਾਠਕ ਦੀ ਅਗਵਾਈ ਹੇਠ ਸਮਾਣਾ ਪਹੁੰਚੀ, ਜਿਸ ਦਾ ਜ਼ਿਲ੍ਹਾ ਪ੍ਰਧਾਨ ਹਰਮੇਸ਼ ਕੁਮਾਰ ਗੋਇਲ ਦੀ ਅਗਵਾਈ ਹੇਠ ਬੀ ਜੇ ਪੀ ਆਗੂਆਂ ਤੇ ਵਰਕਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਸਮਾਣਾ ਤੋਂ ਭਾਜਪਾ ਦੇ ਹਲਕਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਜ਼ਿਲ੍ਹਾ ਪ੍ਰਧਾਨ ਦੱਖਣੀ ਪਟਿਆਲਾ ਹਰਮੇਸ਼ ਗੋਇਲ ਡਕਾਲਾ, ਸਾਬਕਾ ਮੰਡਲ ਪ੍ਰਧਾਨ ਜਤਿੰਦਰ ਸ਼ਰਮਾ, ਸੀਨੀਅਰ ਆਗੂ ਪ੍ਰਿੰਸੀਪਲ ਮੋਹਨ ਲਾਲ ਸ਼ਰਮਾ, ਨੀਰਜ ਜਿੰਦਲ, ਵਿਨੋਦ ਸਿੰਗਲਾ, ਸੋਸ਼ਲ ਮੀਡੀਆ ਇੰਚਾਰਜ ਸੰਜੀਵ ਗਰਗ, ਨਲੀਨੀ ਚੌਧਰੀ, ਸਿਕੰਦਰਵੀਰ ਜਿੰਦਲ ਤੇ ਵੱਡੀ ਗਿਣਤੀ ਵਿੱਚ ਹਾਜ਼ਰ ਵਰਕਰਾਂ ਵੱਲੋਂ ਯਾਤਰਾ ਦਾ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਤੇ ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਇਸ ਮੌਕੇ ਸੰਬੋਧਨ ਕਰਦਿਆਂ ਸੀਨੀਅਰ ਆਗੂ ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਰੇ ਵਰਕਰਾਂ ਨੂੰ ਇੱਕਜੁੱਟ ਹੋ ਕੇ ਇਸ ਨਸ਼ਾ ਵਿਰੋਧੀ ਮੁਹਿੰਮ ਨੂੰ ਸਫਲ ਬਣਾਉਣਾ ਚਾਹੀਦਾ ਹੈ।ਇਸ ਮੌਕੇ ਪਟਿਆਲਾ ਸ਼ਹਿਰੀ ਪ੍ਰਧਾਨ ਪ੍ਰਦੀਪ ਗਰਗ, ਵਿਕਸਿਤ ਭਾਰਤ ਜੀ ਰਾਮ ਜੀ ਸੈੱਲ ਦੇ ਕੋ ਕਨਵੀਨਰ ਚਮਕੀਲਾ ਸਿੰਘ, ਦਿਨੇਸ਼ ਕੁਮਾਰ (ਰੋਡਾ ਜੈਨ), ਭੁਜਿੰਦਰ ਸ਼ਰਮਾ, ਗੁਰਪ੍ਰੀਤ ਸਿੰਘ ਮਾਜਰੀ ਸਮੇਤ ਹੋਰ ਆਗੂ ਹਾਜ਼ਰ ਸਨ।ਬਾਅਦ ਵਿੱਚ ਇਹ ਯਾਤਰਾ ਸਮਾਣਾ ਸ਼ਹਿਰ ਤੋਂ ਅਗਲੇ ਪੜਾਅ ਵੱਲ ਰਵਾਨਾ ਹੋ ਗਈ।

## ਸ਼ਹਿਰ 'ਚ ਨਜਾਇਜ਼ ਕਬਜ਼ੇ ਬਰਦਾਸ਼ਤ ਨਹੀਂ : ਈ ਓ

### ਨਕਸ਼ਾ ਪਾਸ ਕਰਵਾਏ ਬਿਨਾਂ ਉਸਾਰੀ ਕਰਨ 'ਤੇ ਹੋਵੇਗੀ ਕਾਰਵਾਈ



**ਸਮਾਣਾ (ਇਕਬਾਲ ਸਿੰਘ ਬੱਲ)**-ਸਮਾਣਾ ਸ਼ਹਿਰ ਅੰਦਰ ਨਾਜਾਇਜ਼ ਕਬਜ਼ਿਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਨਗਰ ਕੌਂਸਲ ਵੱਲੋਂ ਨਾਜਾਇਜ਼ ਕਬਜ਼ਿਆਂ ਖ਼ਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਹ ਗੱਲ ਕਾਰਜ ਸਾਧਕ ਅਫਸਰ ਅਪਰਅਪਾਰ ਸਿੰਘ ਨੇ ਇੱਕ ਪ੍ਰੈੱਸ ਮਿਲਣੀ ਦੌਰਾਨ ਕਹੀ।ਕਾਰਜ ਸਾਧਕ ਅਫਸਰ ਨੇ ਸਪੱਸ਼ਟ ਕੀਤਾ ਕਿ ਨਾਜਾਇਜ਼ ਕਬਜ਼ਾ ਕਰਨ ਵਾਲਾ ਵਿਅਕਤੀ ਭਾਵੇਂ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਸਬੰਧ ਰੱਖਦਾ ਹੋਵੇ, ਨਗਰ ਕੌਂਸਲ ਵੱਲੋਂ ਕਿਸੇ ਨਾਲ ਕੋਈ ਪੱਖਪਾਤ ਨਹੀਂ ਕੀਤਾ ਜਾਵੇਗਾ।ਜੇਕਰ ਕਿਸੇ ਦੁਕਾਨ ਜਾਂ ਮਕਾਨ ਦੇ ਅੱਗੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਨਗਰ ਕੌਂਸਲ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਨਿਯਮਾਂ ਅਨੁਸਾਰ ਕਾਰਵਾਈ ਕਰਦਿਆਂ ਨਾਜਾਇਜ਼ ਕਬਜ਼ਾ ਹਟਾਇਆ ਜਾਵੇਗਾ ਤੇ ਲੋੜ ਪੈਣ 'ਤੇ ਬਲਡੋਜ਼ਰ ਦੀ ਮਦਦ ਵੀ ਲਈ ਜਾਵੇਗੀ।ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀ ਆਪਣੀਆਂ ਦੁਕਾਨਾਂ, ਮਕਾਨਾਂ ਜਾਂ ਹੋਰ ਇਮਾਰਤਾਂ ਦੀ ਨਵੀਂ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ ਨਗਰ ਕੌਂਸਲ ਤੋਂ ਨਕਸ਼ਾ ਜ਼ਰੂਰ ਪਾਸ ਕਰਵਾਉਣ।ਬਿਨਾਂ ਨਕਸ਼ਾ ਪਾਸ ਕਰਵਾਏ ਇਮਾਰਤ ਦੀ ਉਸਾਰੀ ਕਰਨ ਵਾਲੇ ਮਾਲਕ ਖ਼ਿਲਾਫ਼ ਪੰਜਾਬ ਮਿਉਂਸੀਪਲ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਨੋਟਿਸ ਜਾਰੀ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਕਾਰਜ ਸਾਧਕ ਅਫਸਰ ਨੇ ਨਾਜਾਇਜ਼ ਕਬਜ਼ਾਧਾਰੀਆਂ ਨੂੰ ਵੀ ਚਿਤਾਵਨੀ ਦਿੱਤੀ ਕਿ ਉਹ ਨਾਜਾਇਜ਼ ਕਬਜ਼ੇ ਕਰਨ ਤੋਂ ਬਾਜ਼ ਆਉਣ।

ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਜਨਤਕ ਥਾਵਾਂ, ਸੜਕਾਂ ਤੇ ਰਸਤਿਆਂ ਨੂੰ ਕਬਜ਼ਿਆਂ ਤੋਂ ਮੁਕਤ ਰੱਖਣ ਲਈ ਨਗਰ ਕੌਂਸਲ ਵੱਲੋਂ ਨਿਯਮਾਂ ਅਨੁਸਾਰ ਲਗਾਤਾਰ ਕਾਰਵਾਈ ਕੀਤੀ ਜਾਵੇਗੀ।ਨਾਜਾਇਜ਼ ਕਬਜ਼ਾ ਪਾਏ ਜਾਣ 'ਤੇ ਉਸ ਨੂੰ ਹਟਾਉਣ ਲਈ ਸਖ਼ਤ ਕਦਮ ਚੁੱਕੇ ਜਾਣਗੇ।

## ਬਰਸਟ ਵੱਲੋਂ ਢੈਂਠਲ 'ਚ ਸੜਕੀ ਪ੍ਰੋਜੈਕਟਾਂ ਦਾ ਉਦਘਾਟਨ

**ਸਮਾਣਾ (ਗੁਰਪਿਆਰ ਸਿੰਘ ਬੱਲ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸ੍ਰ. ਹਰਚੰਦ ਸਿੰਘ ਬਰਸਟ ਵੱਲੋਂ ਹਲਕਾ ਸਮਾਣਾ ਦੇ ਪਿੰਡ ਢੈਂਠਲ ਵਿਖੇ ਕਰੀਬ 1.63 ਕਰੋੜ ਰੁਪਏ ਦੀ ਲਾਗਤ ਦੇ ਸੜਕੀ ਵਿਕਾਸ ਪ੍ਰੋਜੈਕਟ ਦਾ ਰਿਬਨ ਕੱਟ ਕੇ ਰਸਮੀ ਤੌਰ 'ਤੇ ਉਦਘਾਟਨ ਕੀਤਾ ਗਿਆ।ਇਸ ਪ੍ਰੋਜੈਕਟ ਦੇ ਸ਼ੁਰੂ ਹੋਣ ਨਾਲ ਸਮੂਹ ਇਲਾਕਾ ਨਿਵਾਸੀਆਂ ਦੀਆਂ ਮੰਗਾਂ ਪੂਰੀਆਂ ਹੋਈਆਂ ਹਨ, ਜਿਸ ਕਾਰਨ ਪੂਰੇ ਖੇਤਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।ਇਸ ਮੌਕੇ ਹਾਜ਼ਰ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਪੇਂਡੂ ਖੇਤਰਾਂ ਨੂੰ ਸ਼ਹਿਰਾਂ ਵਰਗੀਆਂ ਆਧੁਨਿਕ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।ਉਨ੍ਹਾਂ ਦੱਸਿਆ ਕਿ ਮੰਡੀ ਬੋਰਡ ਵੱਲੋਂ ਪੇਂਡੂ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਨੂੰ ਆਉਣ-ਜਾਣ ਵਿੱਚ ਕੋਈ ਦਿੱਕਤ ਨਾ ਆਵੇ।ਸਮਾਗਮ ਦੇ ਦੌਰਾਨ, ਪਿੰਡ ਢੈਂਠਲ ਤੇ ਆਸ-ਪਾਸ ਦੇ ਪਿੰਡਾਂ ਤੋਂ ਆਏ ਸਮੂਹ ਨਗਰ ਨਿਵਾਸੀਆਂ, ਪੰਚਾਂ-ਸਰਪੰਚਾਂ ਤੇ ਮੋਹਤਬਰ ਵਿਅਕਤੀਆਂ ਵੱਲੋਂ ਇਨ੍ਹਾਂ ਸੜਕਾਂ ਦੀ ਉਸਾਰੀ ਦੇ ਕੰਮ ਦੀ ਸ਼ੁਰੂਆਤ ਕਰਵਾਉਣ ਲਈ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।



## ਟਕਸਾਲੀ ਆਗੂਆਂ ਵੱਲੋਂ ਸਚਿਨ ਪਾਇਲਟ ਨੂੰ ਪੰਜਾਬ ਕਾਂਗਰਸ ਦਾ ਇੰਚਾਰਜ ਲਾਉਣ ਦਾ ਸਵਾਗਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਸੀਨੀਅਰ ਟਕਸਾਲੀ ਕਾਂਗਰਸੀ ਆਗੂਆਂ ਦੀ ਇੱਕ ਅਹਿਮ ਮੀਟਿੰਗ ਰਵਿਦਾਸੀਆ ਪੱਤੀ ਧਰਮਸ਼ਾਲਾ, ਮਹਿਲ ਕਲਾਂ ਸੋਢੇ ਵਿਖੇ ਬਲਾਕ ਕਾਂਗਰਸ ਦੇ ਸਾਬਕਾ ਪ੍ਰਧਾਨ ਜਗਰੂਪ ਸਿੰਘ ਕਲਾਲ ਮਾਜਰਾ ਤੇ ਤੇਜਪਾਲ ਸੱਦੋਵਾਲ ਦੀ ਅਗਵਾਈ ਹੇਠ ਹੋਈ।ਮੀਟਿੰਗ ਦੌਰਾਨ ਪਾਰਟੀ ਦੀ ਮਜ਼ਬੂਤੀ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਸਰਬਸੰਮਤੀ ਨਾਲ ਮਤਾ ਪਾਸ ਕਰਦਿਆਂ ਕਾਂਗਰਸ ਹਾਈਕਮਾਂਡ ਵੱਲੋਂ ਸ੍ਰੀ ਸਚਿਨ ਪਾਇਲਟ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਇੰਚਾਰਜ ਨਿਯੁਕਤ ਕਰਨ ਦੇ ਫ਼ੈਸਲੇ ਦਾ ਸਵਾਗਤ ਕੀਤਾ ਗਿਆ ਤੇ ਹਾਈਕਮਾਂਡ ਦਾ ਧੰਨਵਾਦ ਕੀਤਾ ਗਿਆ।ਆਗੂਆਂ ਨੇ ਕਿਹਾ ਕਿ ਸਚਿਨ ਪਾਇਲਟ ਦੇ ਤਜਰਬੇ ਤੇ ਅਗਵਾਈ ਸਦਕਾ ਪੰਜਾਬ ਵਿੱਚ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ ਤੇ ਪਾਰਟੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੱਡੇ ਫ਼ਰਕ ਨਾਲ ਜਿੱਤ ਹਾਸਲ ਕਰੇਗੀ।ਮੀਟਿੰਗ ਦੌਰਾਨ ਹਲਕਾ ਮਹਿਲ ਕਲਾਂ ਦੇ ਸਮੂਹ ਸੀਨੀਅਰ ਟਕਸਾਲੀ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਸੀ ਗਿਲੇ-ਸ਼ਿਕਵੇ ਭੁਲਾ ਕੇ ਪਾਰਟੀ ਦੀ ਮਜ਼ਬੂਤੀ ਲਈ ਇੱਕਜੁੱਟ ਹੋ ਕੇ ਕੰਮ ਕਰਨ। ਆਗੂਆਂ ਨੇ ਕਿਹਾ ਕਿ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਲਈ ਸਾਰਿਆਂ ਨੂੰ ਮਿਲ ਕੇ ਜਥੇਬੰਦਕ ਤੌਰ 'ਤੇ ਸਰਗਰਮ ਭੂਮਿਕਾ ਨਿਭਾਉਣ ਦੀ ਲੋੜ ਹੈ।ਇਸ ਮੌਕੇ ਵੱਡੀ ਗਿਣਤੀ 'ਚ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

## ਸ਼ਹਿਬਾਜ ਸੰਧੂ ਬਾਸਕਿਟਬਾਲ 'ਚ ਸੋਨ ਤਮਗਾ ਜਿੱਤ ਕੇ ਬਣਿਆ ਸਟੇਟ ਚੈਂਪੀਅਨ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਜ਼ੋਨ ਤੇ ਜ਼ਿਲ੍ਹੇ ਵਿੱਚੋਂ ਦਸਮੇਸ਼ ਸਕੂਲ ਨੇ ਸਭ ਤੋਂ ਵੱਧ ਤਮਗੇ ਜਿੱਤ ਕੇ ਜ਼ਿਲ੍ਹੇ ਵਿੱਚ ਪਹਿਲੇ ਨੰਬਰ 'ਤੇ ਰਹਿੰਦਿਆਂ ਹੁਣ ਸਟੇਟ ਪੱਧਰ 'ਤੇ ਵੀ ਮਾਨਸਾ ਜ਼ਿਲ੍ਹੇ ਲਈ ਪਹਿਲਾ ਸੋਨ ਤਮਗਾ ਜਿੱਤਣ ਦਾ ਮਾਣ ਹਾਸਲ ਹੋਇਆ ਹੈ। ਦਸਮੇਸ਼ ਇੰਟਰਨੈਸ਼ਨਲ ਸਕੂਲ ਸਰਦੂਲਗੜ੍ਹ ਦੇ ਅੱਠਵੀਂ ਕਲਾਸ ਦੇ ਹੋਣਹਾਰ ਖਿਡਾਰੀ ਸ: ਸੁਖਦੇਵ ਸਿੰਘ ਸੁੱਖਾ ਨੰਬਰਦਾਰ ਦੇ ਪੋਤੇ ਸਹਿਬਾਜ ਸਿੰਘ ਸੰਧੂ ਨੇ ਮਾਨਸਾ ਜ਼ਿਲ੍ਹੇ ਦੀ ਭੈਣੀ ਬਾਘਾ ਟੀਮ ਨਾਲ ਹੁਸ਼ਿਆਰਪੁਰ ਵਿਖੇ ਹੋਈ ਪੰਜਾਬ ਸਟੇਟ ਅੰਡਰ-14 ਬਸਕਿਟਬਾਲ ਸਕੂਲੀ ਖੇਡਾਂ ਵਿੱਚ ਭਾਗ ਲੈਂਦਿਆਂ ਮਾਨਸਾ ਜ਼ਿਲ੍ਹੇ ਲਈ ਪਹਿਲਾ ਸੋਨ ਤਮਗਾ ਜਿੱਤ ਕੇ ਮਾਨਸਾ ਜ਼ਿਲ੍ਹੇ ਨੂੰ ਸਟੇਟ ਚੈਂਪੀਅਨ ਬਣਾਉਣ ਵਿੱਚ ਯੋਗਦਾਨ ਪਾਇਆ। ਸਹਿਬਾਜ ਸੰਧੂ ਦਾ ਸਕੂਲ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਸਕੂਲ ਸਟਾਫ, ਗੁਰਪ੍ਰੀਤ ਸਿੰਘ ਸੰਧੂ ਤੇ ਨਿਰਮਲ ਸਿੰਘ ਨੰਬਰਦਾਰ ਵੀ ਸ਼ਾਮਲ ਹੋਏ। ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਤੇ ਦਿਲਮੋਹਿਤ ਸਿੰਘ ਸੰਧੂ ਨੇ ਵਧਾਈਆਂ ਦਿੰਦਿਆਂ ਦੱਸਿਆ ਕਿ ਸਕੂਲ ਸਮਾਗਮ 'ਤੇ ਸਹਿਬਾਜ ਨੂੰ ਸਨਮਾਨਤ ਕੀਤਾ ਜਾਵੇਗਾ।

## ਭਰਾਜ ਨੇ ਦੋ ਸੜਕਾਂ ਦੇ ਨਵੀਨੀਕਰਨ ਦੇ ਰੱਖੇ ਨੀਂਹ ਪੱਥਰ



**ਭਵਾਨੀਗੜ੍ਹ (ਰਾਜ ਖੁਰਮੀ)**-ਹਲਕਾ ਸੰਗਰੂਰ ਦੇ ਪੇਂਡੂ ਖੇਤਰਾਂ ਵਿੱਚ ਸੜਕੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਅੱਜ ਉਸ ਸਮੇਂ ਅਹਿਮ ਕਦਮ ਚੁੱਕਿਆ ਗਿਆ, ਜਦੋਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕੁੱਲ 238.88 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਦੋ ਸੜਕਾਂ ਦੇ ਨੀਂਹ ਪੱਥਰ ਰੱਖੇ।ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਆਵਾਜਾਈ ਦੀ ਬਿਹਤਰ ਤੇ ਸੁਖਾਲੀ ਸਹੂਲਤ ਮਿਲਣ ਦੀ ਉਮੀਦ ਹੈ।ਇਸ ਮੌਕੇ ਜਾਣਕਾਰੀ ਦਿੰਦਿਆਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਦੱਸਿਆ ਕਿ ਬਿੰਬੜੀ ਤੋਂ ਬੂਹੀ-ਅੜਕਵਾਸ ਨਹਿਰ ਦੇ ਨਾਲ 4.50 ਕਿਲੋਮੀਟਰ ਲੰਬੀ ਸੜਕ ਦਾ ਨਿਰਮਾਣ 214.99 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾਵੇਗਾ।ਇਸੇ ਤਰ੍ਹਾਂ ਮਾਝੀ-ਫੁੰਮਣਵਾਲ ਰੋਡ ਤੋਂ ਡੇਰਾ ਬਾਬਾ ਗੁਜਰਾਂ ਵਾਲਾ ਤੱਕ 0.50 ਕਿਲੋਮੀਟਰ ਲੰਬੀ ਸੜਕ 23.89 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗੀ।ਇਸ ਮੌਕੇ ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦੋਵਾਂ ਸੜਕਾਂ ਦਾ ਨਿਰਮਾਣ ਨਿਰਧਾਰਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ ਤੇ ਕੰਮ ਵਿੱਚ ਉੱਚ ਗੁਣਵੱਤਾ ਵਾਲੀ ਸਮੱਗਰੀ ਦੀ ਵਰਤੋਂ ਯਕੀਨੀ ਬਣਾਈ ਜਾਵੇ।ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੀ ਗੁਣਵੱਤਾ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਡੀਜ਼ਲ ਸ਼ੈੱਡ ਲੁਧਿਆਣਾ ਦੀ 'ਕਬਾੜ ਤੋਂ ਜੁਗਾੜ' ਨਿਵੇਕਲੀ ਪਹਿਲਕਦਮੀ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਵੱਛਤਾ ਹੀ ਸੇਵਾ 2026 ਮੁਹਿੰਮ ਦੇ ਅੰਤਰਗਤ, ਡੀਜ਼ਲ ਸ਼ੈੱਡ ਲੁਧਿਆਣਾ ਵੱਲੋਂ 'ਕਬਾੜ ਤੋਂ ਜੁਗਾੜ' ਦੀ ਨਵੇਕਲੀ ਪਹਿਲਕਦਮੀ ਤਹਿਤ ਡੀਜ਼ਲ ਸ਼ੈੱਡ ਲੁਧਿਆਣਾ ਦੇ ਤਕਨੀਕੀ ਮਾਹਰ ਤੇ ਆਈ.ਐੱਸ.ਓ. ਪ੍ਰਮਾਣਿਤ ਵੈਲਡਰਾਂ ਦੁਆਰਾ ਬੇਕਾਰ ਤੇ ਕਬਾੜ ਸਮੱਗਰੀ ਦੀ ਰਚਨਾਤਮਕ ਮੁੜ-ਵਰਤੋਂ ਕਰਦੇ ਹੋਏ ਵੱਖ-ਵੱਖ ਆਕਰਸ਼ਕ ਤੇ ਸੰਦੇਸ਼ਪੂਰਨ ਕਲਾਕ੍ਰਿਤੀਆਂ ਤਿਆਰ ਕੀਤੀਆਂ ਗਈਆਂ। ਇਨ੍ਹਾਂ ਵਿੱਚ 'ਭਾਰਤ ਦਾ ਸਿਪਾਹੀ', 'ਸਮੇਂ ਦੀ ਕੀਮਤ', 'ਜੁਗਾੜ ਗਨ' ਤੇ 'ਜੁਗਾੜ ਤੋਪ' ਮੁੱਖ ਹਨ। ਇਨ੍ਹਾਂ ਕਲਾਕ੍ਰਿਤੀਆਂ ਦੇ ਮਾਧਿਅਮ ਨਾਲ ਕਬਾੜ ਨੂੰ ਉਪਯੋਗੀ ਤੇ ਆਕਰਸ਼ਕ ਰੂਪ ਦੇਣ ਦੇ ਨਾਲ-ਨਾਲ ਰੀਸਾਈਕਲਿੰਗ (ਮੁੜ-ਚੱਕਰਨ), ਵਾਤਾਵਰਣ ਸੰਭਾਲ ਤੇ ਸਾਧਨਾਂ ਦੀ ਬਿਹਤਰ ਵਰਤੋਂ ਦਾ ਸੰਦੇਸ਼ ਦਿੱਤਾ ਗਿਆ। ਇਨ੍ਹਾਂ ਕਲਾਕ੍ਰਿਤੀਆਂ ਨੂੰ ਆਪ੍ਰੇਸ਼ਨ ਸੰਦੂਰ ਦੌਰਾਨ ਰਾਸ਼ਟਰ ਨੂੰ ਸਮਰਪਿਤ ਆਦਰਸ਼ ਪਾਰਕ ਵਿੱਚ ਪ੍ਰਦਰਸ਼ਿਤ ਕੀਤਾ ਗਿਆ। ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਨੇ ਡੀਜ਼ਲ ਸ਼ੈੱਡ ਲੁਧਿਆਣਾ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਰਮਚਾਰੀਆਂ ਦੀ ਰਚਨਾਤਮਕਤਾ ਤੇ ਟੀਮ ਭਾਵਨਾ ਦੀ ਪ੍ਰਸ਼ੰਸਾ ਕੀਤੀ।

## ਦੁੱਧ ਦੀਆਂ ਕੀਮਤਾਂ 'ਚ ਵਾਧੇ ਦਾ ਵਿਰੋਧ, ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ

**ਮਾਲੇਰਕੋਟਲਾ (ਅਸਗਰ ਪਰਿਹਾਰ)**

ਮਾਲੇਰਕੋਟਲਾ ਸ਼ਹਿਰ ਵਿੱਚ ਦੁੱਧ ਦੀਆਂ ਕੀਮਤਾਂ ਵਿੱਚ ਵਾਧਾ ਕਰਨ ਦੇ ਐਲਾਨ ਤੋਂ ਬਾਅਦ ਆਮ ਲੋਕਾਂ ਤੇ ਸਮਾਜ ਸੇਵੀ ਜਥੇਬੰਦੀਆਂ ਵਿੱਚ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸ਼ਹਿਰ ਦੀ ਇੱਕ ਜਥੇਬੰਦੀ ਵੱਲੋਂ ਆਉਂਦੀ 1 ਅਕਤੂਬਰ 2026 ਤੋਂ ਦੁੱਧ ਦੀਆਂ ਕੀਮਤਾਂ ਵਿੱਚ 5 ਰੁਪਏ ਪ੍ਰਤੀ ਲੀਟਰ ਦਾ ਵਾਧਾ ਕਰਨ ਦਾ ਇੱਕਤਰਫ਼ਾ ਐਲਾਨ ਕੀਤਾ ਗਿਆ ਹੈ, ਜਿਸ ਨੂੰ ਸ਼ਹਿਰ ਵਾਸੀਆਂ ਵੱਲੋਂ ਗ਼ੈਰ-ਵਾਜਬ ਕਰਾਰ ਦਿੱਤਾ ਜਾ ਰਿਹਾ ਹੈ।ਇਸ ਮਨਮਰਜ਼ੀ ਦੇ ਫ਼ੈਸਲੇ ਦੇ ਖ਼ਿਲਾਫ਼ ਮਾਲੇਰਕੋਟਲਾ ਦੇ ਜਾਗਰੂਕ ਨਾਗਰਿਕਾਂ, ਸਮਾਜ ਸੇਵੀਆਂ ਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਤੌਰ 'ਤੇ ਮੋਰਚਾ ਖੋਲ੍ਹ ਦਿੱਤਾ ਹੈ।ਆਗੂਆਂ ਦਾ ਕਹਿਣਾ ਹੈ ਕਿ ਬਿਨਾਂ ਕਿਸੇ ਠੋਸ ਕਾਰਨ ਤੇ ਪ੍ਰਸ਼ਾਸਨਿਕ ਮਨਜ਼ੂਰੀ ਤੋਂ ਕੀਮਤਾਂ ਵਧਾ ਕੇ ਆਮ ਜਨਤਾ 'ਤੇ ਵਾਧੂ ਆਰਥਿਕ ਬੋਝ ਪਾਇਆ ਜਾ ਰਿਹਾ ਹੈ, ਜੋ ਕਿ ਬਰਦਾਸ਼ਤਯੋਗ ਨਹੀਂ ਹੈ।ਇਸ ਗ਼ੈਰ-ਵਾਜਬ ਐਲਾਨ ਖ਼ਿਲਾਫ਼ ਬਣਦੀ ਕਾਨੂੰਨੀ ਤੇ ਪ੍ਰਸ਼ਾਸਨਕ ਕਾਰਵਾਈ ਕਰਵਾਉਣ ਲਈ ਮਾਲੇਰਕੋਟਲਾ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਇਕਜੁੱਟ ਹੋ ਕੇ ਸੋਮਵਾਰ ਸਥਾਨਕ ਐੱਸ.ਡੀ.ਐੱਮ. ਮਾਲੇਰਕੋਟਲਾ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ।

## ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਮਾਨਸਾ/ਜ਼ੀਰਾ (ਆਤਮਾ ਸਿੰਘ ਪਮਾਰ/ਨਰਿੰਦਰ ਅਨੇਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ, ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ, ਸਰਪ੍ਰਸਤ ਸੁਰਜੀਤ ਸਿੰਘ, ਕੈਸ਼ੀਅਰ ਰਾਕੇਸ਼ ਕੁਮਾਰ ਮਹਿਤਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਐਸੋਸੀਏਸ਼ਨ ਦੀ ਪਿਰਤ ਅਨੁਸਾਰ ਇਸ ਵਾਰ ਵੀ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮੁੱਚੇ ਪੰਜਾਬ 'ਚ ਜੋਸ਼ ਖਰੋਸ਼ ਨਾਲ ਮਨਾਇਆ ਗਿਆ।

ਇਸ ਮੌਕੇ ਐਸੋਸੀਏਸ਼ਨ ਨੇ ਫੈਸਲਾ ਕੀਤਾ ਕਿ 'ਸਾਡਾ ਮਿਸ਼ਨ-ਸਾਡਾ ਰੋਜ਼ਗਾਰ-ਸਾਡਾ ਅਧਿਕਾਰ' ਦੇ ਸਲੋਗਨ ਹੇਠ ਇਹ ਦਿਹਾੜਾ ਪੂਰਾ ਮਹੀਨਾ ਮਨਾਇਆ ਜਾਂਦਾ ਰਹੇਗਾ।ਇਸ ਦੌਰਾਨ ਜ਼ਿਲ੍ਹਾ ਤੇ ਬਲਾਕ ਪੱਧਰੀ ਸਿਖਲਾਈ ਮੀਟਿੰਗਾਂ, ਜਥੇਬੰਦਕ ਕਨਵੈਨਸ਼ਨਾਂ, ਨਸ਼ਿਆਂ, ਭਰੂਣ ਹੱਤਿਆ, ਅੰਧਵਿਸ਼ਵਾਸ ਰਹਿਤ ਸਾਫ-ਸੁਥਰੇ ਤੇ ਨਿਰੋਏ ਸਮਾਜ ਦੀ ਸਿਰਜਣਾ ਲਈ ਸਾਂਝੇ ਉਪਰਾਲੇ ਕੀਤੇ ਜਾਣਗੇ।ਆਗੂਆਂ ਨੇ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਟ੍ਰੇਨਿੰਗ ਸਬੰਧੀ ਕੀਤੇ ਜਾ ਰਹੇ ਯਤਨ ਕੁਝ ਢਿੱਲੇ ਜਾਪਦੇ ਹਨ, ਕਿਉਂਕਿ ਜ਼ਿਆਦਾਤਰ ਜ਼ਿਲ੍ਹਾ ਸਿਵਲ ਸਰਜਨਾਂ ਵੱਲੋਂ ਸਬੰਧਤ ਦਸਤਾਵੇਜ਼ ਭੇਜਣ ਵਿੱਚ ਦੇਰੀ ਕਾਰਨ ਟ੍ਰੇਨਿੰਗ ਸ਼ੁਰੂ ਕਰਨ ਵਿੱਚ ਵੀ ਦੇਰੀ ਹੋ ਰਹੀ ਹੈ।ਸੋ ਸੂਬਾ, ਜ਼ਿਲ੍ਹਾ ਤੇ ਬਲਾਕ ਆਗੂਆਂ ਨੂੰ ਇਸ ਵੱਲ ਫੌਰੀ ਧਿਆਨ ਦਿੰਦਿਆਂ ਸਬੰਧਤ ਅਧਿਕਾਰੀਆਂ ਨੂੰ ਮਿਲ ਕੇ ਦਸਤਾਵੇਜ਼ ਫੌਰੀ ਤੌਰ 'ਤੇ ਜਮ੍ਹਾਂ ਕਰਵਾਉਣ ਲਈ ਸੁਹਿਰਦ ਯਤਨ ਕਰਨ ਤੇ ਟ੍ਰੇਨਿੰਗ ਜਲਦੀ ਸ਼ੁਰੂ ਕਰਵਾਉਣ ਲਈ ਹੋਰ ਸੁਹਿਰਦ ਉਪਰਾਲਿਆਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।ਅੱਜ ਜਦੋਂ ਸਾਮਰਾਜੀ ਤਾਕਤਾਂ ਆਪਣੀ ਚੌਧਰ ਕਾਇਮ ਰੱਖਣ ਲਈ ਗਰੀਬ ਤੇ ਵਿਕਾਸਸ਼ੀਲ ਦੇਸ਼ਾਂ ਨੂੰ ਬੇਲੋੜੀ ਜੰਗ ਦੇ ਮੂੰਹ ਵੱਲ ਧੱਕ ਰਹੀਆਂ ਹਨ, ਤਾਂ ਇਸ ਸਮੇਂ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਨੂੰ ਲੋਕਾਂ ਤੱਕ ਪਹੁੰਚਾਉਣਾ ਸਮੇਂ ਦੀ ਅਹਿਮ ਲੋੜ ਹੈ।

## ਗਲੋਬਲ ਸਕੂਲ ਦਾ ਜ਼ਿਲ੍ਹਾ ਪੱਧਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ਼ ਐਜੂਬੀਕਨਜ਼ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਦੇ 'ਗ੍ਰੇਟ ਡਿਸਕਵਰੀਅਨਜ਼' ਨੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ 2026-27 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਖੇਡਾਂ ਵਿੱਚ ਕੁੱਲ 107 ਮੈਡਲ ਹਾਸਲ ਕੀਤੇ।ਇਨ੍ਹਾਂ ਵਿੱਚ 21 ਸੋਨ, 50 ਚਾਂਦੀ ਤੇ 36 ਕਾਂਸੀ ਦੇ ਮੈਡਲ ਸ਼ਾਮਲ ਹਨ।ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਸਕੂਲ ਦੇ ਖਿਡਾਰੀਆਂ ਨੇ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕਰਦਿਆਂ ਅੰਡਰ-19 ਫੁੱਟਬਾਲ, ਰਗਬੀ, ਕਬੱਡੀ, ਸੋਫਟ ਟੈਨਿਸ, ਖੋ-ਖੋ, ਵਾਲੀਬਾਲ ਤੇ ਜੂਡੋ ਵਿੱਚ 1 ਸੋਨ, 26 ਚਾਂਦੀ ਤੇ 24 ਕਾਂਸੀ ਦੇ ਮੈਡਲ ਜਿੱਤੇ।ਅੰਡਰ-17 ਵਰਗ ਵਿੱਚ ਫੁੱਟਬਾਲ, ਸਕੇਟਿੰਗ, ਕੁਸ਼ਤੀ, ਕਰਾਟੇ, ਤਾਈਕਵਾਂਡੋ, ਕਿੱਕ-ਬਾਕਸਿੰਗ ਤੇ ਜੂਡੋ ਵਿੱਚ 12 ਸੋਨ, 6 ਚਾਂਦੀ ਤੇ 6 ਕਾਂਸੀ ਦੇ ਮੈਡਲ ਪ੍ਰਾਪਤ ਕੀਤੇ, ਉੱਥੇ ਹੀ ਅੰਡਰ-14 ਵਰਗ ਵਿੱਚ ਸੋਫਟ ਟੈਨਿਸ, ਰੈਸਲਿੰਗ, ਸਕੇਟਿੰਗ, ਕਰਾਟੇ, ਤਾਈਕਵਾਂਡੋ ਤੇ ਸ਼ੂਟਿੰਗ ਵਿੱਚ 4 ਸੋਨ, 9 ਚਾਂਦੀ ਤੇ 1 ਕਾਂਸੀ ਦਾ ਮੈਡਲ ਜਿੱਤਿਆ, ਜਦਕਿ ਅੰਡਰ-11 ਕਰਾਟੇ ਮੁਕਾਬਲੇ ਵਿੱਚ 4 ਸੋਨ, 9 ਚਾਂਦੀ ਤੇ 5 ਕਾਂਸੀ ਦੇ ਮੈਡਲ ਜਿੱਤ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ।ਪ੍ਰਿੰਸੀਪਲ ਸ਼੍ਰੀਮਤੀ ਕਾਵਿਆ ਅਸੀਜਾ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਟੀਮ ਭਾਵਨਾ ਤੇ ਲੀਡਰਸ਼ਿਪ ਵਰਗੇ ਗੁਣਾਂ ਦਾ ਵਿਕਾਸ ਕਰਦੀਆਂ ਹਨ।ਉਨ੍ਹਾਂ ਖਿਡਾਰੀਆਂ ਦੀ ਇਸ ਸਫਲਤਾ ਦਾ ਸਿਹਰਾ ਉਨ੍ਹਾਂ ਦੀ ਨਿਰੰਤਰ ਮਿਹਨਤ, ਸਮਰਪਣ ਤੇ ਕੋਚਾਂ ਦੀ ਕੁਸ਼ਲ ਅਗਵਾਈ ਨੂੰ ਦਿੱਤਾ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਸੁਪਰੀਮ ਕੌਨਵੈਂਟ ਸਕੂਲ 'ਚ ਮਨਾਇਆ ਭਗਤ ਸਿੰਘ ਦਾ ਜਨਮ ਦਿਹਾੜਾ



**ਹਠੂਰ (ਨਛੱਤਰ ਸੰਧੂ)**-ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਮੋਗਾ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਜਨਮ ਦਿਹਾੜਾ ਬੜੇ ਸਤਿਕਾਰ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਅਧਿਆਪਕਾਂ ਨੇ ਸ਼ਹੀਦ ਭਗਤ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਵੱਲੋਂ ਦਿੱਤੇ ਮਹਾਨ ਬਲੀਦਾਨ ਨੂੰ ਯਾਦ ਕੀਤਾ।ਇਸ ਮੌਕੇ ਸਕੂਲ ਪ੍ਰਧਾਨ ਚਰਨ ਸਿੰਘ ਤੇ ਸਕੂਲ ਚੇਅਰਮੈਨ ਯੋਗਿੰਦਰ ਪ੍ਰਸਾਦ ਸ਼ਰਮਾ ਨੇ ਵਿਦਿਆਰਥੀਆਂ ਨੂੰ ਭਗਤ ਸਿੰਘ ਜੀ ਦੇ ਆਦਰਸ਼ਾਂ ਤੋਂ ਪ੍ਰੇਰਣਾ ਲੈ ਕੇ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਪ੍ਰੇਰਿਤ ਕੀਤਾ।ਸਕੂਲ ਦੇ ਵਾਇਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਨਿੱਡਰਤਾ, ਦੇਸ਼-ਭਗਤੀ ਤੇ ਕੁਰਬਾਨੀ ਸਾਡੇ ਸਾਰਿਆਂ ਲਈ ਸਦਾ ਪ੍ਰੇਰਣਾ ਦਾ ਸਰੋਤ ਰਹੇਗੀ।ਸਮਾਗਮ ਦੌਰਾਨ ਸਭ ਨੇ ਦੇਸ਼ ਦੀ ਏਕਤਾ, ਅਖੰਡਤਾ ਤੇ ਤਰੱਕੀ ਲਈ ਆਪਣਾ ਯੋਗਦਾਨ ਪਾਉਣ ਦਾ ਸੰਕਲਪ ਲਿਆ।

## ਕਾਂਗਰਸ ਨੇ ਮੁੱਖ ਚੋਣ ਕਮਿਸ਼ਨਰ ਤੇ ਪ੍ਰਧਾਨ ਮੰਤਰੀ ਦਾ ਫੂਕਿਆ ਪੁਤਲਾ

### ਵੋਟਰ ਸੂਚੀਆਂ ਨਾਲ ਛੇੜ-ਛਾੜ ਕਰਨਾ ਲੋਕਤੰਤਰ ਦਾ ਘਾਣ : ਹਰੀ ਖਾਈ, ਮਾਲਵਿਕਾ ਸੂਦ



**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰਾਈ ਨਾਲ ਸੋਧ ਐੱਸ ਆਈ ਆਰ ਦੀ ਪ੍ਰਕਿਰਿਆ ਨੂੰ ਲੈ ਕੇ ਸਿਆਸੀ ਮਾਹੌਲ ਭਖਦਾ ਜਾ ਰਿਹਾ ਹੈ।ਇਸੇ ਮੁੱਦੇ ਨੂੰ ਲੈ ਕੇ ਅੱਜ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਤੇ ਪੰਜਾਬ ਕਾਂਗਰਸ ਦੇ ਸਹਿ-ਇੰਚਾਰਜ ਰਵਿੰਦਰ ਡਾਲਵੀ ਦੀ ਅਗਵਾਈ ਹੇਠ ਜ਼ਿਲ੍ਹਾ ਕਾਂਗਰਸ ਪ੍ਰਧਾਨ ਹਰੀ ਸਿੰਘ ਖਾਈ ਤੇ ਵਿਧਾਨ ਸਭਾ ਹਲਕਾ ਮੋਗਾ ਦੇ ਇੰਚਾਰਜ ਮਾਲਵਿਕਾ ਸੂਦ ਦੀ ਅਗਵਾਈ ਹੇਠ ਕਾਂਗਰਸੀ ਆਗੂਆਂ ਤੇ ਵਰਕਰਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਦੌਰਾਨ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕ ਕੇ ਨਾਅਰੇਬਾਜ਼ੀ ਕੀਤੀ ਗਈ।ਰੋਸ ਪ੍ਰਦਰਸ਼ਨ ਵਿੱਚ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਦੇ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ ਤੋਂ ਇਲਾਵਾ ਸੀਨੀਅਰ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਵੀ ਸ਼ਮੂਲੀਅਤ ਕੀਤੀ।ਇਸ ਮੌਕੇ ਕਾਂਗਰਸੀ ਆਗੂਆਂ ਨੇ ਐਸ.ਆਈ.ਆਰ. ਦੀ ਪ੍ਰਕਿਰਿਆ ਤੇ ਵੋਟਰ ਸੂਚੀਆਂ ਨਾਲ ਜੁੜੇ ਮਾਮਲਿਆਂ ਨੂੰ ਲੈ ਕੇ ਕੇਂਦਰ ਸਰਕਾਰ ਤੇ ਚੋਣ ਕਮਿਸ਼ਨ ਵਿਰੁੱਧ ਆਪਣਾ ਰੋਸ ਪ੍ਰਗਟ ਕੀਤਾ।ਜ਼ਿਲ੍ਹਾ ਪ੍ਰਧਾਨ ਹਰੀ ਸਿੰਘ ਖਾਈ ਤੇ ਮਾਲਵਿਕਾ ਸੂਦ ਨੇ ਕਿਹਾ ਕਿ ਭਾਰਤ ਦੁਨੀਆ ਦਾ ਇੱਕ ਵੱਡਾ ਲੋਕਤੰਤਰਿਕ ਦੇਸ਼ ਹੈ ਤੇ ਇੱਥੋਂ ਦੀ ਲੋਕਤੰਤਰਿਕ ਪ੍ਰਣਾਲੀ ਦੀ ਮਿਸਾਲ ਦੁਨੀਆ ਭਰ ਵਿੱਚ ਦਿੱਤੀ ਜਾਂਦੀ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਵੋਟਰ ਸੂਚੀਆਂ ਵਿੱਚ ਹੋ ਰਹੀ ਕਥਿਤ ਛੇੜਛਾੜ ਲੋਕਤੰਤਰ ਨਾਲ ਸਿੱਧੇ ਤੌਰ 'ਤੇ ਜੁੜਿਆ ਗੰਭੀਰ ਮਾਮਲਾ ਹੈ।ਉਨ੍ਹਾਂ ਕਿਹਾ ਕਿ ਵੋਟ ਪਾਉਣਾ ਕਿਸੇ ਦੀ ਖੈਰਾਤ ਨਹੀਂ, ਸਗੋਂ ਭਾਰਤੀ ਸੰਵਿਧਾਨ ਵੱਲੋਂ ਯੋਗ ਨਾਗਰਿਕਾਂ ਨੂੰ ਦਿੱਤਾ ਗਿਆ ਅਧਿਕਾਰ ਹੈ ਤੇ ਇਸ ਅਧਿਕਾਰ ਨੂੰ ਪ੍ਰਭਾਵਿਤ ਕਰਨ ਵਾਲੀ ਕਿਸੇ ਵੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਮਾਲਵਿਕਾ ਸੂਦ ਨੇ ਦੋਸ਼ ਲਗਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਚੋਣ ਕਮਿਸ਼ਨ ਵਰਗੀ ਸੰਵਿਧਾਨਕ ਸੰਸਥਾ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਕਾਂਗਰਸ ਪਾਰਟੀ ਆਪਣੀ ਆਵਾਜ਼ ਬੁਲੰਦ ਕਰਦੀ ਰਹੇਗੀ।ਕਾਂਗਰਸੀ ਆਗੂਆਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਨਾ ਕੀਤੀ ਗਈ ਤਾਂ ਕਾਂਗਰਸ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

## ਪੱਤਰਕਾਰਾਂ ਨੂੰ ਵਿਕਾਊ ਕਹਿਣਾ ਰਵਨੀਤ ਬਿੱਟੂ ਨੂੰ ਸ਼ੋਭਾ ਨਹੀਂ ਦਿੰਦਾ : ਐਡਵੋਕੇਟ ਗੋਇਲ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**

ਭਾਜਪਾ ਦੇ ਸਾਬਕਾ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਯੁਗਲ ਕਿਸ਼ੋਰ ਧਰਮਸ਼ਾਲਾ ਵਿਖੇ ਭਾਜਪਾ ਦੀ ਨਸ਼ਾ ਵਿਰੋਧੀ ਯਾਤਰਾ ਸਬੰਧੀ ਕਰਵਾਏ ਗਏ ਸਮਾਗਮ ਦੌਰਾਨ ਪੱਤਰਕਾਰਾਂ ਬਾਰੇ ਕੀਤੀ ਗਈ ਕਥਿਤ ਟਿੱਪਣੀ ਨੂੰ ਲੈ ਕੇ ਪੱਤਰਕਾਰ ਭਾਈਚਾਰੇ ਵਿੱਚ ਰੋਸ ਪਾਇਆ ਜਾ ਰਿਹਾ ਹੈ।ਇਸ ਮਾਮਲੇ ਸਬੰਧੀ ਸੀਨੀਅਰ ਐਡਵੋਕੇਟ ਚਮਨ ਲਾਲ ਗੋਇਲ ਨੇ ਰਵਨੀਤ ਸਿੰਘ ਬਿੱਟੂ ਦੇ ਬਿਆਨਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਉਨ੍ਹਾਂ ਕਿਹਾ ਕਿ ਪ੍ਰੈੱਸ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ ਤੇ ਪੱਤਰਕਾਰ ਸਮਾਜ ਦੇ ਮੁੱਦਿਆਂ ਨੂੰ ਲੋਕਾਂ ਤੇ ਸਰਕਾਰਾਂ ਤੱਕ ਪਹੁੰਚਾਉਣ ਦੀ ਅਹਿਮ ਭੂਮਿਕਾ ਨਿਭਾਉਂਦੇ ਹਨ।ਐਡਵੋਕੇਟ ਗੋਇਲ ਨੇ ਕਿਹਾ ਕਿ ਪੱਤਰਕਾਰਾਂ ਨੂੰ ਵਿਕਾਊ ਜਾਂ ਸਰਕਾਰ ਦੇ ਖਰੀਦੇ ਹੋਏ ਕਹਿਣ ਵਰਗੇ ਬਿਆਨ ਇੱਕ ਜ਼ਿੰਮੇਵਾਰ ਸਿਆਸੀ ਆਗੂ ਨੂੰ ਸ਼ੋਭਾ ਨਹੀਂ ਦਿੰਦੇ। ਉਨ੍ਹਾਂ ਕਿਹਾ ਕਿ ਸਿਆਸੀ ਆਗੂਆਂ ਨੂੰ ਪੱਤਰਕਾਰ ਭਾਈਚਾਰੇ ਪ੍ਰਤੀ ਅਜਿਹੀ ਭਾਸ਼ਾ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤੇ ਵਿਚਾਰਾਂ ਦੇ ਮਤਭੇਦਾਂ ਨੂੰ ਸੰਜੀਦਾ ਤੇ ਸੱਭਿਅਕ ਢੰਗ ਨਾਲ ਪੇਸ਼ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪ੍ਰੈੱਸ ਦੀ ਆਜ਼ਾਦੀ ਤੇ ਪੱਤਰਕਾਰਾਂ ਦਾ ਸਨਮਾਨ ਲੋਕਤੰਤਰ ਦੀ ਮਜ਼ਬੂਤੀ ਲਈ ਬੇਹੱਦ ਜ਼ਰੂਰੀ ਹੈ।

## ਕਾਂਗਰਸ ਤੇ ਭਾਜਪਾ ਨੂੰ ਛੱਡ ਡੇਢ ਦਰਜਨ ਪਰਵਾਰ 'ਆਪ' 'ਚ ਸ਼ਾਮਲ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਹਲਕਾ ਗਿੱਦੜਬਾਹਾ ਦੇ ਪਿੰਡ ਚੱਕ ਗਿਲਜੇਵਾਲਾ ਵਿਖੇ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਮਜ਼ਬੂਤੀ ਮਿਲੀ, ਜਦੋਂ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਕਰੀਬ ਡੇਢ ਦਰਜਨ ਪਰਵਾਰਾਂ ਨੇ ਆਪਣੀਆਂ ਪੁਰਾਣੀਆਂ ਸਿਆਸੀ ਪਾਰਟੀਆਂ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ।ਇਹ ਸ਼ਮੂਲੀਅਤ ਹਲਕਾ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਜ਼ੋਨ ਇੰਚਾਰਜ ਐਡਵੋਕੇਟ ਗੁਰਵਿੰਦਰ ਸਿੰਘ ਢਿੱਲੋਂ ਦੀ ਪ੍ਰੇਰਨਾ ਸਦਕਾ ਹੋਈ।ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਸੰਦੀਪ ਸਿੰਘ ਸਨੀ ਢਿੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ।ਉਨ੍ਹਾਂ ਪਾਰਟੀ ਵਿੱਚ ਸ਼ਾਮਲ ਹੋਏ ਪਰਵਾਰਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਪਾਰਟੀ ਦੇ ਚਿੰਨ੍ਹ ਪਾ ਕੇ ਸਨਮਾਨਤ ਕੀਤਾ।ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰੇਕ ਪਰਿਵਾਰ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ ਤੇ ਪਿੰਡ ਤੇ ਹਲਕੇ ਦੇ ਵਿਕਾਸ ਲਈ ਸਾਰਿਆਂ ਨੂੰ ਨਾਲ ਲੈ ਕੇ ਕੰਮ ਕੀਤਾ ਜਾਵੇਗਾ।ਇਸ ਮੌਕੇ ਚਰਨਾ ਸਿੰਘ ਮੈਂਬਰ, ਰਣਜੀਤ ਸਿੰਘ ਮਿਸਤਰੀ, ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ, ਸੁਭਾਸ਼ ਚੰਦ, ਗਿੰਦਰ ਸਿੰਘ, ਬੋਹੜ ਸਿੰਘ, ਤਾਰਾ ਸਿੰਘ ਖਾਲਸਾ, ਬੂਟਾ ਸਿੰਘ, ਸ਼ਮਿੰਦਰ ਸਿੰਘ ਗਿਆਨੀ, ਕੁਲਦੀਪ ਸਿੰਘ, ਗੁਰਮੀਤ ਸਿੰਘ, ਜਸਪਾਲ ਸਿੰਘ, ਗੁਰਮੀਤ ਸਿੰਘ ਹਲਵਾਈ, ਬੱਬੂ ਸਿੰਘ, ਵੀਰੀ ਸਿੰਘ, ਗੁਗਾ ਸਿੰਘ, ਦੇਸ ਰਾਜ ਤੇ ਦੀਪ ਸਿੰਘ ਆਪਣੇ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।

# ਲਖੀਮਪੁਰ ਖੀਰੀ ਦੇ ਸ਼ਹੀਦਾਂ ਦੀ ਯਾਦ 'ਚ 3 ਨੂੰ ਮੋਹਾਲੀ 'ਚ ਕੱਢਿਆ ਜਾਵੇਗਾ ਕੈਂਡਲ ਮਾਰਚ



**ਧਾਰੀਵਾਲ/ਕਾਹਨੂੰਵਾਨ, (ਮਨਦੀਪ ਵਿੱਕੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜੋਨ ਸੰਤ ਬਾਬਾ ਲਾਲ ਸਿੰਘ ਕੁੱਲੀ ਵਾਲੇ ਜੀ ਵੱਲੋਂ ਪਿੰਡ ਨਾਨੋਵਾਲ ਖੁਰਦ ਵਿਖੇ ਸਥਿਤ ਤਪ ਅਸਥਾਨ ਬਾਬਾ ਲਾਲ ਸਿੰਘ ਕੁੱਲੀ ਵਾਲੇ ਵਿਖੇ ਇੱਕ ਅਹਿਮ ਜ਼ੋਨ ਪੱਧਰੀ ਮੀਟਿੰਗ ਹੋਈ।ਮੀਟਿੰਗ ਵਿੱਚ ਇਲਾਕੇ ਦੇ ਕਿਸਾਨਾਂ ਅਤੇ ਮਜ਼ਦੂਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਭੈਣਾਂ ਤੇ ਮਾਤਾਵਾਂ ਨੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਜਥੇਬੰਦੀ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਗਏ ਉਦਮਾਂ, ਆਗਾਮੀ ਸੰਘਰਸ਼ਾਂ ਅਤੇ ਕਿਸਾਨੀ ਮੁੱਦਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਨਿਸ਼ਾਨ ਸਿੰਘ, ਕੈਪਟਨ ਸ਼ਮਿੰਦਰ ਸਿੰਘ, ਜ਼ਿਲਾ ਪ੍ਰੈੱਸ ਸਕੱਤਰ ਗੁਰਪ੍ਰੀਤ ਨਾਨੋਵਾਲ ਨੇ ਦੱਸਿਆ ਕਿ ਲਖੀਮਪੁਰ ਖੀਰੀ ਵਿਖੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਤੇ ਉਸ ਵੇਲੇ ਦੀ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਗੱਡੀ ਚੜ੍ਹਾ ਕੇ ਕੀਤੀ ਗਈ ਹੱਤਿਆ ਦੇ ਇਨਸਾਫ਼ ਲਈ ਅਤੇ ਸ਼ਹੀਦਾਂ ਦੀ ਯਾਦ ਵਿੱਚ 3 ਅਕਤੂਬਰ ਨੂੰ ਮੋਹਾਲੀ ਵਿਖੇ ਇੱਕ ਵਿਸ਼ਾਲ ਕੈਂਡਲ ਮਾਰਚ ਕੱਢਿਆ ਜਾਵੇਗਾ। ਇਸ ਮਾਰਚ ਵਿੱਚ ਪੂਰੇ ਪੰਜਾਬ ਤੋਂ ਜਥੇਬੰਦੀ ਦੇ ਆਗੂ ਤੇ ਵਰਕਰ ਸ਼ਾਮਲ ਹੋ ਕੇ ਸ਼ਹੀਦ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ। ਇਸ ਤੋਂ ਇਲਾਵਾ ਕਿਸਾਨੀ ਮੰਗਾਂ ਦੇ ਹੱਲ ਲਈ 1 ਨਵੰਬਰ ਤੋਂ ਵਿਸ਼ੇਸ਼ ਕਨਵੈਨਸ਼ਨਾਂ ਦੀ ਵੀ ਸ਼ੁਰੂਆਤ ਕੀਤੀ ਜਾ ਰਹੀ ਹੈ।ਇਸ ਮੌਕੇ ਕਿਸਾਨ ਆਗੂਆਂ ਨੇ ਝੋਨੇ ਦੇ ਆਗਾਮੀ ਖਰੀਦ ਸੀਜ਼ਨ ਬਾਰੇ ਸਰਕਾਰ ਨੂੰ ਤਾੜਨਾ ਕਰਦਿਆਂ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਮਿਥੀ ਗਈ 1 ਅਕਤੂਬਰ ਦੀ ਤਰੀਕ ਤੋਂ ਖਰੀਦ ਦਾ ਕੰਮ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਕੀਤਾ ਜਾਵੇ। ਮੰਡੀਆਂ ਵਿੱਚ ਬਾਰਦਾਨੇ ਦਾ ਢੁਕਵਾਂ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਹਰੇਕ ਮੰਡੀ ਵਿੱਚ ਸਰਕਾਰੀ ਨੁਮਾਇੰਦੇ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ।ਕਿਸਾਨ ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਮੰਡੀਆਂ ਵਿੱਚ ਕਿਸਾਨਾਂ ਨੂੰ ਖੱਜਲ-ਖੁਆਰ ਕੀਤਾ ਗਿਆ ਤਾਂ ਜਥੇਬੰਦੀ ਤਿੱਖਾ ਐਕਸ਼ਨ ਲੈਣ ਲਈ ਮਜਬੂਰ ਹੋਵੇਗੀ।

ਇਸ ਮੌਕੇ ਗੰਨੇ ਦੇ ਭਾਅ ਵਿੱਚ ਵਾਧੇ ਅਤੇ ਕਿਸਾਨਾਂ ਨਾਲ ਸਬੰਧਤ ਹੋਰ ਲਟਕਦੇ ਮਸਲਿਆਂ 'ਤੇ ਵੀ ਗੰਭੀਰਤਾ ਨਾਲ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬੀ ਹਰਜੀਤ ਕੌਰ, ਬਲਵਿੰਦਰ ਕੌਰ, ਬਲਵਿੰਦਰ ਸਿੰਘ ਮੂਲਵਾਲ, ਰਘਵੀਰ ਸਿੰਘ, ਹਰਭਜਨ ਸਿੰਘ ਭੱਜਾ, ਰਮੇਸ਼ ਸ਼ਰਮਾ, ਜਸਬੀਰ ਸਿੰਘ, ਮੰਗਤਾ ਸਿੰਘ, ਬਲਵਿੰਦਰ ਸਿੰਘ, ਜਸਵੀਰ ਸਿੰਘ ਜੱਸ, ਦਲਜੀਤ ਸਿੰਘ, ਸਲਵਿੰਦਰ ਵਿਚ ਰਿਆੜ, ਅਵਤਾਰ ਸਿੰਘ, ਉੱਤਮ ਸਿੰਘ, ਜਸਵੰਤ ਸਿੰਘ, ਗੁਰਦੇਵ ਸਿੰਘ, ਸੰਤੋਖ ਸਿੰਘ ਅਤੇ ਹੋਰ ਵੱਡੀ ਗਿਣਤੀ ਵਿਚ ਕਿਸਾਨ ਮਜ਼ਦੂਰ ਬੀਬੀਆਂ ਹਾਜ਼ਰ ਹੋਏ।

# ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਡਰੋਨ ਸ਼ੋਅ ਭਲਕੇ

ਬਟਾਲਾ, (ਡਾ. ਮਲਵਿੰਦਰ ਸਿੰਘ)-ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ 1 ਅਕਤੂਬਰ ਨੂੰ ਆਈ ਟੀ ਆਈ ਗਰਾਊਂਡ ਬਟਾਲਾ 'ਚ ਸ਼ਾਮ 6.30 ਵਜੇ ਡਰੋਨ ਸ਼ੋਅ ਕਰਵਾਇਆ ਜਾਵੇਗਾ।ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 500 ਡਰੋਨ ਅਸਮਾਨ ਨੂੰ ਰੁਸ਼ਨਾਉਂਦਿਆਂ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਬਾਕਮਾਲ ਪੇਸ਼ਕਾਰੀ ਕਰਨਗੇ।ਉਨ੍ਹਾਂ ਦੱਸਿਆ ਕਿ ਇਸ ਵਿਲੱਖਣ ਏਰੀਅਲ ਸ਼ੋਅ ਰਾਹੀਂ ਤਕਨਾਲੋਜੀ ਅਤੇ ਅਧਿਆਤਮਿਕਤਾ ਦਾ ਸੁਮੇਲ ਦਿਖਾਉਣ ਲਈ ਸੰਗਤ ਲਈ ਬੈਠਣ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਅਤੇ ਸ਼ੋਅ ਤੋਂ ਪਹਿਲਾਂ ਰਾਗੀ ਜਥੇ ਵੱਲੋਂ ਕੀਰਤਨ ਵੀ ਸਰਵਣ ਕਰਵਾਇਆ ਜਾਵੇਗਾ।ਸ਼ੋਅ ਦੌਰਾਨ ਡਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਫਲਸਫ਼ੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਪੂਰੀ ਸ਼ਰਧਾ ਨਾਲ ਮਨਾਉਂਦਿਆ ਆਧੁਨਿਕ ਮਾਧਿਅਮਾਂ ਰਾਹੀਂ ਗੁਰੂ ਜੀ ਦੇ ਸਰਬ-ਸਾਂਝੇ ਫਲਸਫ਼ੇ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ।ਉਨ੍ਹਾਂ ਸਮੂਹ ਹਲਕਾ ਵਾਸੀਆਂ ਨੂੰ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ।

# ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ 2 ਨੂੰ



**ਛੇਹਰਟਾ/ਖਾਸਾ, (ਮਨੋਜ ਕੁਮਾਰ/ ਸ਼ਸ਼ਪਾਲ ਸਿੰਘ)** : ਆਂਗਨਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਸੀਟੂ ਦਫ਼ਤਰ ਵਿਚ ਵਿਸ਼ਾਲ ਜ਼ਿਲ੍ਹਾ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਗੁਰਮਿੰਦਰ ਕੌਰ ਨੇ ਕਿਹਾ ਕਿ ਆਂਗਨਵਾੜੀ ਵਰਕਰ ਤੇ ਹੈਲਪਰ ਲੰਮੇ ਸਮੇਂ ਤੋਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਸੰਘਰਸ਼ ਕਰ ਰਹੀਆਂ ਹਨ। ਸਰਕਾਰ ਵੱਲੋਂ ਵਾਰ-ਵਾਰ ਭਰੋਸੇ ਦਿੱਤੇ ਜਾਣ ਦੇ ਬਾਵਜੂਦ ਮੰਗਾਂ ਦਾ ਕੋਈ ਹੱਲ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ 2 ਅਕਤੂਬਰ ਨੂੰ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਓ ਨੂੰ ਸਫ਼ਲ ਬਣਾਉਣ ਲਈ ਅੰਮ੍ਰਿਤਸਰ ਜ਼ਿਲ੍ਹੇ ਵਿਚੋਂ ਵੱਡੀ ਗਿਣਤੀ ਵਿਚ ਆਂਗਨਵਾੜੀ ਵਰਕਰ ਤੇ ਹੈਲਪਰ ਸੰਗਰੂਰ ਪੁੱਜਣਗੇ। ਉਨ੍ਹਾਂ ਦੱਸਿਆ ਕਿ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੁੱਖ ਮੰਗਾਂ ਵਿਚ ਆਂਗਨਵਾੜੀ ਵਰਕਰ ਤੇ ਹੈਲਪਰਾਂ ਦਾ ਮਾਣਭੱਤਾ ਦੁੱਗਣਾ ਕੀਤਾ ਜਾਵੇ, ਆਂਗਨਵਾੜੀ ਵਰਕਰਾਂ ਵਿਚੋਂ ਸੁਪਰਵਾਈਜ਼ਰਾਂ ਦੀਆਂ ਤਰੱਕੀਆਂ ਕੀਤੀਆਂ ਜਾਣ, ਐਕਸ-ਗਰੇਸ਼ੀਆ ਦੀ ਰਕਮ 5 ਲੱਖ ਕੀਤੀ ਜਾਵੇ, ਆਂਗਨਵਾੜੀ ਵਰਕਰਾਂ ਤੋਂ ਵਾਧੂ ਕੰਮ ਲੈਣੇ ਬੰਦ ਕੀਤੇ ਜਾਣ, ਆਂਗਨਵਾੜੀ ਕੇਂਦਰਾਂ ਲਈ ਸਟਾਫ ਤੇ ਸਾਮਾਨ ਮੁਹੱਈਆ ਕਰਵਾਇਆ ਜਾਵੇ ਆਦਿ ਸ਼ਾਮਲ ਹਨ। ਕਨਵੈਨਸ਼ਨ ਵਿਚ ਸ਼ਾਮਲ ਆਗੂਆਂ ਨੇ 2 ਅਕਤੂਬਰ ਦੇ ਸੰਗਰੂਰ ਐਕਸ਼ਨ ਨੂੰ ਸਫ਼ਲ ਬਣਾਉਣ ਲਈ ਬਲਾਕ ਪੱਧਰ 'ਤੇ ਲਾਮਬੰਦੀ ਤੇਜ਼ ਕਰਨ ਅਤੇ ਵੱਧ ਤੋਂ ਵੱਧ ਵਰਕਰਾਂ ਤੇ ਹੈਲਪਰਾਂ ਨੂੰ ਸੰਗਰੂਰ ਲੈ ਕੇ ਜਾਣ ਦਾ ਸੱਦਾ ਦਿੱਤਾ। ਕੈਨਵੈਨਸ਼ਨ ਨੂੰ ਸੰਬੋਧਨ ਕਰਨ ਵਾਲੇ ਆਗੂਆਂ ਵਿਚ ਸੀਟੂ ਦੇ ਸੂਬਾ ਮੀਤ ਪ੍ਰਧਾਨ ਸੁੱਚਾ ਸਿੰਘ ਅਜਨਾਲਾ, ਯੂਨੀਅਨ ਦੀ ਸੂਬਾ ਜਨਰਲ ਸਕੱਤਰ ਸੁਭਾਸ਼ ਰਾਣੀ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਕੌਰ ਰਈਆ, ਜ਼ਿਲ੍ਹਾ ਵਿੱਤ ਸਕੱਤਰ ਜਸਪਾਲ ਕੌਰ, ਰਮਨਦੀਪ ਕੌਰ ਮਜੀਠਾ, ਨਿਰਮਲ ਕੌਰ ਥਰੀਏਵਾਲ, ਰਾਜਵਿੰਦਰ ਕੌਰ, ਸੁਖਵਿੰਦਰ ਕੌਰ, ਬਰਖਾ, ਨਿਸ਼ਾ, ਸੁਨੀਤਾ, ਜਗਦੀਸ਼ ਕੌਰ ਚਵਿੰਡਾ, ਨਿਸ਼ਾ ਰਾਣੀ, ਸੁਸ਼ਮਾ, ਗੁਰਸ਼ਰਨ ਕੌਰ, ਹਰਜਿੰਦਰ ਕੌਰ ਹਰਸ਼ਾ ਛੀਨਾ ਆਦਿ ਮੌਜੂਦ ਸਨ।

# ਸਰਪੰਚਣੀ ਦੀਆਂ ਵਾਲੀਆਂ ਝਪਟਣ ਵਾਲੇ 2 ਝਪਟਮਾਰ ਤੇ ਸੁਨਿਆਰਾ ਗ੍ਰਿਫ਼ਤਾਰ



ਤਰਸਿੱਕਾ/ਜੈਂਤੀਪੁਰ (ਤਰਸੇਮ ਸਿੰਘ ਸਾਧਪੁਰ/ਸੁਖਬੀਰ ਸਿੱਧੂ)-ਥਾਣਾ ਤਰਸਿੱਕਾ ਅਧੀਨ ਆਉਂਦੇ ਪਿੰਡ ਸੇਦੋਲੇਹਲ ਵਿੱਚ ਬੀਤੇ ਦਿਨੀਂ ਮੌਜੂਦਾ ਮਹਿਲਾ ਸਰਪੰਚ ਤੋਂ ਕੰਨਾਂ ਦੀਆਂ ਸੋਨੇ ਦੀਆਂ ਵਾਲੀਆਂ ਝਪਟਣ ਦੀ ਵਾਰਦਾਤ ਨੂੰ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਸੁਲਝਾ ਲਿਆ ਹੈ।ਪੁਲਸ ਨੇ ਇਸ ਮਾਮਲੇ ਵਿੱਚ ਦੋ ਮੁੱਖ ਝਪਟਮਾਰਾਂ ਦੇ ਨਾਲ-ਨਾਲ ਝਪਟਿਆ ਹੋਇਆ ਸੋਨਾ ਖਰੀਦਣ ਵਾਲੇ ਇੱਕ ਸੁਨਿਆਰੇ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਸਰਪੰਚ ਤੋਂ ਝਪਟੀਆਂ ਸੋਨੇ ਦੀਆਂ ਵਾਲੀਆਂ ਅਤੇ ਵਾਰਦਾਤ ਵਿੱਚ ਵਰਤੀ ਗਈ ਪਲਸਰ ਮੋਟਰਸਾਈਕਲ ਵੀ ਬਰਾਮਦ ਕਰ ਲਈ ਹੈ।ਮਾਮਲੇ ਦੀ ਜਾਣਕਾਰੀ ਦਿੰਦਿਆਂ ਪੁਲਸ ਅਧਿਕਾਰੀ ਅਵਤਾਰ ਸਿੰਘ ਨੇ ਦੱਸਿਆ ਕਿ 23 ਸਤੰਬਰ ਨੂੰ ਪਿੰਡ ਸੇਦੋਲੇਹਲ ਦੀ ਮੌਜੂਦਾ ਸਰਪੰਚ ਅਮਰਜੀਤ ਕੌਰ ਦੇ ਘਰ ਦੋ ਅਣਪਛਾਤੇ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਸਨ।ਮੁਲਜ਼ਮਾਂ ਨੇ ਮੌਕਾ ਮਿਲਦਿਆਂ ਹੀ ਅਮਰਜੀਤ ਕੌਰ ਦੇ ਕੰਨਾਂ ਵਿੱਚੋਂ ਸੋਨੇ ਦੀਆਂ ਵਾਲੀਆਂ ਝਪਟ ਲਈਆਂ ਅਤੇ ਤੁਰੰਤ ਮੋਟਰਸਾਈਕਲ 'ਤੇ ਫ਼ਰਾਰ ਹੋ ਗਏ।ਇਹ ਪੂਰੀ ਵਾਰਦਾਤ ਨੇੜੇ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਸੀ।ਪੁਲਸ ਨੇ ਇਲਾਕੇ ਦੇ ਵੱਖ-ਵੱਖ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਅਤੇ ਤਕਨੀਕੀ ਜਾਂਚ ਦੇ ਆਧਾਰ 'ਤੇ ਮਹਿਜ਼ ਤਿੰਨ ਦਿਨਾਂ ਦੇ ਅੰਦਰ ਦੋਵੇਂ ਮੁੱਖ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ।

ਗ੍ਰਿਫ਼ਤਾਰ ਕੀਤੇ ਗਏ ਮੁੱਖ ਮੁਲਜ਼ਮਾਂ ਦੀ ਪਛਾਣ ਮੰਗਾ ਨਾਥ ਅਤੇ ਸੂਰਜ ਨਾਥ ਵਜੋਂ ਹੋਈ ਹੈ, ਜੋ ਤਰਨਤਾਰਨ ਰੇਲਵੇ ਸਟੇਸ਼ਨ ਦੇ ਨੇੜੇ ਝੁੱਗੀਆਂ ਵਿੱਚ ਰਹਿੰਦੇ ਹਨ। ਇਨ੍ਹਾਂ ਵਿੱਚੋਂ ਟਾਂਡਾ ਵਾਲੇ ਮਾਮਲੇ ਵਿੱਚ ਇੱਕ ਮੁਲਜ਼ਮ ਭਗੌੜਾ (ਪੀ. ਓ.) ਵੀ ਚੱਲ ਰਿਹਾ ਸੀ।ਫੜੇ ਗਏ ਮੁਲਜ਼ਮਾਂ ਤੋਂ ਸਖ਼ਤੀ ਨਾਲ ਪੁੱਛਗਿੱਛ ਕਰਨ ਤੋਂ ਬਾਅਦ ਪੁਲਸ ਨੇ ਲੁੱਟਿਆ ਗਿਆ ਸੋਨਾ ਖਰੀਦਣ ਵਾਲੇ ਸੁਨਿਆਰੇ ਹਰਪ੍ਰੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਉਸ ਕੋਲੋਂ ਸਰਪੰਚ ਅਮਰਜੀਤ ਕੌਰ ਤੋਂ ਝਪਟੀਆਂ ਗਈਆਂ ਸੋਨੇ ਦੀਆਂ ਵਾਲੀਆਂ ਵੀ ਬਰਾਮਦ ਕਰ ਲਈਆਂ ਹਨ। ਪੁਲਸ ਵੱਲੋਂ ਤਿੰਨਾਂ ਮੁਲਜ਼ਮਾਂ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਜਾਰੀ ਹੈ।

# ਧੰਨ-ਧੰਨ ਬਾਬਾ ਬੁੱਢਾ ਸਾਹਿਬ ਦੇ ਸਾਲਾਨਾ ਜੋੜ ਮੇਲੇ ਮੌਕੇ ਲੰਗਰ ਲਗਾਏ



ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਧੰਨ-ਧੰਨ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦਾ ਸਾਲਾਨਾ ਜੋੜ ਮੇਲਾ ਕਸਬਾ ਰਮਦਾਸ ਵਿਖੇ ਬੜੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।ਵੱਡੀ ਗਿਣਤੀ ਵਿੱਚ ਸ਼ਰਧਾਲੂ ਗੁਰਦੁਆਰਾ ਸਮਾਧ ਬਾਬਾ ਬੁੱਢਾ ਸਾਹਿਬ ਰਮਦਾਸ, ਗੁਰਦੁਆਰਾ ਤਪ ਅਸਥਾਨ ਬਾਬਾ ਬੁੱਢਾ ਸਾਹਿਬ ਰਮਦਾਸ ਦੇ ਦਰਸ਼ਨਾਂ ਲਈ ਜਾ ਰਹੇ ਹਨ। ਫਤਿਹਗੜ੍ਹ ਚੂੜੀਆਂ ਤੋਂ ਲੈ ਕੇ ਰਮਦਾਸ ਤੱਕ ਵੱਡੇ ਪੱਧਰ ਤੇ ਤਿਆਰੀਆਂ ਚੱਲ ਰਹੀਆਂ ਹਨ।ਰਮਦਾਸ ਰੋਡ ਉੱਪਰ ਵੱਖ ਵੱਖ ਥਾਵਾਂ ਉੱਪਰ ਅਨੇਕ ਪ੍ਰਕਾਰ ਦੇ ਲੰਗਰ ਲਗਾਏ ਜਾ ਰਹੇ ਹਨ।ਇਸੇ ਤਰ੍ਹਾਂ ਹੀ ਬਾਬਾ ਬੁੱਢਾ ਸਾਹਿਬ ਜੀ ਦੇ ਜੋੜ ਮੇਲੇ (ਚੌਥ ਸ਼ਰਾਧਾਂ) 'ਤੇ ਪੁੱਜ ਰਹੀਆਂ ਸੰਗਤਾਂ ਦੀ ਸੇਵਾ ਲਈ ਪੱਤੀ ਮਿਹਰ ਸਿੰਘ ਬੱਦੋਵਾਲ ਖੁਰਦ ਦੇ ਪਿੰਡ ਵਾਸੀਆਂ ਵੱਲੋਂ ਰਮਦਾਸ ਰੋਡ 'ਤੇ ਚਾਹ ਪਕੌੜਿਆਂ ਦੇ ਵੱਖ-ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ ਹਨ।ਇਸ ਮੌਕੇ ਸੇਵਾ ਕਰ ਰਹੇ ਲੰਗਰਾਂ ਦੀ ਸੇਵਾ ਪਰਮਜੀਤ ਸਿੰਘ, ਮੋਹਨ ਸਿੰਘ, ਹਰਦੇਵ ਸਿੰਘ, ਸਵਿੰਦਰ ਸਿੰਘ, ਭਗਵੰਤ ਸਿੰਘ, ਮਨਪ੍ਰੀਤ ਸਿੰਘ, ਲਖਵਿੰਦਰ ਸਿੰਘ ਤੇ ਸਮੂਹ ਸਾਧ ਸੰਗਤ ਵੱਲੋਂ ਕੀਤੀ ਗਈ।

# ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਖੇ ਡਰੋਨ ਸ਼ੋਅ ਅੱਜ

ਕਾਦੀਆਂ, (ਯਾਦਵਿੰਦਰ ਸਿੰਘ ਮਲਹੋਤਰਾ)-ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ 30 ਸਤੰਬਰ ਨੂੰ ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਖੇ ਸ਼ਾਮ 6.30 ਵਜੇ ਡਰੋਨ ਸ਼ੋਅ ਕਰਵਾਇਆ ਜਾਵੇਗਾ।ਹਲਕਾ ਇੰਚਾਰਜ ਕਾਦੀਆਂ ਗੁਰਇਕਬਾਲ ਸਿੰਘ ਮਾਹਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 500 ਡਰੋਨ ਅਸਮਾਨ ਨੂੰ ਰੁਸ਼ਨਾਉਂਦਿਆਂ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਬਾਕਮਾਲ ਪੇਸ਼ਕਾਰੀ ਕਰਨਗੇ।ਉਨ੍ਹਾਂ ਦੱਸਿਆ ਕਿ ਇਸ ਵਿਲੱਖਣ ਏਰੀਅਲ ਸ਼ੋਅ ਰਾਹੀਂ ਤਕਨਾਲੋਜੀ ਅਤੇ ਅਧਿਆਤਮਿਕਤਾ ਦਾ ਸੁਮੇਲ ਦਿਖਾਉਣ ਲਈ ਸੰਗਤ ਲਈ ਬੈਠਣ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਅਤੇ ਸ਼ੋਅ ਤੋਂ ਪਹਿਲਾਂ ਰਾਗੀ ਜਥੇ ਵੱਲੋਂ ਕੀਰਤਨ ਵੀ ਸਰਵਣ ਕਰਵਾਇਆ ਜਾਵੇਗਾ। ਸ਼ੋਅ ਦੌਰਾਨ ਡਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਫਲਸਫ਼ੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਪੂਰੀ ਸ਼ਰਧਾ ਨਾਲ ਮਨਾਉਂਦਿਆ ਆਧੁਨਿਕ ਮਾਧਿਅਮਾਂ ਰਾਹੀਂ ਗੁਰੂ ਜੀ ਦੇ ਸਰਬ-ਸਾਂਝੇ ਫਲਸਫ਼ੇ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਸਮੂਹ ਹਲਕਾ ਵਾਸੀਆਂ ਨੂੰ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ।

# ਸੀ ਪੀ ਆਈ/ਸੀ ਪੀ ਆਈ (ਐੱਮ) ਵੱਲੋਂ ਭਲਕੇ ਮੁੱਖ ਚੋਣ ਕਮਿਸ਼ਨਰ ਦੇ ਪੁਤਲੇ ਫੂਕਣ ਦਾ ਐਲਾਨ



ਪਠਾਨਕੋਟ (ਦਵਿੰਦਰ ਸਿੰਘ)-ਪਠਾਨਕੋਟ ਵਿਖੇ ਕਾ. ਸੁਰੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਸੀ ਪੀ ਆਈ ਅਤੇ ਸੀ ਪੀ ਆਈ (ਐੱਮ) ਦੀ ਸਾਂਝੀ ਮੀਟਿੰਗ ਹੋਈ ਜਿਸ ਵਿੱਚ ਸੀ ਪੀ ਆਈ ਐੱਮ ਵੱਲੋਂ ਜ਼ਿਲ੍ਹਾ ਸਕੱਤਰ ਸੁਰਿੰਦਰ ਸਹਿਗਲ, ਕੇਵਲ ਕਾਲੀਆ, ਕਾ. ਬਿਕਰਮਜੀਤ ਅਤੇ ਹੋਰ ਆਗੂ ਸ਼ਾਮਲ ਹੋਏ।ਸੀ ਪੀ ਆਈ ਵੱਲੋਂ ਸੁਰੇਸ਼ ਕੁਮਾਰ, ਕਾ. ਪ੍ਰਕਾਸ਼ ਸਿੰਘ, ਵਿਕਰਮ ਸਿੰਘ ਤੇ ਹੋਰ ਸਾਥੀ ਸ਼ਾਮਲ ਹੋਏ।ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਾ. ਸੁਰਿੰਦਰ ਸਹਿਗਲ ਨੇ ਦੱਸਿਆ ਕਿ ਕੌਮੀ ਪੱਧਰ ਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਪੁਤਲੇ ਫੂਕੇ ਜਾ ਰਹੇ ਹਨ।ਇਸੇ ਲੜੀ ਵਿੱਚ ਫੈਸਲਾ ਕੀਤਾ ਗਿਆ ਕਿ ਪਠਾਨਕੋਟ ਵਿਖੇ 01 ਅਕਤੂਬਰ ਨੂੰ ਮੁੱਖ ਚੋਣ ਕਮਿਸ਼ਨਰ ਦਾ ਪੁਤਲਾ ਫੂਕਿਆ ਜਾਵੇਗਾ।ਉਨ੍ਹਾਂ ਕਿਹਾ ਕਿ ਸੀ ਪੀ ਆਈ ਐੱਮ ਦੇ ਦਫਤਰ ਗਾਂਧੀ ਚੌਕ ਪਠਾਨਕੋਟ ਵਿਖੇ ਇਕੱਠੇ ਸਾਰੇ ਸਾਥੀ 11 ਵਜੇ ਇਕੱਠੇ ਹੋ ਕੇ ਵਾਲਮੀਕੀ ਚੌਕ ਵਿਖੇ ਪੁਤਲਾ ਫੂਕਣਗੇ। ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਚੋਣ ਕਮਿਸ਼ਨ ਦੇ ਵਿਰੁੱਧ ਕਾਂਗਰਸ ਅਤੇ ਹੋਰ ਪਾਰਟੀਆਂ ਵੱਲੋਂ ਐੱਸ ਆਈ ਆਰ ਦੀ ਮੁਹਿੰਮ ਕਾਰਵਾਈ 'ਤੇ ਇਤਰਾਜ਼ ਜਤਾਏ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ 14 ਵਾਰ ਵੋਟਰ ਰਜਿਸਟ੍ਰੇਸ਼ਨ, ਨਾਵਾਂ ਨੂੰ ਹਟਾਉਣ, ਬਹਾਲ ਕਰਨ ਅਤੇ ਐੱਸ ਆਈ ਆਰ ਦੇ ਸੰਚਾਲਨ ਨਾਲ ਸਬੰਧਿਤ ਫੈਸਲਿਆਂ 'ਤੇ ਇਤਰਾਜ਼ ਦਰਜ ਕਰਵਾਏ ਸਨ।ਉਨ੍ਹਾਂ ਨੇ ਆਪਣੀ ਸਹਿਮਤੀ ਤੋਂ ਬਿਨਾਂ ਲਏ ਜਾ ਰਹੇ ਫੈਸਲਿਆਂ ਬਾਰੇ ਵੀ ਗੰਭੀਰ ਇਤਰਾਜ਼ ਜਤਾਏ।ਇਨ੍ਹਾਂ ਖੁਲਾਸਿਆ ਨੇ ਰਾਜਨੀਤਕ ਪਾਰਟੀਆ ਵੱਲੋਂ ਉਠਾਏ ਗਏ ਸਵਾਲਾਂ ਦੇ ਠੀਕ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ।ਚੋਣ ਕਮਿਸ਼ਨ ਦਾ ਕੰਮ ਕਈ ਸਵਾਲ ਖੜੇ ਕਰਦਾ ਹੈ।ਇਸ ਨਾਲ 13 ਕਰੋੜ ਵੋਟਰਾਂ ਦੇ ਨਾਂਅ ਕੱਟੇ ਗਏ ਹਨ।ਇਹ ਲੋਕ ਪ੍ਰਤੀਨਿਧਤਾ ਐਕਟ ਤਹਿਤ ਆਪਣੀਆਂ ਕਨੂੰਨੀ ਡਿਊਟੀਆਂ ਦੀ ਉਲੰਘਣਾ ਕੀਤੀ ਹੈ। ਇਸ ਲਈ ਮੁੱਖ ਚੋਣ ਕਮਿਸ਼ਨਰ 'ਤੇ ਅਪਰਾਧਿਕ ਮਾਮਲਾ ਦਰਜ ਕੀਤਾ ਜਾਵੇ।

# ਵਿਕਾਸ ਕਾਰਜਾਂ ਦੇ ਉਦਘਾਟਨ ਲਈ ਮੁੱਖ ਮੰਤਰੀ ਮਾਨ 3 ਨੂੰ ਘਣੀਏ-ਕੇ-ਬਾਂਗਰ ਆਉਣਗੇ



ਬਟਾਲਾ (ਤਰਲੋਕ ਬੱਗਾ)- ਘਣੀਏ ਕੇ ਬਾਂਗਰ ਵਿਖੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿਤਿਆ ਉੱਪਲ ਦੀ ਪ੍ਰਧਾਨਗੀ ਹੇਠ ਪਿੰਡ ਦੇ ਸਰਬਪੱਖੀ ਵਿਕਾਸ ਕਾਰਜਾਂ ਦੀ ਸਮੀਖਿਆ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਆਮਦ ਸਬੰਧੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।ਇਸ ਮੌਕੇ ਐੱਸ ਐੱਸ ਪੀ ਬਟਾਲਾ ਡਾ. ਮਹਿਤਾਬ ਸਿੰਘ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਜੋਬਨ ਰੰਧਾਵਾ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਐੱਸ ਪੀ (ਐੱਚ) ਮੈਡਮ ਪ੍ਰਭਜੋਤ ਕੌਰ, ਐੱਸ ਡੀ ਐੱਮ ਸੁਖਜਿੰਦਰ ਸਿੰਘ ਟਿਵਾਣਾ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਪਾਰਟੀ ਦੇ ਆਗੂ ਅਤੇ ਵਰਕਰ ਮੌਜੂਦ ਸਨ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਪਿੰਡ ਘਣੀਏ ਕੇ ਬਾਂਗਰ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਨੂੰ ਜਲਦ ਨੇਪਰੇ ਚਾੜ੍ਹਨ ਦੀ ਹਦਾਇਤ ਕਰਦਿਆਂ ਕਿਹਾ ਕਿ ਪਿੰਡ ਵਾਸੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਜਲਦ ਵਿਕਾਸ ਕੰਮ ਮੁਕੰਮਲ ਕਰਵਾਏ ਜਾਣ। ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਹਲਕਾ ਇੰਚਾਰਜ ਫਤਿਹਗੜ੍ਹ ਚੂੜੀਆਂ ਅਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਜੋਬਨ ਰੰਧਾਵਾ ਨੇ ਦੱਸਿਆ ਕਿ ਪਿੰਡ ਘਣੀਏ-ਕੇ-ਬਾਂਗਰ ਸਮੇਤ ਹਲਕੇ ਅੰਦਰ ਵਿਕਾਸ ਕਾਰਜਾਂ ਦੀ ਰਫ਼ਤਾਰ ਨੂੰ ਹੋਰ ਤੇਜ਼ੀ ਦੇਣ ਲਈ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ 3 ਅਕਤੂਬਰ ਨੂੰ ਪਿੰਡ ਘਣੀਏ-ਕੇ-ਬਾਂਗਰ ਵਿੱਚ ਆਉਣਗੇ ਅਤੇ ਉਨ੍ਹਾਂ ਦੇ ਕਰ ਕਮਲਾਂ ਨਾਲ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਲੋਕਾਂ ਦੀ ਸੇਵਾ ਅਤੇ ਲੋਕਾਂ ਨੂੰ ਸਰਕਾਰ ਦੀਆਂ ਲੋਕਪੱਖੀ ਨੀਤੀਆਂ ਦਾ ਲਾਭ ਦਿਵਾਉਣ ਲਈ ਖੁਦ ਲੋਕਾਂ ਤੱਕ ਪਹੁੰਚ ਕਰ ਰਹੇ ਹਨ ਅਤੇ ਹਲਕਾ ਵਾਸੀਆਂ ਵੱਲੋਂ ਵੀ ਉਨ੍ਹਾਂ ਨੂੰ ਰੱਜਵਾਂ ਪਿਆਰ ਦਿੱਤਾ ਜਾ ਰਿਹਾ ਹੈ।ਉਨ੍ਹਾਂ ਦੁਹਰਾਇਆ ਕਿ ਹਲਕੇ ਦੇ ਵਿਕਾਸ ਵਿੱਚ ਕੋਈ ਕਮੀਂ ਨਹੀ ਰਹਿਣ ਦਿੱਤੀ ਜਾਵੇਗੀ।

# ਵਿਧਾਇਕ ਸ਼ੈਰੀ ਕਲਸੀ ਨੇ ਰੋਜ਼ਗਾਰ ਕੈਂਪ 'ਚ 15 ਪ੍ਰਾਰਥੀਆਂ ਨੂੰ ਆਫਰ ਲੈਟਰ ਵੰਡੇ



ਬਟਾਲਾ, (ਡਾ. ਮਲਵਿੰਦਰ ਸਿੰਘ) ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵੱਲੋਂ ਗਾਂਧੀ ਕੈਂਪ, ਬਟਾਲਾ ਵਿਖੇ ਰੁਜ਼ਗਾਰ ਕੈਂਪ ਲਗਾਇਆ ਗਿਆ। ਇਸ ਮੌਕੇ ਮਾਣਿਕ ਮਹਿਤਾ, ਚੇਅਰਮੈਨ ਮਾਰਕੀਟ ਕਮੇਟੀ, ਬਟਾਲਾ ਵੀ ਮੌਜੂਦ ਸਨ।ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਗਾਂਧੀ ਕੈਂਪ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਘਰਾਂ ਤੱਕ ਪਹੁੰਚ ਕਰਕੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮੁਹਈਆ ਕਰਵਾਏ ਜਾ ਰਹੇ ਹਨ ਅਤੇ ਇਸੇ ਮੰਤਵ ਤਹਿਤ ਵਿਸ਼ੇਸ਼ ਕੈਂਪ ਲਗਾਇਆ ਗਿਆ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਮੌਕੇ ਤੇ 15 ਪ੍ਰਾਰਥੀਆਂ ਨੂੰ ਆਫਰ ਲੈਟਰ ਵੰਡੇ ਗਏ ਅਤੇ ਨਾਲ ਹੀ ਉਨ੍ਹਾਂ ਨੇ ਜ਼ਿਲ੍ਹਾ ਰੁਜ਼ਗਾਰ ਅਫਸਰ ਨਰੇਸ਼ ਕੁਮਾਰ (ਪੀ ਸੀ ਐਸ) ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਨਾਲ ਹੀ ਉਨ੍ਹਾਂ ਦੀ ਟੀਮ ਦਾ ਵੀ ਧੰਨਵਾਦ ਕੀਤਾ।ਇਸ ਕੈਂਪ ਵਿੱਚ ਐਕਸਿਸ ਬੈਂਕ, ਸਵਿਫਟ ਸਕਿਉਰਿਟੀ, ਅੰਮ੍ਰਿਤਸਰ ਐੱਸ ਆਈ ਐੱਸ ਸਕਿਉਰਿਟੀ, ਜਗਜੀਤ ਸਕਿਉਰਿਟੀਜ਼, ਈ-ਕਾਰਟ ਲੌਜਿਸਟਿਕਸ (ਫਲਿਪਕਾਰਟ ਗਰੁੱਪ), ਐੱਸ ਬੀ ਆਈ ਲਾਈਫ, ਵਰਧਮਾਨ ਮਿਲਜ਼, ਲੁਧਿਆਣਾ, ਐੱਲ ਆਈ ਸੀ ਬਟਾਲਾ ਅਤੇ ਸ੍ਰੀ ਰਾਮ ਫਾਇਨਾਂਸ, ਬਟਾਲਾ ਨੇ ਸ਼ਿਰਕਤ ਕੀਤੀ।ਕੈਂਪ ਵਿੱਚ ਕੁੱਲ 259 ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ ਅਤੇ ਕਰੀਬ 153 ਪ੍ਰਾਰਥੀਆਂ ਨੂੰ ਸ਼ਾਰਟਲਿਸਟ ਕੀਤਾ ਗਿਆ।ਇਸ ਮੌਕੇ ਬਿਊਰੋ ਤੋਂ ਗਗਨ ਧਾਲੀਵਾਲ, ਪ੍ਰਦੀਪ ਕੁਮਾਰ, ਪਵਿੱਤਰ ਰੰਧਾਵਾ, ਗੁਰਪ੍ਰੀਤ ਸਿੰਘ, ਮਨਪ੍ਰੀਤ ਸਿੰਘ ਅਤੇ ਕੁਲਵਿੰਦਰ ਸਿੰਘ ਹਾਜ਼ਰ ਸਨ।

# ਖੇਤਰੀ ਖੋਜ ਕੇਂਦਰ ਗੁਰਦਾਸਪੁਰ ਵਿਖੇ ਕਿਸਾਨ ਮੇਲਾ ਲੱਗਾ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੀ. ਏ. ਯੂ. ਦੇ ਕਿਸਾਨ ਮੇਲਿਆਂ ਦੀ ਲੜੀ ਤਹਿਤ ਖੇਤਰੀ ਖੋਜ ਕੇਂਦਰ ਗੁਰਦਾਸਪੁਰ ਵਿਖੇ ਕਿਸਾਨ ਮੇਲਾ ਲੱਗਾ।ਇਸ ਮੇਲੇ ਦੇ ਉਦਘਾਟਨੀ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਸ਼ਿਰਕਤ ਕੀਤੀ।ਸੈਸ਼ਨ ਦੀ ਪ੍ਰਧਾਨਗੀ ਪੀ ਏ ਯੂ ਦੇ ਵਾਈਸ ਚਾਂਸਲਰ ਸੁਖਜੀਤਪਾਲ ਸਿੰਘ ਨੇ ਕੀਤੀ।ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ, ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ, ਸੀਨੀਅਰ ਆਗੂ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਪੀ ਏ ਯੂ ਦੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਅਤੇ ਨਿਰਦੇਸ਼ਕ ਪਸਾਰ ਸਿੱਖਿਆ ਡਾ ਮੱਖਣ ਸਿੰਘ ਭੁੱਲਰ ਵਿਸ਼ੇਸ਼ ਮਹਿਮਾਨਾਂ ਵਜੋਂ ਹੋਰ ਪਤਵੰਤਿਆਂ ਨਾਲ ਮੰਚ ਉੱਪਰ ਮੌਜੂਦ ਰਹੇ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਸਾਨਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਪੀ ਏ ਯੂ ਖੇਤੀ ਵਿਗਿਆਨ ਅਤੇ ਆਸਥਾ ਦਾ ਕੇਂਦਰ ਹੈ।ਇਸਨੇ ਪੰਜਾਬ ਸੂਬੇ ਦੀ ਖੇਤੀ ਨੂੰ ਅਗਾਂਹਵਧੂ ਲੀਹਾਂ ਉੱਪਰ ਤੋਰਨ ਲਈ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕਾਰਜ ਕੀਤਾ।ਪੀ ਏ ਯੂ ਦੇ ਵਾਈਸ ਚਾਂਸਲਰ ਸੁਖਜੀਤਪਾਲ ਸਿੰਘ, ਆਈ ਏ ਐੱਸ ਨੇ ਆਪਣੇ ਵਿਸ਼ੇਸ਼ ਭਾਸ਼ਣ ਵਿਚ ਕਿਹਾ ਕਿ ਮੇਲੇ ਦਾ ਮਕਸਦ ਕਿਸਾਨਾਂ ਅਤੇ ਮਾਹਿਰਾਂ ਦੇ ਵਿਚਾਰਾਂ ਦਾ ਸੰਚਾਰ ਤੇ ਸੰਵਾਦ ਹੈ।ਇਸ ਲਈ ਮੇਲੇ ਦਾ ਉਦੇਸ਼ ਵਿਗਿਆਨਕ ਢੰਗ ਅਪਣਾਓ, ਖੇਤੀ ਆਮਦਨ ਵਧਾਓ ਰੱਖਿਆ ਗਿਆ ਹੈ।ਮੇਲੇ ਦੌਰਾਨ ਜਿਨ੍ਹਾਂ ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ, ਉਨ੍ਹਾਂ ਵਿਚ ਬਲਬੀਰ ਸਿੰਘ ਪਿੰਡ ਖਲਾਹ ਨੂੰ ਫ਼ਸਲੀ ਭਿੰਨਤਾ ਲਈ, ਹਰਜਿੰਦਰ ਸਿੰਘ ਪਿੰਡ ਭੋਪਰ ਸੈਂਦਾ ਨੂੰ ਡੇਅਰੀ ਫਾਰਮਿੰਗ ਲਈ, ਮਨਜੀਤ ਸਿੰਘ ਪਿੰਡ ਪੂਰੋਵਾਲ ਜੱਟਾਂ ਨੂੰ ਜੈਵਿਕ ਸਬਜ਼ੀਆਂ ਦੀ ਕਾਸ਼ਤ ਲਈ, ਸਿਧਾਰਥ ਦਾਦਵਾਲ ਨੂੰ ਬਾਗਬਾਨੀ ਲਈ, ਗੁਰਜਿੰਦਰ ਸਿੰਘ ਪਿੰਡ ਸ਼ੇਖੂਪੁਰ ਨੂੰ ਫ਼ਸਲੀ ਉਤਪਾਦਨ ਦੇ ਮੁੱਲ ਵਾਧੇ ਲਈ ਅਤੇ ਤਰਸੇਮ ਸਿੰਘ ਪਿੰਡ ਦੂਲਾਨੰਗਲ ਨੂੰ ਪਰਾਲੀ ਸੰਭਾਲ ਲਈ ਕਰਨ ਵਾਲੇ ਕਿਸਾਨ ਪ੍ਰਮੁੱਖ ਹਨ।ਨਾਲ ਹੀ ਪੀ ਏ ਯੂ ਦੇ ਵਧੀਕ ਨਿਰਦੇਸ਼ਕ ਪਸਾਰ ਸਿੱਖਿਆ ਡਾ. ਤਰਸੇਮ ਸਿੰਘ ਢਿੱਲੋਂ, ਖੇਤਰੀ ਖੋਜ ਕੇਂਦਰ ਗੁਰਦਾਸਪੁਰ ਦੇ ਸਰਬਜੀਤ ਸਿੰਘ ਨੂੰ ਉਨ੍ਹਾਂ ਵੱਲੋਂ ਪਾਏ ਭਰਪੂਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।ਪੀ ਏ ਯੂ ਦੇ ਮਾਹਿਰਾਂ ਨੇ ਕਿਸਾਨਾਂ ਨੂੰ ਮੌਜੂਦਾ ਖੇਤੀ ਮਸਲਿਆਂ ਅਤੇ ਆਉਂਦੀ ਫ਼ਸਲ ਬਾਰੇ ਅਗਾਊਂ ਜਾਗਰੂਕਤਾ ਦਾ ਵਡਮੁੱਲਾ ਕਾਰਜ ਅੰਜਾਮ ਦਿੱਤਾ।

# ਸਰਕਾਰੀ ਸਕੂਲ ਵਜ਼ੀਰ ਭੁੱਲਰ ਦੇ ਵਿਦਿਆਰਥੀਆਂ ਦੀ ਰਾਜ ਪੱਧਰੀ ਮੁਕਾਬਲੇ ਲਈ ਚੋਣ



ਬਿਆਸ (ਪਰਮਜੀਤ ਸਿੰਘ ਰੱਖੜਾ)- ਪਿਛਲੇ ਦਿਨੀਂ ਸਿੱਖਿਆ ਵਿਭਾਗ ਅਤੇ ਕਲਾ ਵਿਭਾਗ ਦੇ ਸਾਂਝੇ ਉਪਰਾਲੇ ਨਾਲ ਆਨਲਾਈਨ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਵਜ਼ੀਰ ਭੁੱਲਰ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ (ਪ੍ਰਾਇਮਰੀ ਵਰਗ) ਵਿੱਚ ਭਾਗ ਲਿਆ ਅਤੇ ਉਨ੍ਹਾਂ ਨੇ ਪੰਜਾਬ ਭਰ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਉਨ੍ਹਾਂ ਦੀ ਚੋਣ ਆਫਲਾਈਨ ਰਾਜ ਪੱਧਰੀ ਮੁਕਾਬਲਿਆਂ ਲਈ ਹੋਈ ਹੈ। ਇਹ ਜਾਣਕਾਰੀ ਸਕੂਲ ਮੁਖੀ ਮਾਸਟਰ ਜਗਜੀਤ ਸਿੰਘ ਨੇ ਦਿੰਦਿਆਂ ਕਿਹਾ ਕਿ ਇਸ ਵਿੱਚ ਗਾਈਡ ਅਧਿਆਪਕ ਵਜੋਂ ਭੂਮਿਕਾ ਮਾਸਟਰ ਹਰਭਿੰਦਰ ਸਿੰਘ ਈ. ਟੀ. ਟੀ ਅਧਿਆਪਕ ਵੱਲੋਂ ਨਿਭਾਈ ਗਈ। ਇਹ ਸਭ ਬੱਚਿਆਂ ਅਤੇ ਅਧਿਆਪਕ ਦੀ ਸਖਤ ਮਿਹਨਤ ਸਦਕਾ ਹੋਇਆ। ਇਸ ਸਮੇਂ ਮਾਸਟਰ ਵਿਕਾਸ ਕੁਮਾਰ, ਮਾਸਟਰ ਤਲਵਿੰਦਰ ਸਿੰਘ ਅਤੇ ਮੈਡਮ ਬਲਜੀਤ ਕੌਰ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਬਟਾਲਾ 'ਚ ਭਲਕੇ

ਬਟਾਲਾ, (ਡਾ. ਮਲਵਿੰਦਰ ਸਿੰਘ)-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਹਾੜ੍ਹੀ ਦੀਆਂ ਫਸਲਾਂ ਸਬੰਧੀ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾ ਕੈਂਪ ਅਤੇ ਖੇਤੀ ਪ੍ਰਦਰਸ਼ਨੀਆਂ ਆਈ. ਟੀ. ਆਈ. ਬਟਾਲਾ ਵਿਖੇ ਲਗਾਈਆਂ ਜਾ ਰਹੀਆਂ ਹਨ।ਡਾ. ਸ਼ਾਹਬਾਜ਼ ਸਿੰਘ ਚੀਮਾ, ਮੁੱਖ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਨੇ ਦੱਸਿਆ ਕਿ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਸ਼ਿਰਕਤ ਕਰਨਗੇ।ਵਿਸ਼ੇਸ਼ ਮਹਿਮਾਨ ਵਜੋਂ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਅਤੇ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਪਹੁੰਚਣਗੇ।ਉਨ੍ਹਾਂ ਦੱਸਿਆ ਕਿ ਮੇਲੇ ਦਾ ਉਦਘਾਟਨ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਆਤਮਾ ਆਦਿਤਿਆ ਉਪਲ ਕਰਨਗੇ ਅਤੇ ਮੇਲੇ ਦੀ ਪ੍ਰਧਾਨਗੀ ਡਾ. ਗੁਰਜੀਤ ਸਿੰਘ ਬਰਾੜ ਡਾਇਰੈਕਟਰ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਕਰਨਗੇ।ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਸਾਬਕਾ ਵਿਧਾਇਕ ਅਤੇ ਸੀਨੀਅਰ ਆਗੂ ਬਲਵਿੰਦਰ ਸਿੰਘ ਲਾਡੀ, ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ, ਹਰਜੋਬਨਜੀਤ ਸਿੰਘ ਰੰਧਾਵਾ ਹਲਕਾ ਇੰਚਾਰਜ ਫਤਿਹਗੜ੍ਹ ਚੂੜੀਆਂ, ਹਲਕਾ ਇੰਚਾਰਜ ਦੀਨਾਨਗਰ ਸਮਸ਼ੇਰ ਸਿੰਘ ਅਤੇ ਹਲਕਾ ਇੰਚਾਰਜ ਕਾਦੀਆਂ ਗੁਰਇਕਬਾਲ ਸਿੰਘ ਮਾਹਲ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ।ਉਨ੍ਹਾਂ ਦੱਸਿਆ ਕਿ ਪਹਿਲੀ ਅਕਤੂਬਰ ਨੂੰ ਸਵੇਰੇ 9.30 ਵਜੇ ਤੋਂ 11 ਵਜੇ ਤੱਕ ਰਜਿਸਟਰੇਸ਼ਨ ਹੋਵੇਗੀ, ਮੇਲੇ ਦਾ ਉਦਘਾਟਨ 11 ਵਜੇ ਹੋਵੇਗਾ, ਤਕਨੀਕੀ ਸ਼ੈਸਨ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਗੁਰੂ ਦਾ ਲੰਗਰ 11 ਤੋਂ 1 ਵਜੇ ਤੱਕ ਚੱਲੇਗਾ।ਉਨ੍ਹਾਂ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਕੈਂਪ ਵਿੱਚ ਪਹੁੰਚ ਕੇ ਖੇਤੀਬਾੜੀ ਮਾਹਿਰਾਂ ਦੇ ਵਿਚਾਰ ਸੁਣਨ ਦੀ ਅਪੀਲ ਕੀਤੀ।

# ਸੰਦੀਪ ਡੋਗਰਾ ਨੇ ਬਤੌਰ ਡੀ ਪੀ ਈ ਅਹੁਦਾ ਸੰਭਾਲਿਆ



**ਪਠਾਨਕੋਟ (ਦਵਿੰਦਰ ਸਿੰਘ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟ ਵਿੱਚ ਬਲਾਕ ਖੇਡ ਕੋਆਰਡੀਨੇਟਰ ਸੰਦੀਪ ਕੁਮਾਰ ਡੋਗਰਾ ਪੀਟੀਆਈ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਦੇਖਦੇ ਹੋਏ ਸਿੱਖਿਆ ਵਿਭਾਗ ਵੱਲੋਂ ਡੀਪੀਈ ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ ਹੈ।ਉਨ੍ਹਾਂ ਦੀ ਨਵੀਂ ਤਾਇਨਾਤੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟ ਵਿੱਚ ਕੀਤੀ ਗਈ ਹੈ।ਅਹੁਦਾ ਸੰਭਾਲਣ ਮੌਕੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਅਰੁਣ ਕੁਮਾਰ ਸ਼ਰਮਾ, ਸਕੂਲ ਪ੍ਰਿੰਸੀਪਲ ਅਰੁਣ ਕੁਮਾਰ, ਮੈਡਮ ਰੇਣੂ ਸ਼ਰਮਾ, ਅੰਮ੍ਰਿਤ ਕੌਰ, ਲੈਕਚਰਾਰ ਹਰੀਸ਼ ਕੁਮਾਰ ਅਤੇ ਹੋਰ ਸਟਾਫ਼ ਮੈਂਬਰਾਂ ਨੇ ਨਵ-ਪਦਉੱਨਤ ਡੀਪੀਈ ਸੰਦੀਪ ਡੋਗਰਾ ਨੂੰ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ।ਇਸ ਮੌਕੇ ਪਹੁੰਚੇ ਅਧਿਆਪਕਾਂ ਅਤੇ ਸਟਾਫ਼ ਮੈਂਬਰਾਂ ਨੇ ਨਵ-ਪਦਉਨਤ ਡੀਪੀਈ ਸੰਦੀਪ ਡੋਗਰਾ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਵਿੱਚ ਖੇਡਾਂ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਪ੍ਰਿੰ. ਅਰੁਣ ਕੁਮਾਰ, ਜ਼ਿਲ੍ਹਾ ਖੇਡ ਕੋਆਰਡੀਨੇਟਰ ਅਰੁਣ ਸ਼ਰਮਾ, ਲੈਕਚਰਾਰ ਹਰੀਸ਼ ਕੁਮਾਰ, ਡੀਪੀਈ ਅਵਤਾਰ ਸਿੰਘ, ਸੁਰਿੰਦਰ ਕੁਮਾਰ, ਬਲਵਿੰਦਰ ਸਿੰਘ ਅਤੇ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।

# ਜੱਸਵਾਲੀ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੈੱਲਥ ਕਾਰਡ ਵੰਡੇ



ਪਠਾਨਕੋਟ (ਦਵਿੰਦਰ ਸਿੰਘ)- ਕੈਬਨਿਟ ਮੰਤਰੀ ਕਟਾਰੂਚੱਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਜਸਵਾਲੀ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸਿਹਤ ਵਿਭਾਗ ਦੀ ਟੀਮ ਵੱਲੋਂ ਪਿੰਡ ਵਾਸੀਆਂ ਨੂੰ ਮੁੱਖ ਮੰਤਰੀ ਸਿਹਤ ਕਾਰਡ ਵੰਡੇ ਗਏ।ਇਸ ਮੌਕੇ ਪਿੰਡ ਵਾਸੀਆਂ ਨੂੰ ਪਹਿਲਾਂ ਸੂਚਨਾ ਦੇ ਕੇ ਇੱਕ ਸਾਂਝੀ ਜਗ੍ਹਾ ਤੇ ਇਕੱਠਾ ਕੀਤਾ ਗਿਆ, ਜਿੱਥੇ ਸਿਹਤ ਵਿਭਾਗ ਦੀ ਟੀਮ ਵੱਲੋਂ ਸੁਚੱਜੇ ਢੰਗ ਨਾਲ ਸਿਹਤ ਕਾਰਡ ਵੰਡੇ ਗਏ।ਇਸ ਮੌਕੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਵੱਲੋਂ ਦਿੱਤੀ ਮਹਾਨ ਕੁਰਬਾਨੀ ਨੂੰ ਨਮਨ ਕੀਤਾ ਗਿਆ।ਸਮਾਗਮ ਨੂੰ ਲੋਕ ਸੇਵਾ ਅਤੇ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਕਰਦਿਆਂ ਸਿਹਤ ਸਹੂਲਤਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ।ਇਸ ਮੌਕੇ ਬਲਾਕ ਪ੍ਰਧਾਨ ਰਵੀ ਸਿੰਘ, ਸਰਪੰਚ ਮੋਨਿਕਾ ਦੇਵੀ, ਪੰਚਾਇਤ ਮੈਂਬਰ ਅਗਬੇਰ ਸਿੰਘ, ਸੁਨੀਤਾ ਦੇਵੀ, ਦੀਪਾਲੀ, ਸੰਜੀਵ ਸਿੰਘ ਅਤੇ ਰਵਨ ਕੁਮਾਰ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਆਮ ਲੋਕਾਂ ਅਤੇ ਲੋੜਵੰਦ ਪਰਿਵਾਰਾਂ ਲਈ ਲਾਹੇਵੰਦ ਉਪਰਾਲਾ ਹੈ।

ਸਿਹਤ ਕਾਰਡ ਰਾਹੀਂ ਲੋਕਾਂ ਨੂੰ ਇਲਾਜ ਦੀਆਂ ਸਹੂਲਤਾਂ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ ਅਤੇ ਸਿਹਤ ਸਬੰਧੀ ਖਰਚਿਆਂ ਦਾ ਬੋਝ ਘਟਾਉਣ ਵਿੱਚ ਰਾਹਤ ਮਿਲੇਗੀ।ਪੰਚਾਇਤ ਵੱਲੋਂ ਸਿਹਤ ਵਿਭਾਗ ਦੀ ਟੀਮ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਅਤੇ ਕਿਹਾ ਗਿਆ ਕਿ ਸ਼ਹੀਦ ਭਗਤ ਸਿੰਘ ਦੇ ਸਮਾਨਤਾ, ਸੇਵਾ ਅਤੇ ਲੋਕ ਭਲਾਈ ਦੇ ਆਦਰਸ਼ਾਂ ਨੂੰ ਅਪਣਾਉਂਦਿਆਂ ਸਮਾਜ ਦੇ ਹਰ ਵਰਗ ਤੱਕ ਸਿਹਤ ਸਹੂਲਤਾਂ ਪਹੁੰਚਾਉਣਾ ਸਮੇਂ ਦੀ ਲੋੜ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਿਡਾਰੀਆਂ ਵੱਲੋਂ ਵਾਲੀਬਾਲ ਟੂਰਨਾਮੈਂਟ 'ਚ ਅੱਵਲ ਸਥਾਨ



ਝਬਾਲ, (ਹਰਜਿੰਦਰ ਸਿੰਘ ਸੋਨੀ)- ਬੀਐੱਸਐੱਫ ਪੰਜਾਬ ਵੱਲੋਂ ਫਿਰੋਜ਼ਪੁਰ ਵਿਖੇ ਕਰਵਾਏ ਗਏ ਵਾਲੀਬਾਲ ਟੂਰਨਾਮੈਂਟ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਅਤੇ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਦੇ ਖਿਡਾਰੀਆਂ ਨੇ ਸਾਂਝੇ ਤੌਰ 'ਤੇ ਬੀਐੱਸਐੱਫ ਦੀ 142 ਬਟਾਲੀਅਨ ਵੱਲੋਂ ਖੇਡਦਿਆਂ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵਾਲੀਬਾਲ ਅੰਡਰ-19 ਮੁਕਾਬਲਿਆਂ ਵਿੱਚ ਪੂਰੇ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ।

ਬੀਐੱਸਐੱਫ ਦੇ ਅਧਿਕਾਰੀਆਂ ਵੱਲੋਂ ਪਹਿਲਾ ਸਥਾਨ ਹਾਸਲ ਕਰਨ ਵਾਲੀ ਐੱਸਜੀਪੀਸੀ ਦੇ ਸਕੂਲਾਂ ਦੀ ਸਾਂਝੀ ਟੀਮ ਨੂੰ 25,000 ਰੁਪਏ ਨਗਦ ਇਨਾਮ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਦਫ਼ਤਰ ਵਿਖੇ ਜੇਤੂ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਮੈਨੇਜਰ ਧਰਵਿੰਦਰ ਸਿੰਘ ਮਾਨੋਚਾਹਲ, ਪ੍ਰਿੰਸੀਪਲ ਜਗਰੂਪ ਕੌਰ, ਪ੍ਰਿੰਸੀਪਲ ਸਰਬਜੀਤ ਕੌਰ ਜਫਰਵਾਲ, ਅਵਤਾਰ ਸਿੰਘ ਡੀਪੀਈ, ਗੁਰਮੀਤ ਸਿੰਘ ਡੀਪੀਈ, ਅਮਨਪ੍ਰੀਤ ਕੌਰ ਡੀਪੀਈ, ਪਵਨਦੀਪ ਸਿੰਘ ਪੀਟੀ ਟੀਚਰ ਵੱਲੋਂ ਖਿਡਾਰੀਆਂ ਨੂੰ ਸਰਟੀਫਿਕੇਟ ਅਤੇ ਨਗਦ ਇਨਾਮੀ ਰਾਸ਼ੀ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ।ਇਸ ਮੌਕੇ ਮੈਨੇਜਰ ਧਰਵਿੰਦਰ ਸਿੰਘ ਮਾਨੋਚਾਹਲ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਿੱਖ ਕੌਮ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਇਹ ਬੇਹੱਦ ਮਾਨ ਵਾਲੀ ਗੱਲ ਹੈ ਕਿ ਸੰਸਥਾ ਦੇ ਵਿਦਿਆਰਥੀ ਪੜ੍ਹਾਈ, ਧਾਰਮਿਕ ਮੁਕਾਬਲਿਆਂ ਅਤੇ ਹੋਰ ਗਤੀਵਿਧੀਆਂ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਲਗਾਤਾਰ ਮੱਲਾਂ ਮਾਰ ਰਹੇ ਹਨ।ਉਨ੍ਹਾਂ ਕਿਹਾ ਕਿ ਖਿਡਾਰੀਆਂ ਵੱਲੋਂ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਉੱਚ ਸਥਾਨ ਹਾਸਲ ਕਰਨਾ ਸੰਸਥਾ ਲਈ ਮਾਣ ਦੀ ਗੱਲ ਹੈ ਅਤੇ ਇਹ ਪ੍ਰਾਪਤੀਆਂ ਹੋਰਨਾਂ ਵਿਦਿਆਰਥੀਆਂ ਨੂੰ ਵੀ ਖੇਡਾਂ ਪ੍ਰਤੀ ਉਤਸ਼ਾਹਿਤ ਕਰਨਗੀਆਂ।

# ਡਾ. ਕਸ਼ਮੀਰ ਸਿੰਘ ਖੁੰਡਾ ਦੀ ਸੇਵਾ ਮੁਕਤੀ 'ਤੇ ਵਿਸ਼ੇਸ਼



ਧਾਰੀਵਾਲ (ਮਨਦੀਪ ਵਿੱਕੀ)-ਜ਼ਿਲ੍ਹਾ ਗੁਰਦਾਸਪੁਰ ਦੇ ਸਹਿਰ ਧਾਰੀਵਾਲ ਨੇੜਲੇ ਇਤਿਹਾਸਿਕ ਪਿੰਡ ਖੁੰਡਾ ਦੇ ਜੰਮਪਲ ਡਾ: ਕਸ਼ਮੀਰ ਸਿੰਘ ਖੁੰਡਾ ਨੇ 1992 ਵਿੱਚ ਈ ਈ ਟੀ ਅਧਿਆਪਕ ਵਜੋਂ ਸਰਕਾਰੀ ਪ੍ਰਾਇਮਰੀ ਸਕੂਲ ਘੜਕਾ ਅੰਮ੍ਰਿਤਸਰ ਹੁਣ ਤਰਨ ਤਾਰਨ ਤੋਂ ਨੌਕਰੀ ਸ਼ੁਰੂ ਕਰਕੇ ਅੱਜ 30 ਸਤੰਬਰ 2026 ਨੂੰ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਵੇਰਕਾ, ਅੰਮ੍ਰਿਤਸਰ ਤੋਂ ਬਤੌਰ ਵਾਇਸ ਪ੍ਰਿੰਸੀਪਲ (ਸੀਨੀਅਰ ਲੈਕਚਰਾਰ) ਸੇਵਾ ਮੁਕਤ ਹੋ ਰਹੇ ਹਨ।ਡਾ. ਖੁੰਡਾ ਬਤੌਰ ਈ ਟੀ ਟੀ ਵਿਦਿਆਰਥੀ ਡਾਇਟ ਸਟੂਡੈਂਟ ਵੈੱਲਫੇਅਰ ਐਸੋਸੀਏਸ਼ਨ ਦੇ ਸੰਸਥਾਪਕ ਮੈਂਬਰ ਹਨ।ਉਨ੍ਹਾਂ ਨੇ 1992 ਵਿੱਚ ਐਲੀਮੈਂਟਰੀ ਟੀਚਰਜ਼ ਫਰੰਟ ਨਾਂਅ ਦੀ ਜਥੇਬੰਦੀ ਬਣਾਈ, ਜਿਸਦਾ ਵਿਸਥਾਰ ਕਰਦਿਆਂ 1996 ਵਿੱਚ ਐਲੀਮੈਂਟਰੀ ਟੀਚਰਜ਼ ਯੂਨੀਅਨ ਦੀ ਸਥਾਪਨਾ ਕੀਤੀ ਅਤੇ ਛੇ ਸਾਲ ਸੂਬਾ ਪ੍ਰਧਾਨ ਰਹੇ ਅਤੇ ਸਿੱਖਿਆ ਖੇਤਰ ਵਿੱਚ ਕਈ ਮਾਣਯੋਗ ਪ੍ਰਾਪਤੀਆਂ ਕੀਤੀਆਂ।

ਉਨ੍ਹਾਂ ਨੇ ਸਮੂਹ ਮੁਲਾਜ਼ਮ ਧਿਰਾਂ ਦੀਆਂ ਸਾਂਝੀਆਂ ਜਥੇਬੰਦੀਆਂ ਦੀਆਂ ਮੂਹਰਲੀ ਕਤਾਰ ਦੇ ਆਗੂ ਵਜੋਂ ਬਾਖੂਬੀ ਸੇਵਾਵਾਂ ਨਿਭਾਈਆਂ ਅਤੇ ਕਈ ਪ੍ਰਾਪਤੀਆਂ ਕੀਤੀਆਂ।ਡਾ. ਖੁੰਡਾ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਉਨ੍ਹਾਂ ਨੇ ਵੇਰਕਾ ਡਾਇਟ ਤੋਂ ਈਟੀਟੀ ਦੇ ਪਹਿਲੇ ਬੈਚ (1989-1991) ਵਿੱਚ ਆਪਣੇ ਅਧਿਆਪਨ ਕਿੱਤੇ ਦੀ ਸਿਖਲਾਈ ਲਈ ਅਤੇ ਅੱਜ 30 ਸਤੰਬਰ ਨੂੰ ਏਸੇ ਡਾਇਟ (ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਵੇਰਕਾ) ਅੰਮ੍ਰਿਤਸਰ ਤੋਂ ਸਨਮਾਨਯੋਗ ਅਹੁਦੇ ਬਤੌਰ ਵਾਇਸ ਪ੍ਰਿੰਸੀਪਲ (ਸੀਨੀਅਰ ਲੈਕਚਰਾਰ) ਸੇਵਾ ਮੁਕਤ ਹੋ ਰਹੇ ਹਨ। ਡਾਕਟਰ ਖੁੰਡਾ ਨੇ ਨੌਕਰੀ ਦੌਰਾਨ ਹੀ ਸਮਾਜਿਕ, ਧਾਰਮਿਕ ਸੰਸਥਾਵਾਂ 'ਚ ਕੰਮ ਕਰਦਿਆਂ ਹਾਸ਼ੀਏ ਤੇ ਧੱਕੇ ਲੋਕਾਂ ਦੀ ਆਵਾਜ਼ ਬਣ ਕੇ ਸੁਪਰੀਮ ਕੋਰਟ ਆਫ ਇੰਡੀਆ 'ਚ 7 ਜੱਜਾਂ ਦੀ ਸੰਵਿਧਾਨਿਕ ਬੈਂਚ 'ਤੇ ਲੱਗੇ ਅਤਿ ਪੱਛੜੇ ਵਰਗ ਦੀ ਨੁਮਾਇੰਦਗੀ ਕਰਕੇ ਕੇਸ ਜਿੱਤ ਕੇ ਕੌਮ ਅਤੇ ਸਮੁੱਚੇ ਦੇਸ਼ ਦੇ ਅਤਿ ਪੱਛੜੇ ਵਰਗ ਦੀ ਝੋਲੀ ਪਾਇਆ।ਹੁਣ ਉਹ ਲਗਾਤਾਰ ਸਮਾਜਿਕ, ਧਾਰਮਿਕ ਸੰਸਥਾਵਾਂ ਵਿੱਚ ਮੂਹਰਲੀ ਕਤਾਰ ਦੇ ਆਗੂ ਵਜੋਂ ਸੇਵਾਵਾਂ ਨਿਭਾ ਰਹੇ ਹਨ।

# ਐੱਲਜੀ ਇੰਡੀਆ ਵੱਲੋਂ ਸੈਮੀ-ਆਟੋਮੈਟਿਕ ਵਾਸ਼ਿੰਗ ਮਸ਼ੀਨਾਂ ਦੀ ਨਵੀਂ ਰੇਂਜ ਲਾਂਚ

**ਅੰਮ੍ਰਿਤਸਰ** : ਐਲਜੀ ਇਲੈਕਟ੍ਰਾਨਿਕਸ ਇੰਡੀਆ ਲਿਮਟਿਡ ਨੇ 8 ਤੋਂ 12 ਕਿਲੋ ਸਮਰੱਥਾ ਵਾਲੀਆਂ ਸੈਮੀ-ਆਟੋਮੈਟਿਕ ਵਾਸ਼ਿੰਗ ਮਸ਼ੀਨਾਂ ਦੇ 15 ਮਾਡਲ ਲਾਂਚ ਕੀਤੇ ਹਨ।ਕੰਪਨੀ ਮੁਤਾਬਕ ਨਵੀਂ ਰੇਂਜ ਵਿੱਚ ਸ਼ਾਨਦਾਰ ਧੁਆਈ, ਸਮਾਰਟ ਸਹੂਲਤਾਂ ਅਤੇ ਪ੍ਰੀਮੀਅਮ ਡਿਜ਼ਾਈਨ ਦਿੱਤਾ ਗਿਆ ਹੈ।ਮਸ਼ੀਨਾਂ ਵਿੱਚ ਡੁਅਲ ਸਪਿਨ ਸ਼ਾਵਰ, ਰੋਲਰ ਜੈੱਟ ਪਲਸੇਟਰ+, ਅਲਟਰਾ ਸਕ੍ਰਬ ਵਾਲ, ਸਮਾਰਟ ਲਿੰਟ ਫਿਲਟਰ ਅਤੇ ਵਿੰਡ ਜੈੱਟ ਡਰਾਈ+ ਵਰਗੀਆਂ ਸਹੂਲਤਾਂ ਹਨ। ਕੰਪਨੀ ਦੀ ਯੋਜਨਾ 2027 ਤੋਂ ਇਨ੍ਹਾਂ ਮਸ਼ੀਨਾਂ ਨੂੰ 10 ਤੋਂ ਵੱਧ ਦੇਸ਼ਾਂ ਵਿੱਚ ਨਿਰਯਾਤ ਕਰਨ ਦੀ ਹੈ।ਐੱਲਜੀ ਇੰਡੀਆ ਦੇ ਯੰਗ ਮਿਨ ਹਵਾਂਗ ਨੇ ਕਿਹਾ ਕਿ ਨਵੀਂ ਰੇਂਜ ਤਕਨਾਲੋਜੀ, ਟਿਕਾਊ ਇੰਜੀਨੀਅਰਿੰਗ ਅਤੇ ਪ੍ਰੀਮੀਅਮ ਡਿਜ਼ਾਈਨ ਦਾ ਸੁਮੇਲ ਹੈ। ਮਸ਼ੀਨਾਂ ਦਾ ਨਿਰਮਾਣ ਗ੍ਰੇਟਰ ਨੋਇਡਾ ਸਥਿਤ ਸਮਾਰਟ ਫੈਕਟਰੀ ਵਿੱਚ ਕੀਤਾ ਜਾ ਰਿਹਾ ਹੈ।

# ਆਕਾਸ਼ਦੀਪ ਸਿੰਘ ਦਾ ਨਮ ਅੱਖਾਂ ਨਾਲ ਅੰਤਿਮ ਸੰਸਕਾਰ



ਮਜੀਠਾ (ਸੋਇਮ ਆਨੰਦ)-ਆਮ ਆਦਮੀ ਪਾਰਟੀ ਦੇ ਸਾਬਕਾ ਹਲਕਾ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਦੇ ਇਕਲੌਤੇ ਨੌਜਵਾਨ ਸਪੁੱਤਰ ਅਤੇ 'ਆਪ' ਦੇ ਨੌਜਵਾਨ ਆਗੂ ਆਕਾਸ਼ਦੀਪ ਸਿੰਘ ਮਜੀਠਾ, ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ, ਦਾ ਮਜੀਠਾ ਵਿਖੇ ਸੈਂਕੜੇ ਨਮ ਅੱਖਾਂ ਦੀ ਹਾਜ਼ਰੀ ਵਿਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਮ੍ਰਿਤਕ ਦੇਹ ਨੂੰ ਅਗਨੀ ਉਨ੍ਹਾਂ ਦੇ ਪਿਤਾ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਵੱਲੋਂ ਦਿਖਾਈ ਗਈ।ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਸਾਬਕਾ ਵਿਧਾਇਕ ਤਰਸੇਮ ਸਿੰਘ ਡੀ. ਸੀ., ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ, ਜਥੇਦਾਰ ਸੰਤੋਖ ਸਿੰਘ ਸਮਰਾ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਅਜਨਾਲਾ ਦੇ ਇੰਚਾਰਜ ਜੋਧ ਸਿੰਘ ਸਮਰਾ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੁਖਬਿੰਦਰ ਸਿੰਘ ਸੁੱਖ ਸਰਕਾਰੀਆ, ਹਰਪ੍ਰਤਾਪ ਸਿੰਘ ਅਜਨਾਲਾ, ਸੁਖਜਿੰਦਰ ਸਿੰਘ ਰੰਧਾਵਾ, ਸਵਿੰਦਰ ਸਿੰਘ ਕੱਥੂਨੰਗਲ, ਭਗਵੰਤਪਾਲ ਸਿੰਘ ਸੱਚਰ, ਭਾਜਪਾ ਆਗੂ ਪ੍ਰਦੀਪ ਸਿੰਘ ਭੁੱਲਰ, ਜਗਤੇਸ਼ਵਰ ਸਿੰਘ ਮਜੀਠਾ, ਹੇਮਇੰਦਰ ਸਿੰਘ ਮਜੀਠਾ, ਐੱਸ. ਡੀ. ਐੱਮ. ਮਜੀਠਾ ਰਜਨੀਸ਼ ਅਰੋੜਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਨੇਹੀ, ਸਾਕ-ਸਬੰਧੀ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# 2 ਏ ਕੇ 47 ਰਾਈਫਲਾਂ ਤੇ 10 ਕਿੱਲੋ ਹੈਰੋਇਨ ਬਰਾਮਦ



**ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)** : ਜ਼ਿਲ੍ਹਾ ਪੁਲਸ ਅੰਮ੍ਰਿਤਸਰ (ਦਿਹਾਤੀ) ਨੇ ਥਾਣਾ ਘਰਿੰਡਾ ਦੇ ਇਲਾਕੇ ਵਿਚੋਂ ਸਪੈਸ਼ਲ ਓਪਰੇਸ਼ਨ ਦੌਰਾਨ ਇਕ ਔਰਤ ਸਮੇਤ ਤਿੰਨ ਬਾਰਡਰ ਕੋਰੀਅਰਜ਼ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 2 ਏ.ਕੇ. 47 ਅਸਾਲਟ ਰਾਈਫਲਾਂ, ਤਿੰਨ ਮੈਗਜ਼ੀਨ, 10 ਰੌਂਦ ਤੇ 10 ਕਿਲੋ 30 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।

ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਆਈ. ਜੀ. ਬਾਰਡਰ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ 25 ਸਤੰਬਰ ਨੂੰ ਥਾਣਾ ਘਰਿੰਡਾ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਸੰਦੀਪ ਸਿੰਘ ਤੇ ਕਮਲਜੀਤ ਕੌਰ ਵਾਸੀਅਨ ਪਿੰਡ ਬਰਾੜ ਥਾਣਾ ਲੋਪੋਕੇ ਜੋਕਿ ਲਿਵ-ਇਨ ਰਿਲੇਸ਼ਨ ਵਿਚ ਇਕੱਠੇ ਰਹਿੰਦੇ ਹਨ ਅਤੇ ਬਿਕਰਮਜੀਤ ਸਿੰਘ ਵਾਸੀ ਪਿੰਡ ਗੁਮਾਨਪੁਰਾ ਥਾਣਾ ਘਰਿੰਡਾ ਨੇ ਮਿਲ ਕੇ ਥਾਣਾ ਘਰਿੰਡਾ ਇਲਾਕੇ ਦੇ ਪਿੰਡ ਮੋਦੇ ਵਿਚ ਇਕ ਕਿੱਲਾ ਅਮਰੂਦਾਂ ਦੇ ਬਾਗ਼ ਵਾਲੀ ਜ਼ਮੀਨ ਸੀਜ਼ਨ 2026 ਲਈ ਠੇਕੇ 'ਤੇ ਲਈ ਹੋਈ ਹੈ। ਇਹ ਅਮਰੂਦਾਂ ਦਾ ਬਾਗ਼ ਭਾਰਤ-ਪਾਕਿ ਸਰਹੱਦ ਤੋਂ ਕਰੀਬ 500 ਮੀਟਰ ਦੂਰੀ 'ਤੇ ਸਥਿਤ ਹੈ। ਸੰਦੀਪ ਸਿੰਘ ਦੇ ਪਾਕਿਸਤਾਨੀ ਸਮੱਗਲਰਾਂ ਨਾਲ ਸਬੰਧ ਹਨ। ਉਕਤ ਸਮੱਗਲਰ ਸੰਦੀਪ ਸਿੰਘ ਰਾਹੀਂ ਪੰਜਾਬ ਤੇ ਪੰਜਾਬ ਤੋਂ ਬਾਹਰ ਵੱਖ-ਵੱਖ ਥਾਵਾਂ 'ਤੇ ਹੈਰੋਇਨ ਤੇ ਨਾਜਾਇਜ਼ ਅਸਲੇ ਦੀ ਸਪਲਾਈ ਭੇਜਦੇ ਹਨ।

ਆਈ.ਜੀ. ਬਾਰਡਰ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਅੱਗੇ ਨੇ ਦੱਸਿਆ ਕਿ ਇਸ ਸਬੰਧ ਵਿਚ ਥਾਣਾ ਘਰਿੰਡਾ ਦੀ ਪੁਲਸ ਨੇ ਕਾਰਵਾਈ ਕਰਦੇ ਹੋਏ ਸੰਦੀਪ ਸਿੰਘ, ਕਮਲਜੀਤ ਕੌਰ ਤੇ ਬਿਕਰਮਜੀਤ ਸਿੰਘ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 2 ਏ.ਕੇ. 47 ਅਸਾਲਟ ਰਾਈਫਲਾਂ, ਤਿੰਨ ਮੈਗਜ਼ੀਨ, 10 ਰੌਂਦ ਤੇ 10 ਕਿਲੋ 30 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਸ ਸਬੰਧ ਵਿੱਚ ਥਾਣਾ ਘਰਿੰਡਾ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ।


**ਉੱਤਰ ਰੇਲਵੇ**

**ਖੁੱਲੀ ਨਿਵਿਦਾ ਸੂਚਨਾ**

ਵ.ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉੱਤਰ ਰੇਲਵੇ, ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵੱਲੋਂ ਈ-ਨਿਵਿਦਾਵਾਂ ਅੰਤਿਮ ਮਿਤੀ 22.10.2026 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਦਾਰ ਆਪਣੇ ਮੂਲ/ਸੰਬੰਧਿਤ ਟੈਂਡਰ ਮਿਤੀ 22.10.2026 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (Rs.) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ ₹ (Rs.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬ ਸਾਈਟ |
|---|---|---|---|---|---|---|---|
| 804B-ਟੀ.ਆਰ.ਡੀ.-ਫਿਰੋਜ਼ਪੁਰ-2026-27 | ਫਿਰੋਜ਼ਪੁਰ ਡਵੀਜ਼ਨ ਵਿਚ ਵੱਖ-ਵੱਖ ਇੰਜੀਨੀਅਰਿੰਗ ਕੰਮਾਂ ਦੇ ਤਹਿਤ TRD ਦਾ ਕੰਮ (i) ADEN/JUC ਦੇ ਅਧਿਕਾਰ ਖੇਤਰ ਵਿਚ JUC-BES ਸੈਕਸ਼ਨ (JUC-SRX ਦੇ ਵਿਚ) ਉਤੇ Km 433/27-28 ਤੇ ਮੌਜੂਦਾ ਨਾਨ-ਪ੍ਰਬੰਧਤ ਲੈਵਲ ਕ੍ਰਾਸਿੰਗ (L-xing) ਨੰਬਰ ਐੱਸ-63 ਨੂੰ ਹਟਾ ਕੇ 5M x 5M ਸਾਈਜ਼ ਦਾ ਲਿਮਿਟੇਡ ਹਾਈਟ ਸਬਵੇ (LHS) 'ਪੁਸ਼ਿੰਗ ਮੈਥਡ' ਨਾਲ ਬਣਾਉਣ, (ii) ADEN/LDH ਦੇ ਅਧਿਕਾਰ ਖੇਤਰ ਵਿਚ LDH-DUI ਸੈਕਸ਼ਨ [illegible] ... (iii) ADEN/JUC ਦੇ ਅਧਿਕਾਰ ਖੇਤਰ ਵਿਚ JUC-NRO ਸੈਕਸ਼ਨ [illegible] ... (iv) SNL-ASR ਸੈਕਸ਼ਨ ਉਤੇ KM 366/16-18 [illegible] ... (v) ADEN/II/FZR [illegible] ... 12.20m ਅਤੇ 3.66m ਤਕ ਵੱਧੇ)। | 1,38,14,862.91 | 22.10.2026 15:00 ਵਜੇ ਤਕ | 2,76,300/- | 12 ਮਹੀਨੇ | 22.10.2026 15:00 ਵਜੇ ਦੇ ਬਾਅਦ | www.ireps.gov.in |
| 805A-ਟੀ.ਆਰ.ਡੀ.-ਫਿਰੋਜ਼ਪੁਰ-2026-27 | ਫਿਰੋਜ਼ਪੁਰ ਮੰਡਲ ਵਿਚ 20,000 ਤੋਂ ਜ਼ਿਆਦਾ ਅਤੇ 50,000 ਤੋਂ ਘੱਟ TVU ਵਾਲੇ 55 ਗੈਰ-ਇੰਟਰਲਾਕਡ ਲੈਵਲ ਕ੍ਰਾਸਿੰਗ (LC) ਗੇਟਾਂ ਨੂੰ ਇੰਟਰਲਾਕਿੰਗ ਦੇ ਨਾਲ ਜੋੜਨ / ਇੰਟਰਲਾਕਡ ਕਰਨ ਨਾਲ ਸਬੰਧਿਤ ਟੀਆਰਡੀ ਕੰਮ। | 1,71,01,327.68 | 22.10.2026 15:00 ਵਜੇ ਤਕ | 3,42,000/- | 12 ਮਹੀਨੇ | 22.10.2026 15:00 ਵਜੇ ਦੇ ਬਾਅਦ | www.ireps.gov.in |
| 807-ਟੀ.ਆਰ.ਡੀ.-ਫਿਰੋਜ਼ਪੁਰ-2026-27 | ਫਿਰੋਜ਼ਪੁਰ ਡਵੀਜ਼ਨ ਵਿਚ ਮੌਜੂਦਾ ਗੈਰ-ਮਾਨਕ ਪੋਰਟਲ ਪ੍ਰਬੰਧ ਨੂੰ ਬਦਲ ਕੇ ਮਾਨਕ ਪੋਰਟਲ ਪ੍ਰਬੰਧ ਦਾ ਪ੍ਰਾਵਧਾਨ। | 2,13,89,123.26 | 22.10.2026 15:00 ਵਜੇ ਤਕ | 4,27,800/- | 12 ਮਹੀਨੇ | 22.10.2026 15:00 ਵਜੇ ਦੇ ਬਾਅਦ | www.ireps.gov.in |
| 809-ਟੀ.ਆਰ.ਡੀ.-ਫਿਰੋਜ਼ਪੁਰ-2026-27 | ਫਿਰੋਜ਼ਪੁਰ ਡਵੀਜ਼ਨ ਦੇ ਸਾਹਨੇਵਾਲ-ਅੰਮ੍ਰਿਤਸਰ, ਜਲੰਧਰ ਕੈਂਟ-ਫਿਰੋਜ਼ਪੁਰ ਸਿਟੀ ਅਤੇ ਫਿਰੋਜ਼ਪੁਰ-ਬਠਿੰਡਾ ਸੈਕਸ਼ਨ ਉਤੇ UIOL ਟਰਾਂਸਪੋਰਟ, ਕ੍ਰਾਸ-ਓਵਰ ਅਤੇ ਅਲਾਇਨਮੈਂਟ ਸਮੇਤ ਸਾਈਡਾਂ ਵਾਸਤੇ 160 Sq.mm G-ਕੰਟੈਕਟ ਵਾਇਰ ਦਾ ਪ੍ਰਾਵਧਾਨ। | 3,36,38,193.52 | 22.10.2026 15:00 ਵਜੇ ਤਕ | 6,72,800/- | 12 ਮਹੀਨੇ | 22.10.2026 15:00 ਵਜੇ ਦੇ ਬਾਅਦ | www.ireps.gov.in |
| 811-ਟੀ.ਆਰ.ਡੀ.-ਫਿਰੋਜ਼ਪੁਰ-2026-27 | ਫਿਰੋਜ਼ਪੁਰ ਡਵੀਜ਼ਨ ਵਿਚ ਪਲੇਟਫਾਰਮ ਖੇਤਰ ਵਿਚ ਓਵਰਹੈੱਡ ਅਰਥ ਕੰਡਕਟਰ (AEC) ਦਾ ਪ੍ਰਬੰਧ। | 2,03,79,347.00 | 22.10.2026 15:00 ਵਜੇ ਤਕ | 4,07,600/- | 12 ਮਹੀਨੇ | 22.10.2026 15:00 ਵਜੇ ਦੇ ਬਾਅਦ | www.ireps.gov.in |
| 812-ਟੀ.ਆਰ.ਡੀ.-ਫਿਰੋਜ਼ਪੁਰ-2026-27 | SSE/TRD/LNK ਅਤੇ SSE/TRD/NSS ਦੇ ਸੈਕਸ਼ਨ ਵਿਚ ਲੈਵਲ ਕ੍ਰਾਸਿੰਗ ਗੇਟ ਤੇ ਗੇਟ ਬੂਮ ਨੂੰ ਸਿੱਧੇ OHE ਵਾਇਰ ਤੇ ਡਿਗਣ ਤੋਂ ਬਚਾਉਣ ਦੇ ਲਈ ਵਾਧੂ ਵਾਇਰ ਲਗਾਉਣ ਅਤੇ ਓਐਚਈ ਦੀ [illegible] ਬਦਲਾਉਣ ਦੇ ਲਈ। | 3,23,24,495.76 | 22.10.2026 15:00 ਵਜੇ ਤਕ | 6,46,500/- | 12 ਮਹੀਨੇ | 22.10.2026 15:00 ਵਜੇ ਦੇ ਬਾਅਦ | www.ireps.gov.in |
| 813-ਟੀ.ਆਰ.ਡੀ.-ਫਿਰੋਜ਼ਪੁਰ-2026-27 | SSE/TRD/TTO, SSE/TRD/FZR ਅਤੇ SSE/TRD/FKA ਦੇ ਸੈਕਸ਼ਨ ਵਿਚ ਲੈਵਲ ਕ੍ਰਾਸਿੰਗ ਗੇਟ ਤੇ ਗੇਟ ਬੂਮ ਨੂੰ ਸਿੱਧੇ OHE ਵਾਇਰ ਤੇ ਡਿਗਣ ਤੋਂ ਬਚਾਉਣ ਦੇ ਲਈ ਵਾਧੂ ਵਾਇਰ ਲਗਾਉਣ ਅਤੇ ਓਐਚਈ ਦੀ [illegible] ਬਦਲਾਉਣ ਦੇ ਲਈ। | 3,63,22,963.53 | 22.10.2026 15:00 ਵਜੇ ਤਕ | 7,26,500/- | 12 ਮਹੀਨੇ | 22.10.2026 15:00 ਵਜੇ ਦੇ ਬਾਅਦ | www.ireps.gov.in |
| ਕੰਮ ਦੀ ਸਮਾਨ ਲੋੜ (ਉਪਰੋਕਤ ਨਿਵਿਦਾ ਨੰ. 07ਨਿਵਿਦਾਵਾਂ ਨੰ. 804B, 805A, 807, 809, 811, 812 ਅਤੇ 813-ਟੀ.ਆਰ.ਡੀ.-ਫਿਰੋਜ਼ਪੁਰ-2026-27 ਦੇ ਲਈ: "50 ਹਟਾਉ, [illegible] 25 ਕੇਵੀ ਏਸੀ ਓਐਚਈ ਦਾ ਡਿਜ਼ਾਇਨ, ਸਪਲਾਈ, ਉਸਾਰੀ, ਪ੍ਰੀਖਣ ਅਤੇ ਕਮਿਸ਼ਨਿੰਗ" (ਸੰਧਰਭ: Pr.CEE/NR ਦੇ ਪੱਤਰ ਨੰਬਰ 181-ਇਲੈਕਟ/ਟੀਆਰਡੀ/189 ਭਾਗ II, ਮਿਤੀ 29.07.2021 ਦਾ ਓਐਚਈ ਕੰਮ ਦਾ ਲੜੀ ਨੰਬਰ 1.1). | | | | | | | |
| 810-ਟੀ.ਆਰ.ਡੀ.-ਫਿਰੋਜ਼ਪੁਰ-2026-27 | ਫਿਰੋਜ਼ਪੁਰ ਡਵੀਜ਼ਨ ਵਿਚ ਓਐਚਈ ਦੀ ਵਿਸ਼ਵਸਨੀਯਤਾ ਨੂੰ ਵਧੀਆ ਬਣਾਉਣ ਦੇ ਲਈ ਪੁਰਾਣੀ ਹੋ ਚੁਕੀ ਪੀਐੱਸਆਈ ਉਪਕਰਣਾਂ ਨੂੰ ਬਦਲ ਕੇ ਨਵੀਂ ਪੀਐੱਸਆਈ ਉਪਕਰਣਾਂ ਨੂੰ ਲਗਾਉਣਾ। | 2,73,57,368.77 | 22.10.2026 15:00 ਵਜੇ ਤਕ | 5,47,200/- | 12 ਮਹੀਨੇ | 22.10.2026 15:00 ਵਜੇ ਦੇ ਬਾਅਦ | www.ireps.gov.in |
| ਕੰਮ ਦੀ ਸਮਾਨ ਲੋੜ (ਉਪਰੋਕਤ ਨਿਵਿਦਾ ਨੰ. 810-ਟੀ.ਆਰ.ਡੀ.-ਫਿਰੋਜ਼ਪੁਰ-2026-27 ਦੇ ਲਈ: (i) ਸਬ-ਸਟੇਸ਼ਨ ਵਿਚ 25ਕੇਵੀ ਜਾਂ ਉਸ ਤੋਂ ਜ਼ਿਆਦਾ ਸਮਰਥਾ ਵਾਲੇ CT/PT/CB/BM ਜਿਹੇ ਉਪਕਰਣਾਂ ਦਾ ਡਿਜ਼ਾਇਨ, ਸਪਲਾਈ/ਨਿਰੇਖਣ (ਜਾਂ ਦੋਵੇਂ) ਅਤੇ ਟੈਸਟਿੰਗ ਤੇ ਕਮਿਸ਼ਨਿੰਗ (ii) ਸਬ-ਸਟੇਸ਼ਨ ਵਿਚ 25 ਕੇਵੀ ਜਾਂ ਉਸ ਤੋਂ ਜ਼ਿਆਦਾ ਸਮਰਥਾ ਵਾਲੇ ਕੋਈ ਵੀ ਇਲੈਕਟ੍ਰਿਕਲ ਮਾਡਿਫਿਕੇਸ਼ਨ ਦਾ ਕੰਮ। (ਸੰਧਰਭ: Pr.CEE/NR ਦੇ ਪੱਤਰ ਨੰਬਰ 181-ਇਲੈਕਟ/ਟੀਆਰਡੀ/189 ਭਾਗ II, ਮਿਤੀ 29.07.2021 ਦਾ ਪੀਐੱਸਆਈ ਕੰਮ ਦਾ ਲੜੀ ਨੰਬਰ 3.5). | | | | | | | |
| 808-ਟੀ.ਆਰ.ਡੀ.-ਫਿਰੋਜ਼ਪੁਰ-2026-27 | ਫਿਰੋਜ਼ਪੁਰ ਡਵੀਜ਼ਨ ਵਿਚ ਟ੍ਰੈਕਸ਼ਨ ਸਬ-ਸਟੇਸ਼ਨ (TSS) ਤੇ ਪ੍ਰਦਾਨ ਕੀਤੇ ਹੋ ਚੁਕੇ ਸੈਂਟਰਿਕ ਕੰਟ੍ਰੋਲ ਅਤੇ ਰਿਲੇ ਪੈਨਲ ਨੂੰ ਬਦਲ ਕੇ [illegible] ਕੰਟ੍ਰੋਲ ਅਤੇ ਰਿਲੇ ਪੈਨਲ (ਰਿਲੇ ਸਮੇਤ) ਲਗਾਉਣਾ। | 1,18,85,880.04 | 22.10.2026 15:00 ਵਜੇ ਤਕ | 2,37,700/- | 12 ਮਹੀਨੇ | 22.10.2026 15:00 ਵਜੇ ਦੇ ਬਾਅਦ | www.ireps.gov.in |
| ਕੰਮ ਦੀ ਸਮਾਨ ਲੋੜ (ਉਪਰੋਕਤ ਨਿਵਿਦਾ ਨੰ. 808-ਟੀ.ਆਰ.ਡੀ.-ਫਿਰੋਜ਼ਪੁਰ-2026-27 ਦੇ ਲਈ: (i) [illegible] RDSO ਦੇ ਦਿਸ਼ਾਨਿਰਦੇਸ਼ਾਂ ਦਾ ਪਾਲਣ ਕੀਤਾ ਜਾਣਾ ਚਾਹੀਦਾ। ਜਾਂ (ii) IEC [illegible] SCADA ਸਿਸਟਮ ਦੇ ਨਾਲ [illegible] (ਸੰਧਰਭ: Pr.CEE/NR ਦੇ ਪੱਤਰ ਨੰਬਰ 181-Elect/TRD/189/Pt.II, ਮਿਤੀ 29.07.2021 ਦਾ ਪ੍ਰਆਇਟਿਕ ਨੰਬਰ 2.8 ਅਤੇ 2.9). | | | | | | | |

ਨੰ.: 804B, 805A, 807, 808, 809, 810, 811, 812 ਅਤੇ 813 - ਟੀ.ਆਰ.ਡੀ.-ਫਿਰੋਜ਼ਪੁਰ-2026-27 ਮਿਤੀ: 24.09.2026 3369/26

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਐੱਸ ਪੀ ਬਘੇਲ ਨੇ ਪੰਜਾਬ ਦੇ ਇਤਿਹਾਸ ਦਾ ਪਾਠ ਪੜ੍ਹਾਇਆ

## ਭਾਜਪਾ 2027 'ਚ ਪੰਜਾਬ ਵਿੱਚ ਸਰਕਾਰ ਬਣਾਏਗੀ : ਰਾਣਾ ਹਰਦੀਪ ਸਿੰਘ

**ਸ਼ਾਹਕੋਟ (ਅਮਨਦੀਪ ਸੈਦਪੁਰੀ)**- ਭਾਜਪਾ ਦੀ ਨਸ਼ਾ ਮੁਕਤ ਪੰਜਾਬ ਯਾਤਰਾ ਮੰਗਲਵਾਰ ਨੂੰ ਸ਼ਾਹਕੋਟ ਪੁੱਜੀ। ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ ਦੇ ਸਲੋਗਨ ਨੂੰ ਕੇਂਦਰ ਵਿੱਚ ਰੱਖਦਿਆਂ ਬੱਸ ਅੱਡਾ ਸ਼ਾਹਕੋਟ ਵਿੱਚ ਸਮਾਗਮ ਕੀਤਾ ਗਿਆ। ਕੇਂਦਰੀ ਮੰਤਰੀ ਐੱਸ ਪੀ ਸਿੰਘ ਬਘੇਲ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਵਿੱਚ ਨਸ਼ਿਆਂ ਨਾਲ ਹੋ ਰਹੇ ਨੁਕਸਾਨ ਬਾਰੇ ਦੱਸਦਿਆਂ ਕਿਹਾ ਕਿ ਹਜ਼ਾਰਾਂ ਸੁਹਾਗ ਉਜੜ ਗਏ, ਇਹਨਾਂ ਘਰਾਂ ਦੀ ਆਰਥਿਕਤਾ ਤਬਾਹ ਹੋ ਗਈ। ਇਥੇ ਨਸ਼ਾ ਆਮ ਵਿਕਣ ਦੀ ਗੱਲ ਕਰਦਿਆਂ ਬਘੇਲ ਲਈ ਕਿਹਾ ਕਿ ਜਿਸ ਤਰ੍ਹਾਂ ਰਾਸ਼ਨ ਕਤਾਰਾਂ ਬਣਾ ਕੇ ਮਿਲਦਾ ਹੈ, ਇਸੇ ਤਰ੍ਹਾਂ ਨਸ਼ਾ ਵਿਕ ਰਿਹਾ ਹੈ। ਬਘੇਲ ਨੇ ਪੰਜਾਬ ਦੇ ਗੌਰਵਮਈ ਇਤਿਹਾਸ ਨੂੰ ਯਾਦ ਕਰਦਿਆਂ ਦਸਾਂ ਗੁਰੂਆਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੀ ਗੱਲ ਕਰਦਿਆਂ ਇੱਥੋਂ ਦੀ ਹਾਕੀ, ਕਬੱਡੀ, ਦੁੱਧ ਮੱਖਣਾ ਤੇ ਮੁਗਲਾਂ ਨੂੰ ਪੰਜਾਬੀਆਂ ਵੱਲੋਂ ਚਣੇ ਚਬਾਉਣ ਦੀਆਂ ਮਸਾਲਾਂ ਦਿੱਤੀਆਂ।ਸਮਾਗਮ ਨੂੰ ਸੰਬੋਧਨ ਕਰਦਿਆਂ ਰਾਣਾ ਹਰਦੀਪ ਸਿੰਘ ਨੇ ਕਿਹਾ ਕਿ ਦੇਸ਼ ਦੇ ਜਿਸ ਵੀ ਸੂਬੇ ਵਿੱਚ ਭਾਜਪਾ ਦੀ ਸਰਕਾਰ ਹੈ, ਉਸ ਸੂਬੇ ਵਿੱਚੋਂ ਨਸ਼ਾ ਅਤੇ ਗੁੰਡਾਗਰਦੀ ਦਾ ਖ਼ਾਤਮਾ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਕੀਤੀ ਜਾ ਰਹੀ ਯਾਤਰਾ ਨੂੰ ਸਮੁੱਚੇ ਪੰਜਾਬ ਵਿੱਚ ਪੂਰਨ ਹੁੰਗਾਰਾ ਮਿਲਿਆ ਹੈ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਪੰਜਾਬ ਵਿੱਚ ਵੀ ਸਰਕਾਰ ਬਣਾਏਗੀ। ਸਮਾਗਮ ਨੂੰ ਭਾਜਪਾ ਜਿਲ੍ਹਾ ਜਲੰਧਰ ਦੇ ਪ੍ਰਧਾਨ ਜਗਬੀਰ ਸਿੰਘ ਬਰਾੜ, ਸਾਬਕਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ, ਸਾਬਕਾ ਐਮਪੀ ਸੁਸ਼ੀਲ ਰਿੰਕੂ, ਬੀਬੀ ਕਰਮਜੀਤ ਕੌਰ ਚੌਧਰੀ, ਰਾਣਾ ਹਰਦੀਪ ਸਿੰਘ, ਨਰਿੰਦਰ ਪਾਲ ਸਿੰਘ ਚੰਦੀ, ਡਾਕਟਰ ਅਮਰਜੀਤ ਸਿੰਘ ਥਿੰਦ, ਐਡਵੋਕੇਟ ਦੀਪਕ ਸ਼ਰਮਾ ਆਦਿ ਨੇ ਸੰਬੋਧਨ ਕੀਤਾ। ਸਮਾਗਮ ਜਗਮੋਹਨ ਡਾਬਰ, ਹਰਦੇਵ ਸਿੰਘ ਪੀਟਾ, ਜਗਦੀਸ਼ ਵਡੈਹਿਰਾ, ਅਨਵਰ ਮਸੀਹ, ਕਮਲ ਕੁਮਾਰ ਨਾਹਰ( ਪੰਜੇ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ), ਅਸ਼ਵਨੀ ਮਿੱਤਲ ਜ਼ਿਲ੍ਹਾ ਜਨਰਲ ਸਕੱਤਰ, ਅੰਮ੍ਰਿਤਪਾਲ ਕਾਕਾ, ਦਲਬੀਰ ਸਿੰਘ ਸੱਭਰਵਾਲ, ਅਸ਼ਵਨੀ ਧਾਰੀਵਾਲ ਮਹਿਤਪੁਰ, ਮੰਡਲ ਪ੍ਰਧਾਨ ਸੰਜਮ ਮੈਸਨ, ਅੰਮ੍ਰਿਤਪਾਲ ਸਿੰਘ ਜੋਨਾ, ਮਨਜੀਤ ਸਿੰਘ ਸੈਦਪੁਰ, ਸ਼ਰਨਜੀਤ ਸਿੰਘ ਸਾਬ ਥਿੰਦ, ਰੋਬਿਨ ਸ਼ਰਮਾ ਕੋਟਲਾ ਸੂਰਜ ਮੱਲ, ਰਵੀਸ਼ ਗੋਇਲ, ਰਾਜਾ ਅਰੋੜਾ, ਪ੍ਰੇਮ ਕੁਮਾਰ ਪਰਜੀਆ ਆਦਿ ਮੌਜੂਦ ਸਨ।



# ਬੀ ਵੋਕੇਸ਼ਨਲ ਦੇ ਵਿਦਿਆਰਥੀਆਂ ਨੇ 'ਵਰਸਿਟੀ ਪ੍ਰੀਖਿਆਵਾਂ 'ਚ ਮਾਰੀਆਂ ਮੱਲਾਂ

**ਜਲੰਧਰ (ਨ ਜ਼ ਸ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੱਧੇ ਪ੍ਰਬੰਧਕੀ ਸਿਸਟਮ ਅਧੀਨ ਚੱਲ ਰਹੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਦੇ ਬੀ.ਵੋਕੇਸ਼ਨਲ (ਈ-ਕਾਮਰਸ ਅਤੇ ਡਿਜੀਟਲ ਮਾਰਕੀਟਿੰਗ) ਪ੍ਰੋਗਰਾਮ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਓ ਐੱਸ ਡੀ ਡਾ ਨਵਜੋਤ ਨੇ ਦੱਸਿਆ ਬੀ.ਵੋਕੇਸ਼ਨਲ (ਈ-ਕਾਮਰਸ ਅਤੇ ਡਿਜੀਟਲ ਮਾਰਕੀਟਿੰਗ) ਦੇ ਵਿਦਿਆਰਥੀ ਸ਼ਿਵਮ ਵਰਮਾ ਨੇ ਯੂਨੀਵਰਸਿਟੀ ਵਿੱਚ ਤੀਜਾ ਸਥਾਨ ਹਾਸਲ ਕਰਦਿਆਂ 8.14 ਸੀ.ਜੀ.ਪੀ.ਏ. ਪ੍ਰਾਪਤ ਕੀਤਾ। ਇਸੇ ਤਰ੍ਹਾਂ ਗਰੀਮਾ ਨੇ 7.87 ਸੀ ਜੀ ਪੀ ਏ ਨਾਲ ਯੂਨੀਵਰਸਿਟੀ ਵਿੱਚ ਸੱਤਵਾਂ ਸਥਾਨ, ਜਦਕਿ ਅਮਰਨੂਰ ਸਿੰਘ ਨੇ 7.66 ਸੀ ਜੀ ਪੀ ਏ ਨਾਲ ਅੱਠਵਾਂ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਕਾਲਜ ਦੀ ਓ ਐੱਸ ਡੀ ਪ੍ਰੋ. (ਡਾ.) ਨਵਜੋਤ ਕੌਰ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੀ ਮਿਹਨਤ, ਲਗਨ ਅਤੇ ਅਕਾਦਮਿਕ ਪ੍ਰਾਪਤੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਵੱਲੋਂ ਯੂਨੀਵਰਸਿਟੀ ਪੱਧਰ 'ਤੇ ਹਾਸਲ ਕੀਤੇ ਇਹ ਸਥਾਨ ਕਾਲਜ ਲਈ ਮਾਣ ਵਾਲੀ ਗੱਲ ਹਨ ਅਤੇ ਇਹ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਦੀ ਮਿਹਨਤ ਅਤੇ ਸਮਰਪਣ ਨੂੰ ਵੀ ਦਰਸਾਉਂਦੇ ਹਨ। ਪ੍ਰੋ. (ਡਾ.) ਨਵਜੋਤ ਕੌਰ ਨੇ ਕਿਹਾ ਕਿ ਬੀ.ਵੋਕੇਸ਼ਨਲ ਪ੍ਰੋਗਰਾਮਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿਰਫ਼ ਰਵਾਇਤੀ ਸਿੱਖਿਆ ਤੱਕ ਸੀਮਤ ਰੱਖਣਾ ਨਹੀਂ, ਸਗੋਂ ਉਨ੍ਹਾਂ ਨੂੰ ਮੌਜੂਦਾ ਉਦਯੋਗਿਕ ਲੋੜਾਂ ਅਨੁਸਾਰ ਵਿਹਾਰਕ ਗਿਆਨ ਅਤੇ ਨਵੀਆਂ ਤਕਨੀਕੀ ਮੁਹਾਰਤਾਂ ਨਾਲ ਲੈਸ ਕਰਨਾ ਹੈ। ਕਾਮਰਸ ਵਿਭਾਗ ਦੀ ਮੁਖੀ ਡਾ. ਸੋਨੀਆ ਕੁੰਦਰਾ ਨੇ ਵੀ ਤਿੰਨਾਂ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ।



# ਡਾ. ਰਵਜੋਤ ਨੇ ਖੇਡਾਂ ਵਤਨ ਪੰਜਾਬ ਦੀਆਂ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਪੰਜਾਬ ਸਰਕਾਰ ਖੇਡ ਵਿਭਾਗ ਵਲੋਂ ਖੇਡਾ ਵਤਨ ਪੰਜਾਬ ਦੀਆਂ -2026 ਅਧੀਨ ਜ਼ਿਲ੍ਹਾ ਪੱਧਰ ਖੇਡਾਂ ਦੇ ਪਹਿਲੇ ਦਿਨ ਦੀ ਸ਼ੁਰੂਆਤ ਆਊਟਡੋਰ ਸਟੇਡੀਅਮ ਹੁਸ਼ਿਆਰਪੁਰ ਵਿਖੇ ਕੀਤੀ ਗਈ। ਇਨ੍ਹਾਂ ਜ਼ਿਲ੍ਹਾ ਪੱਧਰ ਖੇਡਾਂ ਦਾ ਉਦਘਾਟਨ ਕੈਬਨਿਟ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਵਲੋਂ ਕੀਤਾ ਗਿਆ। ਜ਼ਿਲ੍ਹਾ ਖੇਡ ਅਫਸਰ ਸੁਰਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਜ਼ਿਲ੍ਹਾ ਪੱਧਰ ਖੇਡਾਂ ਵਿਚ ਵੱਖ-ਵੱਖ ਉਮਰ ਵਰਗ ਦੇ ਖਿਡਾਰੀਆਂ ਨੇ ਭਾਗ ਲਿਆ।ਇਹ ਖੇਡਾਂ 28 ਤੋਂ 5 ਅਕਤੂਬਰ ਤੱਕ ਵੱਖ-ਵੱਖ ਖੇਡ ਸਥਾਨਾਂ 'ਤੇ ਚੱਲਣਗੀਆਂ।ਪਾਵਰ ਲਿਫਟਿੰਗ ਖੇਡ ਦੇ ਮੁਕਾਬਲੇ ਲਾਜਵੰਤੀ ਇੰਡੋਰ ਸਟੇਡੀਅਮ, ਹੁਸ਼ਿਆਰਪੁਰ ਵਿਖੇ ਕਰਵਾਏ ਗਏ। ਇਨ੍ਹਾਂ ਖੇਡ ਮੁਕਾਬਲਿਆਂ ਵਿਚ ਅੰਡਰ-17 ਸਾਲ ਲੜਕਿਆਂ ਵਿਚੋਂ ਤਰਮਨਪ੍ਰੀਤ ਸਿੰਘ ਨੇ ਪਹਿਲਾਂ, ਸ਼ੋਰਿਆ ਵੀਰ ਸਿੰਘ ਨੇ ਦੂਜਾ ਅਤੇ ਸਾਹਿਬ ਸਿੰਘ ਸੂਰੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸੇ ਤਰ੍ਹਾਂ ਹੈਂਡਬਾਲ ਦੇ ਖੇਡ ਮੁਕਾਬਲਿਆਂ ਵਿਚ ਅੰਡਰ-14 ਸਾਲ ਲੜਕੀਆਂ ਵਿਚੋਂ ਮੇਘੋਵਾਲ ਗੰਜਿਆ ਦੀ ਟੀਮ ਨੇ ਪਹਿਲਾ ਸਥਾਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ (ਲੜਕੀਆਂ) ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫਲਾਈ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਅੰਡਰ-17 ਸਰਕਾਰੀ ਹਾਈ ਸਕੂਲ ਮੇਘੋਵਾਲ ਗੰਜਿਆ ਦੀ ਟੀਮ ਨੇ ਪਹਿਲਾ, ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਦੀ ਟੀਮ ਨੇ ਦੂਜਾ, ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਤਲਵਾੜਾ ਅਤੇ ਸਰਕਾਰੀ ਹਾਈ ਸਕੂਲ, ਨੂਰਪੁਰ ਦੀ ਟੀਮ ਨੇ ਤੀਜਾ ਸਕਾਨ ਪ੍ਰਾਪਤ ਕੀਤਾ। ਇਨ੍ਹਾਂ ਖੇਡਾਂ ਵਿਚ ਵੱਖ-ਵੱਖ ਉਮਰ ਵਰਗ ਦੇ ਖਿਡਾਰੀਆਂ ਨੇ ਮੱਲਾਂ ਮਾਰੀਆਂ ਜਿਵੇਂ ਕਿ ਖੇਡ ਅਥਲੈਟਿਕਸ ਦੇ ਖੇਡ ਮੁਕਾਬਲੇ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਕਾਲਜ, ਟਾਂਡਾ ਵਿਖੇ ਕਰਵਾਈਆਂ ਗਏਜਿਥੇ ਐਮ.ਐਲ.ਏ. ਟਾਂਡਾ ਜਸਬੀਰ ਸਿੰਘ ਰਾਜ ਵਲੋਂ ਉਦਘਾਟਨ ਕੀਤਾ ਗਿਆ।ਇਨ੍ਹਾਂ ਖੇਡ ਮੁਕਾਬਲਿਆਂ ਵਿਚ ਅੰਡਰ-17 ਲੜਕੀਆਂ 3000 ਮੀਟਰ ਵਿਚੋਂ ਨੇਹਾ ਨੇ ਪਹਿਲਾ ਸਥਾਨ, ਉਰਵਸ਼ੀ ਥਿੰਦ ਨੇ ਦੂਜਾ ਅਤੇ ਸਿਮਰਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ-21 ਲੜਕੀਆਂ 100ਮੀਟਰ ਵਿਚ ਸੋਨੀ ਕੌਰ ਨੇ ਪਹਿਲਾ, ਅਵਨੀਤ ਕੌਰ ਨੇ ਦੂਜਾ ਅਤੇ ਨਵਜੋਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ 21 ਤੋ 30 ਸਾਲ ਉਮਰ ਵਰਗ ਲੜਕੀਆਂ ਵਿਚੋਂ 100ਮੀਟਰ ਵਿਚ ਬਲਜੋਤ ਕੌਰ ਪਹਿਲੇ, ਸੋਨੀਆ ਦੂਜੇ ਅਤੇ ਪਿਆਰੋ ਤੀਜੇ ਸਥਾਨ ਤੇ ਰਹੀ। ਫੁੱਟਬਾਲ ਅਕੈਡਮੀ ਮਾਹਿਲਪੁਰ ਵਿਖੇ ਫੁੱਟਬਾਲ ਦੇ ਖੇਡ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿਚੋਂ ਅੰਡਰ-21 ਸਾਲ ਲੜਕਿਆਂ ਦੀ ਟੀਮ ਵਿਚੋਂ ਡੀ.ਏ.ਵੀ. ਕਾਲਜ, ਹੁਸ਼ਿਆਰਪੁਰ ਨੇ 02-0 ਨਾਲ ਛਾਉਣੀ ਕਲਾਂ ਨੂੰ ਹਰਾਇਆ। ਇਸੇ ਤਰ੍ਹਾਂ ਸਕੂਲ ਆਫ ਐਮੀਨੈਂਸ ਗੜ੍ਹਸ਼ੰਕਰ ਨੇ 01-0 ਦੇ ਫਰਕ ਨਾਲ ਜੀ.ਐਮ.ਏ. ਚੱਬੇਵਾਲ ਨੂੰ ਹਰਾ ਕੇ ਜਿਤ ਹਾਸਿਲ ਕੀਤੀ।



# ਅੱਜ ਜ਼ਿਲ੍ਹਾ ਜਲੰਧਰ ਦੀ ਹੱਦ ਅੰਦਰ 'ਨੋ ਫਲਾਇੰਗ ਜ਼ੋਨ' ਘੋਸ਼ਿਤ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਜਲੰਧਰ ਅਮਨਿੰਦਰ ਕੌਰ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਾਣਯੋਗ ਗ੍ਰਹਿ ਮੰਤਰੀ ਭਾਰਤ ਸਰਕਾਰ ਦੇ ਦੌਰੇ ਨੂੰ ਮੁੱਖ ਰੱਖਦਿਆਂ 30 ਸਤੰਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਜ਼ਿਲ੍ਹਾ ਜਲੰਧਰ ਦੀ ਹੱਦ ਅੰਦਰ ਕਿਸੇ ਵੀ ਕਿਸਮ ਦੇ ਸਿਵਲ ਰਿਮੋਟ ਪਾਇਲਟ ਏਅਰਕ੍ਰਾਫ਼ਟ ਸਿਸਟਮ (ਆਰ.ਪੀ.ਏ. ਐਸ.)/ ਡਰੋਨ/ ਹੈਲੀਕਾਪਟਰ ਜਾਂ ਹੋਰ ਕਿਸੇ ਵੀ ਕਿਸਮ ਦੇ ਏਅਰਕ੍ਰਾਫਟ ਨੂੰ ਉਡਾਉਣ 'ਤੇ ਪਾਬੰਦੀ ਲਗਾਈ ਗਈ ਹੈ। ਇਹ ਪਾਬੰਦੀ ਗ੍ਰਹਿ ਮੰਤਰੀ, ਭਾਰਤ ਸਰਕਾਰ ਦੇ ਵੀ.ਵੀ.ਆਈ.ਪੀ. ਹੈਲੀਕਾਪਟਰ/ ਏਅਰਕ੍ਰਾਫਟ 'ਤੇ ਲਾਗੂ ਨਹੀਂ ਹੋਵੇਗੀ। ਇਹ ਹੁਕਮ 30 ਸਤੰਬਰ ਨੂੰ ਸਵੇਰੇ 10 ਤੋਂ ਸ਼ਾਮ 6 ਵਜੇ ਤੱਕ ਲਾਗੂ ਰਹੇਗਾ।

## ਜਨਮ ਦਿਨ ਮੁਬਾਰਕ



ਰਬਾਬ ਸਿੰਘ ਸੰਧੂ
ਗੁਰਦਾਸਪੁਰ

## ਵਰ੍ਹੇਗੰਢ ਮੁਬਾਰਕ



ਕੇ. ਐਸ. ਚੱਠਾ ਅਤੇ ਬਲਵਿੰਦਰ ਕੌਰ ਨੇ ਆਪਣੇ ਵਿਆਹ ਦੀ ਵਰ੍ਹੇਗੰਢ ਮਨਾਈ।

# ਹਲਕਾ ਸ਼ਾਹਕੋਟ 'ਚ ਭਾਜਪਾ ਦੇ ਤਿੰਨ ਇੰਚਾਰਜ

**ਸ਼ਾਹਕੋਟ ( ਗਿਆਨ ਸੈਦਪੁਰੀ)** ਵਿਧਾਨ ਸਭਾ ਹਲਕਾ ਸ਼ਾਹਕੋਟ ਵਿੱਚ ਭਾਰਤੀ ਜਨਤਾ ਪਾਰਟੀ ਦਾ ਅਸਲ ਇੰਚਾਰਜ ਕੌਣ ਹੈ, ਬਾਰੇ ਅਕਸਰ ਚਰਚਾ ਚੱਲਦੀ ਰਹਿੰਦੀ ਹੈ। ਪਾਰਟੀ ਦੇ ਅੰਦਰੋਂ ਕਈ ਕਾਰਕੂਨਾਂ ਵੱਲੋਂ ਇਹ ਗੱਲ ਵੀ ਆਖੀ ਜਾਂਦੀ ਹੈ ਕਿ ਪਾਰਟੀ ਅੰਦਰ ਹਲਕਾ ਇੰਚਾਰਜ ਦੀ ਕੋਈ ਵਿਵਸਥਾ ਹੀ ਨਹੀਂ ਹੈ। ਇਸ ਦੇ ਬਾਵਜੂਦ ਵੱਖ ਵੱਖ ਆਗੂਆਂ ਵੱਲੋਂ ਆਪਣੇ ਆਪ ਨੂੰ ਹਲਕਾ ਇੰਚਾਰਜ ਦਰਸਾਇਆ ਜਾਂਦਾ ਹੈ। ਆਪਸੀ ਖਹਿਬਾਜ਼ੀ ਵੀ ਲੁਕੀ ਛੁਪੀ ਗੱਲ ਨਹੀਂ ਹੈ। ਮੰਗਲਵਾਰ ਨੂੰ ਭਾਜਪਾ ਦੀ ਨਸ਼ਾ

### ● ਯਾਤਰਾ ਨਾਲੋਂ ਵਧੇਰੇ ਚਰਚਾ ਦਾਵੇਦਾਰੀਆਂ ਦੀ

ਮੁਕਤ ਯਾਤਰਾ ਸ਼ਾਹਕੋਟ ਪਹੁੰਚੀ ਤਾਂ ਲੋਕਾਂ ਅੰਦਰ ਯਾਤਰਾ ਨਾਲੋਂ ਵੱਧ ਚਰਚਾ ਹਲਕਾ ਇੰਚਾਰਜ ਦੀ ਚੱਲਦੀ ਰਹੀ। ਹੁੰਦੀ ਕਿਉਂ ਨਾ, ਸ਼ਹਿਰ ਅੰਦਰ ਤਿੰਨ ਵੱਖ-ਵੱਖ ਆਗੂਆਂ ਦੇ ਫਲੈਕਸ ਬੋਰਡ ਹਲਕਾ ਇੰਚਾਰਜ ਵਜੋਂ ਲੱਗੇ ਹੋਏ ਸਨ। ਵੱਖ-ਵੱਖ ਆਗੂਆਂ ਵੱਲੋਂ ਹਲਕਾ ਇੰਚਾਰਜ ਵਜੋਂ ਸਪਸ਼ਟ ਦਾਅਵਿਆਂ ਦੇ ਝਮੇਲੇ ਕਾਰਨ ਹੀ ਸ਼ਾਇਦ ਸਥਾਨਕ ਭਾਜਪਾ ਕਾਰਕੂਨ ਯਾਤਰਾ ਸਮਾਗਮ ਤੋਂ ਪਾਸੇ ਰਹੇ। ਨੇੜਲੇ ਕੁਝ ਪਿੰਡਾਂ ਵਿੱਚੋਂ ਦਲਿਤ ਵਰਗ ਨਾਲ ਸੰਬੰਧਿਤ ਨਵੇਂ ਭਾਜਪਾਈਆਂ ਦੀ ਸ਼ਮੂਲੀਅਤ ਕਾਰਨ ਸਮਾਗਮ ਦਾ 'ਮੂੰਹ ਮੱਥਾ' ਬਣਿਆ ਨਜ਼ਰ ਆਇਆ। ਭਾਜਪਾ ਦੀ ਯਾਤਰਾ ਦਾ ਮੰਤਵ ਦੱਸਣ ਅਤੇ ਵੱਡੇ ਆਗੂਆਂ ਦੇ ਸਵਾਗਤ ਲਈ ਲਾਏ ਗਏ ਫਲੈਕਸਾਂ ਵਿੱਚ ਰਾਣਾ ਹਰਦੀਪ ਸਿੰਘ ਵੱਲੋਂ ਆਪਣੇ ਆਪ ਨੂੰ ਹਲਕਾ ਇੰਚਾਰਜ ਪੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਨਰਿੰਦਰ ਪਾਲ ਸਿੰਘ ਚੰਦੀ ਵੱਲੋਂ ਲਗਵਾਏ ਗਏ ਫਲੈਕਸ ਬੋਰਡ 'ਤੇ ਹਲਕਾ ਇੰਚਾਰਜ ਨਰਿੰਦਰ ਪਾਲ ਸਿੰਘ ਚੰਦੀ ਲਿਖਿਆ ਹੋਇਆ ਹੈ। ਉਨ੍ਹਾਂ ਦੀ ਰਿਹਾਇਸ਼ ਤਾਂ ਜਲੰਧਰ ਵਿੱਚ ਹੈ ਪਰ ਉਹਨਾਂ ਨੇ ਪਤਾ ਆਪਣੇ ਪੁਰਾਣੇ ਪਿੰਡ ਫੁੱਲ ਘੁੱਦੂਵਾਲ ਦਾ ਲਿਖਵਾਇਆ ਹੈ। ਇਸੇ ਤਰ੍ਹਾਂ ਡਾ. ਅਮਰਜੀਤ ਸਿੰਘ ਥਿੰਦ ਨੇ ਵੀ ਫਲੈਕਸ ਬੋਰਡ ਰਾਹੀਂ ਹਲਕਾ ਇੰਚਾਰਜ ਹੋਣ ਦਾ ਦਾਅਵਾ ਕੀਤਾ ਹੈ। ਐਡਵੋਕੇਟ ਦੀਪਕ ਸ਼ਰਮਾ ਵੀ ਉਕਤ ਤਿੰਨਾਂ ਨਾਲੋਂ ਆਪਣੇ ਆਪ ਨੂੰ ਘੱਟ ਨਹੀਂ ਸਮਝਦੇ।



ਉਕਤ ਤਿੰਨ ਚਾਰ ਹਲਕਾ ਇੰਚਾਰਜਾਂ ਵਿੱਚੋਂ ਭਾਜਪਾ ਦੀ ਸੂਬਾਈ ਲੀਡਰਸ਼ਿਪ ਦੇ ਵੱਧ ਨੇੜੇ ਕੌਣ ਹੈ, ਚੋਣਾਂ ਬਰੂਹਾਂ 'ਤੇ ਆਉਣ ਕਰਕੇ, ਚਰਚਾ ਇਸ ਗੱਲ ਦੀ ਹੋਣੀ ਸੁਭਾਵਕ ਹੈ। ਆਮ ਤੌਰ 'ਤੇ ਸਮਝਿਆ ਜਾਂਦਾ ਹੈ ਕਿ ਕਿਸੇ ਵੀ ਪਾਰਟੀ ਦਾ ਹਲਕਾ ਇੰਚਾਰਜ ਟਿਕਟ 'ਤੇ ਵੀ ਆਪਣਾ ਹੱਕ ਸਮਝਦਾ ਹੈ। ਭਾਜਪਾ ਦਾ ਅਕਾਲੀ ਦਲ ਨਾਲ ਸਮਝੌਤਾ ਹੋਣ ਦੀਆਂ ਕਿਆਸ ਅਰਾਈਆਂ ਦੌਰਾਨ ਹਲਕੇ ਅੰਦਰ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਦੇ ਦਾਦਾ ਮਰਹੂਮ ਜਥੇਦਾਰ ਅਜੀਤ ਸਿੰਘ ਕੋਹਾੜ ਦੀ ਦੋ ਦਹਾਕੇ ਰਹੀ ਸਰਦਾਰੀ ਨੂੰ ਚੇਤੇ ਕਰਦਿਆਂ ਟਿਕਟ ਦੀ ਪੰਜਵੀਂ ਦਾਅਵੇਦਾਰੀ ਹੋਣ ਦਾ ਵੀ ਕਈਆਂ ਵੱਲੋਂ ਅਨੁਮਾਨ ਲਾਇਆ ਜਾ ਰਿਹਾ ਹੈ।

# ਬਿਰਲਾ ਹਾਊਸ ਵਿਖੇ ਭਾਈ ਬਲਦੀਪ ਸਿੰਘ 2 ਨੂੰ ਦੀ ਗੁਰਬਾਣੀ ਸੰਗੀਤ ਦੀ ਪੇਸ਼ਕਾਰੀ ਕਰਨਗੇ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਸੁਲਤਾਨਪੁਰ ਲੋਧੀ ਦੇ ਪਿੰਡ ਠੱਠਾ ਟਿੱਬਾ ਦੇ ਜੰਮਪਲ ਭਾਈ ਬਲਦੀਪ ਸਿੰਘ ਨੂੰ ਦਿੱਲੀ ਦੇ ਇਤਿਹਾਸਕ ਬਿਰਲਾ ਹਾਊਸ ਵਿਖੇ 2 ਅਕਤੂਬਰ ਨੂੰ ਮਹਾਤਮਾ ਗਾਂਧੀ ਜੀ ਦੇ ਜਨਮ ਦਿਹਾੜੇ ਤੇ ਹੋਣ ਵਾਲੇ ਵਿਸ਼ੇਸ਼ ਸਮਾਗਮ ਦੌਰਾਨ ਵਿਰਾਸਤੀ ਗੁਰਬਾਣੀ ਸੰਗੀਤ ਦੀ ਪੇਸ਼ਕਾਰੀ ਕਰਨ ਦਾ ਮਾਣ ਮਿਲਿਆ ਹੈ।ਭਾਈ ਬਲਦੀਪ ਸਿੰਘ ਸ਼ਾਮ 4:30 ਤੋਂ 5:35 ਵਜੇ ਤੱਕ ਗਾਇਨ ਕਰਨਗੇ। ਇਸ ਸਮਾਗਮ ਵਿੱਚ ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੀ ਹਾਜ਼ਰੀ ਹੋਣ ਦੀ ਜਾਣਕਾਰੀ ਦਿੱਤੀ ਗਈ ਹੈ। ਸਮਾਗਮ ਗਾਂਧੀ ਸਮ੍ਰਿਤੀ ਅਤੇ ਦਰਸ਼ਨ ਸਮਿਤੀ ਦੇ ਉਪ-ਚੇਅਰਮੈਨ ਵਿਜੇ ਗੋਇਲ ਦੀ ਮੇਜ਼ਬਾਨੀ ਹੇਠ ਹੋਵੇਗਾ। ਇਸ ਮੌਕੇ ਦਾ ਸਬੰਧ ਲਗਭਗ ਅੱਠ ਦਹਾਕੇ ਪੁਰਾਣੀ ਪਰਵਾਰਕ ਵਿਰਾਸਤ ਨਾਲ ਜੁੜਿਆ ਹੈ। ਮਹਾਤਮਾ ਗਾਂਧੀ ਦੇ ਦੇਹਾਂਤ ਤੋਂ ਬਾਅਦ 1948 ਵਿੱਚ ਭਾਈ ਬਲਦੀਪ ਸਿੰਘ ਦੇ ਵੱਡੇ-ਵਡੇਰੇ ਅਤੇ ਆਜ਼ਾਦੀ ਘੁਲਾਟੀਏ ਭਾਈ ਸਾਹਿਬ ਜਵਾਲਾ ਸਿੰਘ ਠੱਠਾ ਟਿੱਬਾ ਨੇ ਬਿਰਲਾ ਹਾਊਸ ਵਿਖੇ ਅੱਠ ਦਿਨ ਤੱਕ ਵਿਰਾਸਤੀ ਗੁਰਬਾਣੀ ਸੰਗੀਤ ਦਾ ਗਾਇਨ ਕੀਤਾ ਸੀ। ਇਸ ਉਪਰੰਤ ਨੌਂਵੇਂ ਦਿਨ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਭੋਗ ਸਮਾਗਮ ਹੋਇਆ ਸੀ।

ਪਰਵਾਰਕ ਬਜ਼ੁਰਗਾਂ ਅਨੁਸਾਰ ਭਾਈ ਸਾਹਿਬ ਜਵਾਲਾ ਸਿੰਘ ਨੇ ਸਰਦਾਰ ਵੱਲਭ ਭਾਈ ਪਟੇਲ ਦੇ ਭਾਸ਼ਣ ਤੋਂ ਪਹਿਲਾਂ ਵੀ ਗਾਇਨ ਕੀਤਾ ਸੀ। ਹੁਣ ਉਸੇ ਇਤਿਹਾਸਕ ਸਥਾਨ 'ਤੇ ਪਰਵਾਰ ਦੀ ਅਗਲੀ ਪੀੜ੍ਹੀ ਵੱਲੋਂ ਗੁਰਬਾਣੀ ਸੰਗੀਤ ਦੀ ਪੇਸ਼ਕਾਰੀ ਨੂੰ ਵਿਰਾਸਤ ਦੀ ਨਿਰੰਤਰਤਾ ਵਜੋਂ ਦੇਖਿਆ ਜਾ ਰਿਹਾ ਹੈ।

ਭਾਈ ਬਲਦੀਪ ਸਿੰਘ ਨੇ ਇਸ ਮੌਕੇ ਨੂੰ ਆਪਣੇ ਵੱਡੇ-ਵਡੇਰਿਆਂ ਦੀ ਵਿਰਾਸਤ ਨਾਲ ਜੁੜਿਆ ਮਾਣ ਦੱਸਦਿਆਂ ਸ਼ੁਕਰਾਨਾ ਪ੍ਰਗਟ ਕੀਤਾ।



# ਫਰਾਲਾ ਵਿਖੇ ਦੁਸਹਿਰੇ ਦੇ ਸੰਬੰਧ 'ਚ ਝੰਡਾ ਚੜ੍ਹਾਉਣ ਦੀ ਰਸਮ ਕੀਤੀ ਅਦਾ



**ਬੰਗਾ (ਅਵਤਾਰ ਕਲੇਰ)** ਪਿੰਡ ਫਰਾਲਾ ਵਿਖੇ 20 ਅਕਤੂਬਰ ਨੂੰ ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀ ਤੇ ਸਮੂਹ ਨਗਰ ਵਾਸੀਆਂ ਦੇ ਪੂਰਨ ਸਹਿਯੋਗ ਨਾਲ ਦੁਸਹਿਰੇ ਦਾ ਪਵਿੱਤਰ ਤਿਉਹਾਰ ਸਰਬ ਧਰਮ ਮਹਾਂ ਸਭਾ ਫਰਾਲਾ ਵਲੋਂ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਬਲਵੀਰ ਸਿੰਘ ਬਾਲੀ ਅਟਵਾਲ, ਰਾਮ ਮੂਰਤੀ ਸ੍ਰੀਧਰ, ਜਨਾਬ ਇਕਬਾਲ ਮੁਹੰਮਦ, ਮਨਦੀਪ ਤਲਵਾਰ,ਜੱਸਾ ਮਾਨ,ਰਾਜੂ ਨੰਬਰਦਾਰ, ਅਮਰਜੀਤ, ਸਾਬੀ ਅਟਵਾਲ, ਇੰਪੂ ਸਹੋਤਾ, ਡਾ. ਵਿੱਕੀ, ਡਾਇਰੈਕਟਰ ਜਸਵਿੰਦਰ ਸਿੰਘ ਅਟਵਾਲ,ਜਰਨੈਲ ਨੰਗਲ, ਖੁਸ਼ਵਿੰਦਰ ਸਿੰਘ ਸੋਨੀ, ਡਾ. ਵਿੱਕੀ, ਗੁਰਪ੍ਰੀਤ ਸਿੰਘ ਆਦਿ ਪ੍ਰਬੰਧਕਾਂ ਨੇ ਦੱਸਿਆ ਕਿ ਦੁਸਹਿਰੇ ਵਿਚ ਸਜਾਈਆਂ ਜਾਣ ਵਾਲੀਆਂ ਝਾਕੀਆਂ ਦਰਸ਼ਕਾਂ ਦੇ ਖਿੱਚ ਦਾ ਕੇਂਦਰ ਬਣਨਗੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਵਾਰ ਦਾ ਦੁਸਹਿਰਾ ਸਰਬ ਧਰਮ ਮਹਾਂ ਸਭਾ ਦੇ ਵਿਛੜ ਗਏ ਪ੍ਰਧਾਨ ਸਵ: ਹਰਭਜਨ ਸਿੰਘ ਅਟਵਾਲ ਦੀ ਯਾਦਗਾਰ ਨੂੰ ਸਮਰਪਿਤ ਹੋਵੇਗਾ। ਇਸ ਮੌਕੇ ਡਾ. ਕਮਲੇਸ਼ ਜੋਸ਼ੀ, ਪਰਮਜੀਤ, ਸੋਨੂੰ ਰਾਣਾ, ਸੋਨੀ, ਸੁਰਿੰਦਰ ਪਾਲ, ਵਿਵੇਕ ਕੁਮਾਰ, ਗੁਰਪ੍ਰੀਤ ਅਟਵਾਲ, ਸੈਕਟਰੀ, ਇਕਬਾਲ ਮੁਹੰਮਦ ਆਦਿ ਹਾਜ਼ਰ ਸਨ।

# ਕੈਬਨਿਟ ਮੰਤਰੀ ਨੇ ਸੜਕ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ

**ਜਲੰਧਰ (ਸੁਰਿੰਦਰ ਕੁਮਾਰ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਸਥਾਨਕ ਬਸਤੀ ਗੁਜ਼ਾਂ ਇਲਾਕੇ ਵਿੱਚ 18.46 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨੂੰ ਬਿਹਤਰ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੜਕਾਂ, ਸੀਵਰੇਜ ਸਿਸਟਮ, ਸਟ੍ਰੀਟ ਲਾਈਟਾਂ ਅਤੇ ਹੋਰ ਜਨਤਕ ਸੁਵਿਧਾਵਾਂ ਨੂੰ ਯੋਜਨਾਬੱਧ ਢੰਗ ਨਾਲ ਵਿਕਸਿਤ ਕਰਨਾ ਸਰਕਾਰ ਦੀਆਂ ਮੁੱਖ ਤਰਜੀਹਾਂ ਵਿੱਚ ਸ਼ਾਮਲ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਵਿਕਾਸ ਦੇ ਏਜੰਡੇ ਨੂੰ ਅੱਗੇ ਵਧਾਉਂਦਿਆਂ ਲੋਕਾਂ ਦੀਆਂ ਜ਼ਰੂਰਤਾਂ ਅਤੇ ਸਥਾਨਕ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼ਹਿਰਾਂ ਅਤੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਇਲਾਕਾ ਵਾਸੀਆਂ ਅਤੇ ਹੋਰਨਾਂ ਆਉਣ-ਜਾਣ ਵਾਲਿਆਂ ਨੂੰ ਵੀ ਆਵਾਜਾਈ ਵਿੱਚ ਆਸਾਨੀ ਹੋਵੇਗੀ ਅਤੇ ਲੋਕਾਂ ਨੂੰ ਬਿਹਤਰ ਸੜਕੀ ਸਹੂਲਤ ਮਿਲੇਗੀ। ਭਗਤ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਿਰਮਾਣ ਕਾਰਜ ਵਿੱਚ ਗੁਣਵੱਤਾ ਮਾਪਦੰਡਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਂਦਿਆਂ ਸੜਕੀ ਪ੍ਰਾਜੈਕਟ ਨੂੰ ਨਿਰਧਾਰਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ।



# ਵਿਧਾਇਕ ਨੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਵੰਡੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪੰਜਾਬ ਸਰਕਾਰ ਵੱਲੋ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦੇ ਮੁਫ਼ਤ ਅਤੇ ਕੈਸ਼ਲੈੱਸ ਇਲਾਜ ਵਾਲੇ ਸਿਹਤ ਕਾਰਡ ਮੁਹੱਈਆ ਕਰਵਾਏ ਹਨ ਜਿਹਨਾਂ ਦੀ ਸਹਾਇਤਾ ਨਾਲ ਬਹੁਤ ਸਾਰੇ ਬਜ਼ੁਰਗਾਂ ਨੇ ਗੋਡਿਆ ਦਾ ਅਤੇ ਦਿਲ ਦੇ ਰੋਗਾਂ ਦਾ ਇਲਾਜ ਕਰਵਾਇਆ। ਹਲਕਾ ਨਕੋਦਰ ਦੇ ਵਿਧਾਇਕ ਇੰਦਰਜੀਤ ਕੌਰ ਮਾਨ ਵੱਲੋਂ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਇਹਨਾਂ ਮੈਡੀਕਲ ਕਾਰਡਾਂ ਨੂੰ ਵੰਡਣ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਜਿਸ ਦੇ ਤਹਿਤ ਨਕੋਦਰ, ਪਿੰਡ ਉੱਗੀ ਅਤੇ ਕੰਗ ਸਾਹਬੂ ਵਿਖੇ ਇਹ ਮੈਡੀਕਲ ਕਾਰਡ ਵੰਡੇ ਗਏ। ਇਸ ਮੌਕੇ ਤੇ ਬੀਬੀ ਮਾਨ ਨੇ ਆਖਿਆ ਜਲੰਧਰ ਦੇ ਵੱਡੇ ਹਸਪਤਾਲ, ਨਕੋਦਰ ਦਾ ਕਮਲ ਹਸਪਤਾਲ ਜਿੱਥੇ ਇਹ ਇਲਾਜ ਮਿਲ ਰਿਹਾ। ਜਿੱਥੇ ਮੈਡੀਕਲ ਕਾਰਡ ਰਾਹੀ ਲੋਕਾਂ ਦਾ ਭਲਾ ਹੋ ਰਿਹਾ ਹੈ ਅਗਰ ਕੋਈ ਦਿੱਕਤ ਹੋਵੇ ਤਾਂ ਤੁਸੀ ਸਾਡੇ ਨਾਲ ਸੰਪਰਕ ਕਰ ਸਕਦੇ ਹੋ। ਬੀਬੀ ਮਾਨ ਕਿਹਾ ਕਿ ਅਜੇ ਵੀ ਜਿਹਨਾਂ ਦੇ ਇਹ ਮੈਡੀਕਲ ਕਾਰਡ ਨਹੀ ਬਣੇ ਉਹ ਹੁਣ ਵੀ ਇਹ ਮੈਡੀਕਲ ਕਾਰਡ ਬਣਵਾ ਸਕਦਾ ਹੈ।ਇਸ ਮੌਕੇ ਵੱਖ-ਵੱਖ ਸਿਵਲ ਹਸਪਤਾਲਾਂ ਦਾ ਸਟਾਫ, ਆਸ਼ਾਵਰਕਰ ਅਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਹਾਜ਼ਰ ਸੀ।



# ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਮਨਾਇਆ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸਰਕਾਰੀ ਪ੍ਰਾਇਮਰੀ ਸਕੂਲ ਬਹਿਰਾਮ ਸਰਿਸ਼ਤਾ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਵਸ ਤੇ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਭਗਤ ਸਿੰਘ ਦੇ ਜੀਵਨ ਬਾਰੇ ਦੱਸਿਆ ਗਿਆ। ਇਸ ਮੌਕੇ ਤੇ ਮੁੱਖ ਅਧਿਆਪਕਾ ਇੰਦਰਪਾਲ ਕੌਰ ਨੇ ਬੱਚਿਆਂ ਨੂੰ ਉਹਨਾਂ ਦੇ ਜੀਵਨ ਤੋਂ ਸੇਧ ਲੈਣ ਲਈ ਅਤੇ ਆਪਣੇ ਦੇਸ਼ ਨਾਲ ਪਿਆਰ ਕਰਨ ਦਾ ਸੁਨੇਹਾ ਦਿੱਤਾ। ਇਸ ਮੌਕੇ ਅਧਿਆਪਕ ਰਮਨਦੀਪ ਸਿੰਘ ਵਾਰਿਸ, ਜਸਵਿੰਦਰ ਕੌਰ ਤੇ ਅੰਮ੍ਰਿਤਪਾਲ ਕੌਰ ਵੀ ਹਾਜ਼ਰ ਸਨ।

